ਸਿੱਖ ਇਤਿਹਾਸ ਬਾਰੇ

ਪ੍ਰੋ: ਗੰਡਾ ਸਿੰਘ 'ਕੰਵਲ'

ਰੀਸਰਚ ਸਕਾਲਰ ਖ਼ਾਲਸਾ ਕਾਲਜ

ਅੰਮ੍ਰਿਤਸਰ

2/-

ਲਾਹੌਰ ਬੁਕ ਸ਼ਾਪ

ਅੰਮ੍ਰਿਤਸਰ

ਹਿੰਦ ਮਾਰਕੀਟ

ਲਾਹੌਰ

ਨਿਸਬਤ ਰੋਡ ਤੇ ਮੋਹਨ ਲਾਲ ਰੋਡ

Baljeet Singh Ropar

ਸਿਖ ਇਤਿਹਾਸ ਬਾਰੇ

2

ਸਿੱਖ ਇਤਿਹਾਸ ਬਾਰੇ

ਪ੍ਰੋ: ਗੰਡਾ ਸਿੰਘ 'ਕੇਵਲ'
ਰੀਸਰਚ ਸਕਾਲਰ ਖ਼ਾਲਸਾ ਕਾਲਜ
ਅੰਮ੍ਰਿਤਸਰ

2/-

ਲਾਹੌਰ ਬੁਕ ਸ਼ਾਪ

ਅੰਮ੍ਰਿਤਸਰ
ਿਵ ਮਾਰਕੀਟ

ਲਾਹੌਰ
ਨਿਸਬਤ ਰੋਡ ਤੇ ਮੋਹਨ ਲਾਲ ਰੋਡ

ਸੂਚੀ

ਗੁਰੂ ਅਰਜਨ ਦੀ ਸ਼ਹਾਦਤ

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਕੇਵਲ ਤੇ ਅਸਲੀ ਕਾਰਣ ਚੰਦੂ ਲਾਲ ਦੀ ਉਨ੍ਹਾਂ ਨਾਲ ਦੁਸ਼ਮਨੀ ਹੀ ਨਹੀਂ ਸੀ ਬਲਕਿ ਉਨ੍ਹਾਂ ਦੇ ਧਾਰਮਕ ਪ੍ਰਚਾਰ ਦੇ ਕਾਰਣ ਦਿਨੋਂ ਦਿਨ ਹਿੰਦੂਆਂ ਮੁਸਲਮਾਨਾਂ ਦੇ ਜ਼ਿਆਦਾ ਤੋਂ ਜ਼ਿਆਦਾ ਸਿਖ ਬਣੀ ਜਾ ਰਹੇ ਹੋਣ ਕਰਕੇ ਜਹਾਂਗੀਰ ਬਾਦਸ਼ਾਹ ਦਾ ਧਾਰਮਕ ਤਅੱਸਬ ਸੀ। ਇਸ ਦੇ ਨਾਲ ਹੀ ਰਾਜਸੀ ਨੁਕਤੇ ਤੋਂ ਭੀ ਉਹ ਵਧ ਰਹੀ ਸਿਖ ਲਹਿਰ ਤੇ ਤਾਕਤ ਨੂੰ ਦਬਾ ਦੇਣਾ ਚਾਹੁੰਦਾ ਸੀ।

ਜਹਾਂਗੀਰ ਵੱਡੀ ਉਮਰ ਵਿਚ ਭਾਵੇਂ ਜ਼ਰਾ ਖੁਲ੍ਹ-ਦਿਲਾ ਹੋ ਗਿਆ ਸੀ ਪਰ ਚੜ੍ਹਦੀ ਉਮਰੇ ਇਕ ਤਅੱਸਬੀ ਮੁਸਲਮਾਨ ਸੀ, ਜਿਸ ਗੱਲ ਦੀ ਗਵਾਹੀ ਲਈ ਉਸ ਦੀ ਲਿਖਤ ਵਿਚੋਂ ਬਹੁਤ ਸਾਰੇ ਹਵਾਲੇ ਦਿਤੇ ਜਾ ਸਕਦੇ ਹਨ। ਉਹ ਇਸਲਾਮ ਤੋਂ ਬਿਨਾਂ ਕਿਸੇ ਹੋਰ ਧਰਮ ਦੇ ਮੰਨਣ ਵਾਲਿਆਂ ਨੂੰ ਬਿਲਕੁਲ ਚੰਗਾ ਨਹੀਂ ਸੀ ਸਮਝਦਾ ਜਾਪਦਾ, ਕਿਉਂਕਿ ਆਪਣੀ ਲਿਖਤ ਵਿਚ ਉਹ ਦੂਜਿਆਂ ਨੂੰ ਗਾਲ੍ਹੀਆਂ ਕਢਣੋਂ ਭੀ ਸੰਕੋਚ ਨਹੀਂ ਕਰਦਾ, ਜੋ ਕਿ ਇਤਨੇ ਵੱਡੇ ਬਾਦਸ਼ਾਹ ਨੂੰ ਕਦਾਚਿਤ ਨਹੀਂ ਸੋਭਦਾ। ਦੂਜੇ ਧਰਮਾਂ ਵਾਲਿਆਂ ਨੂੰ ਮੁਸਲਮਾਨ ਬਨਾਉਣ ਦੀ ਉਸ ਦੇ ਦਿਲ ਵਿਚ ਡਾਢੀ ਲਾਲਸਾ ਦਿਸਦੀ ਹੈ। ਸਿਖ ਧਰਮ ਸੰਬੰਧੀ ਉਹ ਸੁਣ ਚੁਕਿਆ ਹੋਇਆ ਸੀ ਤੇ ਉਹ ਇਹ ਨਹੀਂ ਸੀ ਚਾਹੁੰਦਾ ਕਿ ਪਵਿਤ੍ਰਤਾ ਤੇ ਵਡਿਆਈ ਵਾਲੇ ਬੰਦੇ ਇਸਲਾਮ ਤੋਂ ਬਿਨਾ ਕਿਸੇ ਦੂਜੇ ਮਤ ਵਿਚ ਭੀ ਹੋਣ। ਇਸ ਕਰਕੇ ਉਹ ਕਿਤਨੇ ਚਿਰ ਤੋਂ

ਗੁਰੂ ਅਰਜਨ ਸਾਹਿਬ ਨੂੰ ਇਸਲਾਮ ਵਿਚ ਲਿਆਉਣ ਦਾ ਖ਼ਿਆਲ ਧਾਰੀ ਬੈਠਾ ਸੀ, ਪਰ ਮੌਕਾ ਹੱਥ ਆਉਂਦਾ ਨਹੀਂ ਸੀ ਦਿਸਦਾ। ਉਹ ਇਹ ਕਿਸੇ ਬਹਾਨੇ ਦੀ ਆੜ ਵਿਚ ਕਰਨਾ ਚਾਹੁੰਦਾ ਸੀ ਤੇ ਹਰ ਵੇਲੇ ਉਸ ਦੀ ਭਾਲ ਵਿਚ ਸੀ ਜੁ ਉਸ ਨੂੰ ਖ਼ੁਸਰੋ ਦੀ ਬਗਾਵਤ ਵੇਲੇ ਮਿਲ ਗਿਆ। ਚੰਦੂ ਦੀ ਕਹੀ ਜਾਂਦੀ ਦੁਸ਼ਮਨੀ ਕੋਈ ਜ਼ਿਆਦਾ ਅਰਥ ਨਹੀਂ ਰਖਦੀ। ਹਾਂ ਉਸ ਦਾ ਹਥ ਕੇਵਲ ਗੁਰੂ ਅਰਜਨ ਸਾਹਿਬ ਦੇ ਖ਼ੁਸਰੋ ਨੂੰ ਤਿਲਕ ਦੇਣ ਯਾ ਉਸ ਦੇ ਹੱਕ ਵਿਚ ਦੁਆ ਕਰਨ ਆਦਿ ਦੀਆਂ ਸ਼ਿਕਾਇਤਾਂ ਕਰਨ ਯਾ ਕਰਨ ਵਾਲਿਆਂ ਨੂੰ ਪੱਟੀ ਪੜ੍ਹਾਉਣ ਯਾ ਉਨ੍ਹਾਂ ਦੀਆਂ ਆਖੀਆਂ ਗੱਲਾਂ ਦੀ ਪੁਸ਼ਟੀ ਕਰਨ ਵਿਚ ਹੋਵੇ ਤਾਂ ਭਾਵੇਂ ਹੋਵੇ ਯਾ ਜੇਹਲ ਵਿਚ ਉਨ੍ਹਾਂ ਨੂੰ ਤਸੀਹੇ ਆਦਿ ਦੇਣ ਦਿਲਾਉਣ ਵਿਚ ਦੋਸੀ ਹੋਵੇ। ਇਹ ਤਾਂ ਇਕ ਆਮ ਗੱਲ ਹੈ, ਛੋਟੇ ਅਫ਼ਸਰ ਆਪਣੇ ਵੱਡਿਆਂ ਨੂੰ ਖ਼ੁਸ਼ ਕਰਨ ਲਈ ਕੀ ਕੁਝ ਨਹੀਂ ਕਰ ਗੁਜ਼ਰਦੇ ? ਪਰ ਇਹ ਗੱਲ ਸਾਫ਼ ਹੈ ਕਿ ਛੋਟੇ ਅਫ਼ਸਰ ਨੂੰ ਕਦੀ ਕੋਈ ਤੱਦੀ ਕਰਨ ਦਾ ਹੌਸਲਾ ਨਹੀਂ ਪੈਂਦਾ ਜਦ ਤਕ ਕਿ ਉਸ ਨੂੰ ਪਿਛੋਂ ਕੋਈ ਵੱਡਾ ਅਫ਼ਸਰ ਹੁਕਮ ਯਾ ਸ਼ਹਿ ਦੇਣ ਵਾਲਾ ਨਾ ਹੋਵੇ, ਜਿਸ ਨੂੰ ਕਿ ਖੁਸ਼ ਕਰਨਾ ਉਸ ਨੂੰ ਲੋੜੀਦਾ ਹੋਵੇ।

ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਤੇ ਉਨ੍ਹਾਂ ਨੂੰ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਬਾਦਸ਼ਾਹ ਜਹਾਂਗੀਰ ਨੇ ਆਪ ਦਿਤਾ ਹੈ ਤੇ ਉਹ ਭੀ ਉਨ੍ਹਾਂ ਪਰ ਲਗਾਏ ਗਏ ਦੋਸਾਂ ਦੀ ਪੁਛ ਪੜਤਾਲ ਕੀਤੇ ਬਿਨਾ ਹੀ ਕਿ ਅਸਲੀਅਤ ਕੀ ਹੈ। ਅਸਲ ਵਿਚ ਖ਼ੁਸਰੋ ਨੇ ਗੋਇੰਦਵਾਲੋਂ ਦਰਿਆ ਪਾਰ ਹੋ ਕੇ ਲੰਘਦੇ ਹੋਏ ਇਕ ਸਾਧਾਰਣ ਯਾਤ੍ਰੀ ਦੀ ਹੈਸੀਅਤ ਵਿਚ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਸਨ ਤੇ ਲੰਗਰੋਂ ਪ੍ਰਸਾਦ ਛਕ ਕੇ ਅਗਾਂਹ ਲੰਘ ਗਿਆ ਸੀ। ਖ਼ਾਸ ਗੁਰੂ ਸਾਹਿਬ ਵਲੋਂ ਨਾ ਤਾਂ ਉਸ ਨੂੰ ਕੋਈ ਤਿਲਕ ਹੀ ਦਿਤਾ ਗਿਆ ਸੀ ਤੇ ਨਾ ਹੀ ਉਸਦੀ ਜਿਤ ਲਈ ਕੋਈ ਖ਼ਾਸ ਦੁਆ (ਅਰਦਾਸ) ਉਸ ਦੇ ਹੱਕ ਵਿਚ ਕੀਤੀ ਗਈ ਸੀ, ਸਿਵਾਏ ਉਸ ਅਸੀਸ ਦੇ ਜੋ ਕਿ ਗੁਰੂ ਸਾਹਿਬ ਦਰਸ਼ਨ ਲਈ ਆਏ ਹਰ ਕਿਸੀ ਦਰਸ਼ਕ ਨੂੰ

ਦਿੰਦੇ ਸਨ। ਬਾਕੀ ਸਭ ਕੁਝ ਮਨਘੜਤ ਊਜਾਂ ਹਨ ਜਿਸ ਪੁਰ ਖੁਲ੍ਹੀ ਵਿਚਾਰ ਜਹਾਂਗੀਰ ਦੀ ਲਿਖਤ ਦੇ ਉਲਥੇ ਦੇ ਪਿਛੋ ਕੀਤੀ ਗਈ ਹੈ।

ਅਸੀ ਇਥੇ ਜੋ ਕੁਝ ਭੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਸੰਬੰਧੀ ਲਿਖ ਰਹੇ ਹਾਂ, ਉੱਕਾ ਹੀ ਇਤਿਹਾਸਕ ਨੁਕਤੇ ਤੋਂ ਲਿਖ ਰਹੇ ਹਾਂ। ਸਾਡਾ ਇਹ ਮਤਲਬ ਬਿਲਕੁਲ ਨਹੀਂ ਕਿ ਸਿੱਖਾਂ ਤੇ ਮੁਸਲਮਾਨਾਂ ਵਿਚ ਖਿਚਾ-ਖਿਚੀ ਵਧੇ, ਬਲਕਿ ਕੇਵਲ ਇਹ ਕਿ ਇਕ ਚਲੀ ਆ ਰਹੀ ਇਤਿਹਾਸਕ ਭੁੱਲ ਦੂਰ ਹੋ ਜਾਵੇ।

ਗੁਰੂ ਅਰਜਨ ਸੰਬੰਧੀ ਜਹਾਂਗੀਰ ਆਪਣੀ ਖੁਦ-ਲਿਖੀ ਜੀਵਨੀ 'ਤੁਜ਼ਕਿ ਜਹਾਂਗੀਰੀ' ਵਿਚ ਲਿਖਦਾ ਹੈ :

در گوئندوال کہ بر کنار دریای بیاہ واقع است ہندوی بود ارجن نام در لباس پیری و شیخی
چنانچہ بسیاری از سادہ لوحان ہنود بلکہ نادانان و سفیہان اسلام را مقید اطوار و اوضاع خود ساختہ
کوس پیری و ولایت را بلند آوازہ گردانیدہ بود و او را گرو میگفتند و از اطراف و جوانب گولان و گول
پرستان بدو رجوع آوردہ اعتقاد تمام باو اظہار میکردند سہ چہار پشت این دوکان را گرم
میداشتند مدتہا بخاطر میگذشت کہ این دوکان باطل را بر طرف باید ساخت یا او را در جرگہ اہل اسلام
می باید آورد تا آنکہ درین ایام خسرو از آن راہ عبور نمود این مردک مجہول ارادہ کرد کہ ملازمت او را
دریابد در منزلی کہ جا و مقام او بود خسرو را نزول افتاد آمدہ او را دید و بعضی مقدمات فرا یافتہ باد
رسانید و بر پیشانی او انگشتی از زعفران کہ بہ اصطلاح ہنودان قشقہ گویند کشیدہ و آنرا شگون
میدانند چون این مقدمہ بمسامع جاہ و جلال رسید و بطلان او را بوجہ اکمل میدانستم امر کردم کہ
او را حاضر ساختند و مساکن و منازل و فرزندان او را بمرتضی خان عنایت نمودم و اسباب و
اموال او را بہ قید ضبط در آوردہ فرمودم کہ او را بسیاست و یاسا رسانند۔
(توزک جہانگیری مطبوعہ نولکشور پریس لکھنؤ صفحہ ۳۵)

ਅਰਥਾਤ:-ਗੋਇੰਦ ਵਾਲ ਵਿੱਚ ਜੋ ਕਿ ਬਿਆਹ (ਬਿਆਸਾ) ਦਰਿਆ ਦੇ ਕੰਢੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ ਅਰਜਨ ਨਾਮ ਇਕ ਹਿੰਦੂ ਸੀ। ਉਸਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ (ਧਾਰਮਕ ਰਹਿਤ ਬਹਿਤ) ਦਾ ਸਿਦਕੀ ਬਣਾ ਕੇ ਆਪਣੀ ਬੁਜ਼ੁਰਗੀ ਤੇ ਈਸ਼ਵਰ-ਨਾਲ-ਨਜ਼ਦੀਕੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ (ਬਹੁਤ ਮਸ਼ਾਹੂਰੀ ਪ੍ਰਾਪਤ ਕੀਤੀ ਹੋਈ ਸੀ)। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫ਼ਰੇਬੀ ਤੇ ਫ਼ਰੇਬ ਦੇ ਪੁਜਾਰੀ ਉਸ ਪਾਸ਼ ਆ ਕੇ ਉਸ (ਗੁਰੂ) ਉਤੇ ਪੂਰਾ ਪੂਰਾ ਇਤਕਾਦ (ਸਿਦਕ, ਭਰੋਸਾ) ਜ਼ਾਹਿਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਯਾ ਉਸ (ਗੁਰੂ) ਨੂੰ ਮੁਸਲਮਾਨਾਂ ਦੇ ਮਤ ਵਿਚ ਲਿਆਉਣਾ ਚਾਹੀਦਾ ਹੈ। ਇਥੋਂ ਤਕ ਕਿ ਇਨ੍ਹਾਂ ਦਿਨਾਂ ਵਿਚ ਹੀ ਖ਼ੁਸਰੋ ਇਥੋਂ ਦੀ ਦਰਿਆ ਪਾਰ ਹੋਇਆ। ਇਸ ਜਾਹਲ ਤੇ ਹਕੀਰ ਆਦਮੀ ਨੇ ਇਰਾਦਾ ਕੀਤਾ ਕਿ ਸਦਾ ਉਸ ਦੇ ਨਜ਼ਦੀਕ ਰਹੇ। ਉਸ ਥਾਂ ਤੇ ਜਿਥੇ ਕਿ ਉਸ ਦੇ ਰਹਿਣ ਦੀ ਥਾਂ ਸੀ, ਖ਼ੁਸਰੋ ਨੇ ਪੜਾਓ ਕੀਤਾ। ਇਹ ਉਸ ਨੂੰ ਮਿਲਿਆ ਤੇ ਕਈ ਪਹਿਲੇ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਅਤੇ ਕੇਸਰ ਨਾਲ ਇਕ ਉਂਗਲੀ (ਨਾਲ ਲਕੀਰ) ਉਸ ਦੇ ਮੱਥੇ ਤੇ ਖਿੱਚੀ ਜਿਸ ਨੂੰ ਕਿ ਹਿੰਦੂ ਤਿਲਕ ਕਹਿੰਦੇ ਤੇ ਚੰਗਾ ਸਗਨ ਜਾਣਦੇ ਹਨ।

ਜਦ ਇਹ ਗੱਲ ਮੇਰੀ ਕੰਨੀਂ ਪਈ, ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਦਿਤਾ ਕਿ ਉਸ (ਗੁਰੂ ਅਰਜਨ) ਨੂੰ ਹਾਜ਼ਰ ਕਰਨ ਤੇ ਉਸ ਦੇ

ਘਰ ਘਾਟ ਤੇ ਬਚਿਆਂ ਨੂੰ ਮੁਰਤਜ਼ਾ ਖਾਨ ਨੂੰ ਬਖ਼ਸ਼ ਦਿਤਾ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਡਰੌਣ, ਮਾਰਨ, ਸਜ਼ਾ ਦੇਣ, ਅਤੇ ਤਸੀਹੇ ਦੇ ਕੇ ਕਤਲ ਕਰ ਦੇਣ;

ਇਸੇ ਸਿਲਸਿਲੇ ਵਿਚ ਜਹਾਂਗੀਰ ਲਿਖਦਾ ਹੈ :

ਅਤੇ, ਦੂਜਿਆਂ ਦੋ ਬਾਬਤ ਜਿਨ੍ਹਾਂ ਦਾ ਨਾਮ ਰਾਜੂ ਤੇ ਅੰਬਾ ਸੀ ਤੇ ਜਿਨ੍ਹਾਂ ਨੇ ਖ਼੍ਵਾਜਾ ਸਰਾ ਦੌਲਤ ਖ਼ਾਨ ਦੀ ਸਹਾਇਤਾ ਦੀ ਆੜ ਵਿਚ ਬਹੁਤ ਜ਼ੁਲਮ ਤੇ ਅਤਿਆਚਾਰ ਕੀਤੇ ਸਨ ਤੇ ਜਦ ਖ਼ੁਸਰੋ ਲਾਹੌਰ ਦੇ ਨਜ਼ਦੀਕ ਸੀ ਤਾਂ (ਇਨ੍ਹਾਂ) ਬਹੁਤ ਹਥ ਪੈਰ ਮਾਰੇ ਤੇ ਬੇ-ਅਦਬੀਆਂ (ਮਾਰਾਂ ਧਾੜਾਂ) ਕੀਤੀਆਂ ਸਨ, ਮੈਂ ਹੁਕਮ ਦਿਤਾ ਕਿ ਰਾਜੂ ਨੂੰ ਤਾਂ ਫਾਂਸੀ ਦੇ ਦੇਣ ਤੇ ਅੰਬਾ ਤੋਂ ਜੋ ਧਨਾਢ ਕਰਕੇ ਮਸ਼ਹੂਰ ਸੀ, ਜੁਰਮਾਨਾ ਲੈਣ। ਇਕ ਲੱਖ ਪੰਦਰਾਂ ਹਜ਼ਾਰ ਰੁਪਿਆ ਉਸ ਪਾਸੋਂ ਵਸੂਲ ਹੋਇਆ। ਉਨ੍ਹਾਂ ਰੁਪਿਆਂ ਬਾਬਤ ਮੈਂ ਹੁਕਮ ਕੀਤਾ ਕਿ ਉਹ ਤੋਪ ਖ਼ਾਨੇ ਤੇ ਖੈਰਾਤ (ਦਾਨ) ਦੇ ਕੰਮਾਂ ਵਿਚ ਖ਼ਰਚ ਕੀਤੇ ਜਾਣ।

(ਤੁਜ਼ਕਿ-ਜਹਾਂਗੀਰੀ)

ਜਹਾਂਗੀਰ ਬਾਦਸ਼ਾਹ—

ਜਹਾਂਗੀਰ ਆਪਣੇ ਬਹੁਤ ਸਾਰੇ ਕੰਮਾਂ ਵਿਚ ਅਪਣੇ ਬਾਪ ਅਕਬਰ ਬਾਦਸ਼ਾਹ ਦੇ ਬਿਲਕੁਲ ਉਲਟ ਸੀ, ਪਰ ਧਾਰਮਕ ਵਿਚਾਰਾਂ ਵਿਚ ਤਾਂ ਦੋਹਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ। ਅਕਬਰ ਨੇ ਜਿੱਥੇ ਸਾਰੇ ਧਰਮਾਂ ਨੂੰ ਚੰਗਾ ਜਾਣਦੇ ਹੋਏ ਆਪਣੀ ਹਕੂਮਤ ਨੂੰ ਪੱਕਿਆਂ ਕਰਨ ਲਈ ਅਪਣੇ ਵਿਚਾਰ ਅਨੁਸਾਰ ਇਕ ਨਵੇਂ ਧਰਮ ਦੀ ਬੁਨਿਆਦ ਰੱਖ ਕੇ ਇਸਲਾਮੀ ਤਅੱਸਬ ਨੂੰ ਦੂਰ ਹਟਾ ਲੋਕਾਂ ਨੂੰ ਖੁਸ਼ ਕਰਨ ਦੀ ਪਾਲਿਸੀ ਅਖ਼ਤਿਆਰ ਕੀਤੀ ਸੀ, ਜਹਾਂਗੀਰ ਬਿਲਕੁਲ ਉਸ ਦੇ ਵਿਰੁਧ ਇਸਲਾਮੀ ਤਅੱਸਬ ਦਾ ਪੁਤਲਾ ਸੀ ਤੇ ਆਪਣੇ ਬਾਪ ਦੇ ਧਾਰਮਕ ਵਿਚਾਰਾਂ ਦੇ ਕਾਰਣ

ਉਸ ਦਾ ਅੰਦਰੋ ਅੰਦਰੀ ਸਖਤ ਵਿਰੋਧੀ ਸੀ; ਇਸ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਜਹਾਂਗੀਰ ਨੇ ਆਪਣੇ ਬਾਪ ਦੇ ਨਵੇਂ ਧਰਮ ਚਲਾਉਣ ਦੇ ਇਰਾਦੇ ਵਿਚ ਮਦਦ ਕਰਨ ਵਾਲੇ ਉਸ ਦੇ ਇਕ ਪੱਕੇ ਦੋਸਤ ਅਬੁਲ ਫ਼ਜ਼ਲ ਨੂੰ ਮਰਵਾ ਦਿੱਤਾ ਸੀ। ਇਹ ਭੀ ਕਿਹਾ ਜਾਂਦਾ ਹੈ ਕਿ ਚੂੰਕਿ ਅਕਬਰ ਦਾ ਜਹਾਂਗੀਰ ਦੇ ਪੁੱਤਰ ਖ਼ੁਸਰੋ ਨੂੰ ਬਾਦਸ਼ਾਹੀ ਦੇਣ ਦਾ ਖ਼ਿਆਲ ਸੀ, ਇਸ ਲਈ ਉਹ ਆਪਣੇ ਬਾਪ ਦਾ ਦੁਸ਼ਮਨ ਸੀ ਤੇ ਮੁਸਲਮਾਨਾਂ ਨੂੰ ਆਪਣੇ ਹੱਕ ਵਿਚ ਕਰਨ ਲਈ ਆਪਣੇ ਆਪ ਨੂੰ ਪੱਕਾ ਮੋਮਨ ਦੱਸਣਾ ਤੇ ਗ਼ੈਰ ਮੁਸਲਮਾਨਾਂ ਦਾ ਵੈਰੀ ਪ੍ਰਗਟ ਕਰਨਾ ਚਾਹੁੰਦਾ ਸੀ। ਇਸੇ ਤਰ੍ਹਾਂ ਹੀ ਉਹ ਸਿੱਖ ਗੁਰੂ ਸਾਹਿਬਾਂ ਦਾ ਭੀ ਅੰਦਰੋ ਅੰਦਰੀ ਦੁਸ਼ਮਨ ਸੀ। ਚੂੰਕਿ ਅਕਬਰ ਨੇ ਗੁਰੂ ਰਾਮਦਾਸ ਸਾਹਿਬ ਦੇ ਦਰਸ਼ਨ ਕੀਤੇ ਸਨ ਤੇ ਉਨ੍ਹਾਂ ਨੂੰ ਕਿਤਨੀ ਸਾਰੀ ਜ਼ਮੀਨ ਦਾ ਪਟਾ ਵੀ ਲਿਖ ਦਿਤਾ ਸੀ, ਇਹਦੇ ਨਾਲ ਹੀ ਉਸ ਨੇ ਗੁਰੂ ਅਰਜਨ ਦੇ ਕਹਿਣ ਅਨੁਸਾਰ ਲੋਕਾਂ ਦੀ ਤਕਲੀਫ਼ ਨੂੰ ਮਹਿਸੂਸ ਕਰਕੇ ਆਖਰੀ ਵਾਰੀ ਪੰਜਾਬੋਂ ਮੁੜਦੇ ਹੋਏ ਦਸ ਬਾਰਾਂ ਫ਼ੀ ਸਦੀ ਮਾਮਲਾ ਮਾਫ ਕਰ ਦਿੱਤਾ ਸੀ, ਇਸ ਕਰਕੇ ਜਹਾਂਗੀਰ ਦੇ ਦਿਲ ਵਿਚ ਇਹ ਗੱਲ ਰੜਕ ਰਹੀ ਸੀ ਤੇ ਨਾਲੇ ਸ਼ੱਕ ਭੀ ਪੈ ਗਿਆ ਹੋਣਾ ਹੈ ਕਿ ਗੁਰੂ ਸਾਹਿਬ ਨੇ ਅਕਬਰ ਨੂੰ ਅਸਲੀ ਇਸਲਾਮ ਤੋਂ ਬਹੁਤ ਹੱਦ ਤਕ ਮੂੰਹ ਫੇਰਨ ਲਈ ਉਕਸਾਇਆ ਹੈ। ਇਸ ਦੇ ਨਾਲ ਹੀ ਉਹ ਇਹ ਭੀ ਦੇਖ ਰਿਹਾ ਸੀ ਕਿ ਹਿੰਦੂਆਂ ਦੇ ਨਾਲ ਅੰਦਰੋ ਅੰਦਰੀ ਬਹੁਤ ਸਾਰੇ ਮੁਸਲਮਾਨ ਭੀ ਗੁਰੂ ਸਾਹਿਬ ਦੇ ਮੁਰੀਦ ਬਣੀ ਜਾ ਰਹੇ ਹਨ ਤੇ ਇਕ ਨਵੀਂ ਧਾਰਮਕ ਲਹਿਰ ਜ਼ੋਰ ਫੜਦੀ ਜਾ ਰਹੀ ਹੈ, ਅਤੇ ਜੇਕਰ ਉਹ ਖੁਲ੍ਹਮ-ਖੁਲ੍ਹਾ ਸਿਖ ਨਹੀਂ ਬਣਦੇ ਸਨ ਤਾਂ ਕੇਵਲ ਹਕੂਮਤ ਦੇ ਡਰ ਕਰਕੇ। ਇਸ ਕਰਕੇ ਉਸ ਨੂੰ ਹੋਰ ਭੀ ਖਿੜ ਫੁਟ ਰਹੀ ਸੀ ਕਿਉਂਕਿ ਉਹ ਹਰ ਇਕ ਨਵੀਂ ਲਹਿਰ ਨੂੰ ਦਬਾਉਣਾ ਚਾਹੁੰਦਾ ਸੀ। ਇਸ ਤੋਂ ਬਿਨਾਂ ਰਾਜਸੀ ਨੁਕਤਾ-ਨਿਗਾਹ ਤੋਂ ਭੀ ਉਸ ਨੂੰ ਗੁਰੂ ਸਾਹਿਬਾਂ ਦੀ ਦਿਨੋ ਦਿਨ ਵਧ ਰਹੀ ਤਾਕਤ ਤੋਂ ਖ਼ਤਰਾ ਭਾਸਦਾ

ਸੀ । ਗੱਲ ਕੀ, ਤਿੰਨ ਗੱਲਾਂ ਸਨ ਜਿਸ ਕਰਕੇ ਉਹ ਸਿਖ ਲਹਿਰ ਨੂੰ ਦਬਾਉਣਾ ਚਾਹੁੰਦਾ ਸੀ । ਪਹਿਲੀ, ਅਕਬਰ ਦੇ ਗੁਰੂ ਸਾਹਿਬਾਂ ਨਾਲ ਮੇਲ-ਮਿਲਾਪ, ਜ਼ਮੀਨ ਦਾ ਪਟਾ ਲਿਖ ਦੇਣ ਤੇ ਮਾਮਲਾ ਭਰਨ ਕਰਕੇ ਪਏ ਹੋਏ ਸ਼ਕ ਦੇ ਕਾਰਣ ਕਿਰੜ; ਦੂਸਰੀ, ਮੁਸਲਮਾਨਾਂ ਦੇ ਸਿਖ ਬਣੀ ਜਾ ਰਹੇ ਹੋਣ ਕਰਕੇ ਮਜ਼ਬੀ ਤਅੱਸਬ ਕਰਕੇ ਗੁੱਸਾ; ਤੀਸਰੀ, ਵਧ ਰਹੀ ਸਿਖ ਤਾਕਤ ਦੇ ਕਾਰਣ ਪੈ ਰਿਹਾ ਡਰ। ਪਰ ਜ਼ਿਆਦਾ ਗੁੱਸਾ ਉਸ ਨੂੰ ਧਾਰਮਕ ਤਅੱਸਬ ਕਰਕੇ ਸੀ ਜੋ ਉਸ ਦੀ ਲਿਖਤ ਦੇ ਅੱਖਰ ਅੱਖਰ ਤੋਂ ਡੁਲ੍ਹ ਰਿਹਾ ਹੈ । ਇਸ ਕਰਕੇ ਕਈ ਵਾਰੀ ਉਸ ਦੇ ਦਿਲ ਵਿਚ ਖ਼ਿਆਲ ਆਇਆ ਕਿ ਇਸ ਸਿਖ ਲਹਿਰ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਤੇ ਜਾਂ ਗੁਰੂ ਅਰਜਨ ਸਾਹਿਬ ਨੂੰ ਮੁਸਲਮਾਨ ਕਰ ਲੈਣਾ ਚਾਹੀਦਾ ਹੈ। ਪਰ ਉਹ ਆਪਣੇ ਆਪ ਨੂੰ ਜ਼ਾਲਮ ਭੀ ਨਹੀਂ ਸੀ ਪ੍ਰਗਟ ਕਰਨਾ ਚਾਹੁੰਦਾ, ਇਸ ਲਈ ਉਹ ਕਿਸੇ ਬਹਾਨੇ ਦੀ ਭਾਲ ਵਿਚ ਸੀ ਜੋ ਉਸ ਨੂੰ ਖੁਸਰੋ ਦੀ ਬਗਾਵਤ ਵੇਲੇ ਹਥ ਲਗ ਗਿਆ ।

ਗੁਰੂ ਅਰਜਨ ਤੇ ਖ਼ੁਸਰੋ—

ਜਿਸ ਤਰ੍ਹਾਂ ਅਸੀਂ ਮੋਹਸਨ ਫ਼ਾਨੀ ਦੇ 'ਨਾਨਕ ਪੰਥੀ' *ਲੇਖ ਉਤੇ ਵਿਚਾਰ ਕਰਦੇ ਹੋਏ ਲਿਖਿਆ ਹੈ, ਜਹਾਂਗੀਰ ਦਾ ਇਹ ਲਿਖਣਾ ਗ਼ਲਤ ਹੈ ਕਿ ਗੁਰੂ ਅਰਜਨ ਸਾਹਿਬ ਨੇ ਖ਼ੁਸਰੋ ਨੂੰ ਜਦ ਕਿ ਉਹ ਗੋਇੰਦਵਾਲ ਆਕੇ ਠਹਿਰਿਆ ਸੀ, ਕੁਝ ਪਹਿਲੇ ਮਿਥੀਆਂ ਹੋਈਆਂ ਗੱਲਾਂ ਕਹੀਆਂ ਤੇ ਕੇਸਰ ਦੀ ਉਂਗਲੀ ਨਾਲ ਖ਼ੁਸਰੋ ਦੇ ਮੱਥੇ ਤੇ ਤਿਲਕ ਲਾਇਆ । ਏਸੇ ਤਰਾਂ ਹੀ ਦੂਜੇ ਇਤਿਹਾਸਕਾਰਾਂ ਦਾ ਇਹ ਕਹਿਣਾ ਭੀ ਠੀਕ ਨਹੀਂ ਹੈ ਕਿ ਗੁਰੂ ਸਾਹਿਬ ਨੇ ਉਸ ਨੂੰ ਪੰਜ ਹਜ਼ਾਰ ਰੁਪਿਆ ਰਾਹ-ਖ਼ਰਚ

* ਇਹ ਲੇਖ ਜਰਨਲ ਔਫ ਇੰਡੀਅਨ ਹਿਸਟ੍ਰੀ ਦੇ ਪਰਚੇ ਵਿਚ ਛਪਿਆ ਸੀ ਅਤੇ ਅਸਲ ਫ਼ਾਰਸੀ ਸਮੇਤ ਵਖਰੀ ਪੁਸਤਕ ਦੀ ਸ਼ਕਲ ਵਿਚ ਭੀ ਛਪਿਆ ਹੋਇਆ ਹੈ। ਗੁਰਮੁਖੀ ਵਿਚ ਫੁਲਵਾੜੀ ਦੇ ੧੯੩੧ ਦੇ ਪਰਚਿਆਂ ਵਿਚ ਛਪਿਆ ਸੀ।

ਲਈ ਦਿੱਤਾ ਤੇ ਉਸ ਦੇ ਹੱਕ ਵਿਚ ਕਾਮਯਾਬੀ ਲਈ ਦੁਆ (ਅਰਦਾਸ) ਕੀਤੀ। ਬਾਦਸ਼ਾਹ ਜਹਾਂਗੀਰ ਬਾਗ਼ੀ ਸ਼ਾਹਜ਼ਾਦਾ ਖ਼ੁਸਰੋ ਦੇ ਪਿੱਛੇ ਪਿੱਛੇ ਆ ਰਿਹਾ ਸੀ ਤੇ ਜਿੱਥੇ ਭੀ ਕਿਧਰੇ ਉਸ ਨੂੰ ਖ਼ੁਸਰੋ ਦੇ ਹਿਮਾਇਤੀ ਦਾ ਪਤਾ ਲੱਗਦਾ ਸੀ ਝੱਟ ਉੱਥੇ ਦੀ ਪਕੜ ਮੰਗਾਉਂਦਾ ਤੇ ਉਸ ਨੂੰ ਟਿਕਾਣੇ ਲਾ ਕੇ ਅੱਗੇ ਤੁਰਦਾ ਸੀ, ਜਿਸ ਤਰ੍ਹਾਂ ਕਿ ਉਸ ਨੇ ਸ਼ੇਖ ਨਿਜ਼ਾਮ ਥਾਨੇਸਰੀ ਨਾਲ ਕੀਤਾ ਕਿ ਥਾਨੇਸਰੋਂ ਅੱਗੇ ਨੂੰ ਤੁਰਨ ਤੋਂ ਪਹਿਲਾਂ ਹੀ ਉਸ ਨੂੰ ਹਿੰਦੁਸਤਾਨ ਚੋਂ ਬਾਹਰ ਕੱਢ ਦੇਣ ਦਾ ਹੁਕਮ ਦੇ ਦਿੱਤਾ ਸੀ। ਜਹਾਂਗੀਰ ਗੋਇੰਦਵਾਲ ਵਿਚ ਦੀ ਲੰਘਦਾ ਤਰਨ ਤਾਰਨ ਵਿਚਦੀ ਹੁੰਦਾ ਹੋਇਆ ਲਾਹੌਰ ਨੂੰ ਜਾਂਦਾ ਹੈ। ਗੁਰੂ ਅਰਜਨ ਸਾਹਿਬ ਦੇ ਖ਼ੁਸਰੋ ਨੂੰ ਤਿਲਕ ਤੇ ਸਹਾਇਤਾ ਦੇਣ ਦੀ ਉਸ ਨੂੰ ਗੋਇੰਦਵਾਲ ਅਤੇ ਸਾਰੇ ਰਸਤੇ ਵਿਚ ਕਿਧਰੇ ਖ਼ਬਰ ਨਹੀਂ ਲਗਦੀ। ਕਿਉਂਕਿ ਜੇ ਉਸ ਨੂੰ ਖ਼ਬਰ ਲਗ ਗਈ ਹੁੰਦੀ ਤਾਂ ਉਹ ਜੇ ਉਨ੍ਹਾਂ ਨੂੰ ਉਥੇ ਸਜ਼ਾ ਨਾ ਦੇ ਆਉਂਦਾ ਤਾਂ ਘੱਟੋ ਘਟ ਕੈਦ ਕਰਕੇ ਨਾਲ ਜ਼ਰੂਰ ਲੈ ਆਉਂਦਾ। ਓਸ ਨੂੰ ਕਿਸੇ ਦਾ ਡਰ ਤਾਂ ਹੈ ਨਹੀਂ ਸੀ ਤੇ ਨਾ ਹੀ ਸਿਖ ਹਾਲ ਤਕ ਸ਼ਸਤਰ-ਧਾਰੀ ਬਣੇ ਸਨ ਕਿ ਉਸ ਨੂੰ ਲੜਾਈ ਝਗੜੇ ਦਾ ਕੋਈ ਖ਼ਤਰਾ ਹੁੰਦਾ। ਦੂਜੇ ਇਹ ਗਲ ਕੋਈ ਐਸੀ ਭੀ ਨਹੀਂ ਸੀ ਕਿ ਛੁਪੀ ਰਹਿ ਸਕਦੀ ਹੁੰਦੀ ਯਾ ਸੂਹਿਆਂ ਨੂੰ ਪਤਾ ਨਾ ਲੱਗਾ ਹੋਵੇ, ਯਾ ਉਨ੍ਹਾਂ ਨੂੰ ਬਾਦਸ਼ਾਹ ਦੇ ਕੰਨਾਂ ਤਕ ਪਹੁੰਚਾਣ ਦਾ ਮੌਕਾ ਨਾ ਮਿਲਿਆ ਹੋਵੇ। ਬਾਦਸ਼ਾਹ ਤਾਂ ਚੜ੍ਹਿਆ ਹੀ ਏਸੇ ਲਈ ਆ ਰਿਹਾ ਸੀ ਕਿ ਖ਼ੁਸਰੋ ਦੀ ਬਗ਼ਾਵਤ ਨੂੰ ਮਿਟਾਵੇ ਤੇ ਉਸ ਦੇ ਸਾਥੀਆਂ ਅਤੇ ਹਮਾਇਤੀਆਂ ਨੂੰ ਦੰਡ ਦੇਵੇ; ਤਾਂ ਫਿਰ ਇਹ ਕਿਸਤਰ੍ਹਾਂ ਹੋ ਸਕਦਾ ਹੈ ਕਿ ਉਸ ਨੂੰ ਇਸ ਗੱਲ ਦਾ ਪਤਾ ਨਾ ਲੱਗਦਾ ਅਤੇ ਜੇ ਪਤਾ ਲੱਗ ਗਿਆ ਸੀ ਤਾਂ ਚੁੱਪ ਕਰਕੇ ਲਾਹੌਰ ਨੂੰ ਤੁਰ ਜਾਂਦਾ ਜਦ ਕਿ ਉਸ ਲਈ ਖ਼ੁਸਰੋ ਦੇ ਫੜੇ ਜਾ ਚੁਕਣ ਦੀ ਖ਼ਬਰ ਮਿਲ ਜਾਣ ਕਰਕੇ ਅੱਗੇ ਕੋਈ ਜ਼ਿਆਦਾ ਖ਼ਤਰੇ ਯਾ ਖਿੱਚ ਵਾਲੀ ਗੱਲ ਹੀ ਨਹੀਂ ਰਹੀ ਸੀ।

ਬਾਦਸ਼ਾਹ ਜਹਾਂਗੀਰ ਲਾਹੌਰ ਪੁੱਜ ਜਾਂਦਾ ਹੈ, ਖੁਸਰੋ ਤੇ ਉਸਦੇ ਸਾਥੀਆਂ ਹਮੈਤੀਆਂ ਨੂੰ ਸਜ਼ਾਵਾਂ ਭੀ ਮਿਲ ਚੁਕਦੀਆਂ ਹਨ। ਹਸਨ ਬੇਗ, ਅਬਦੁਲ ਰਹੀਮ ਤੇ ਹੋਰ ਦੂਜੇ ਸਾਥੀ ਗਾਈਆਂ ਖੋਤਿਆਂ ਤੇ ਕੁੱਤਿਆਂ ਦੀਆਂ ਖੱਲਾਂ ਵਿਚ ਮੜ੍ਹਕੇ ਬਾਜ਼ਾਰਾਂ ਵਿਚ ਫੇਰੇ ਤੇ ਮਾਰੇ ਜਾ ਚੁਕਦੇ ਹਨ, ਪਰ ਗੁਰੂ ਅਰਜਨ ਸਾਹਿਬ ਦਾ ਕੋਈ ਨਾਮ ਤਕ ਨਹੀਂ ਲੈਂਦਾ। ਭਾਵੇਂ ਖ਼ੁਸਰੋ ਦੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਦਾ ਪਤਾ ਤਾਂ ਜ਼ਰੂਰ ਲਗ ਗਿਆ ਹੋਣਾ ਹੈ ਪਰ ਚੂੰਕਿ ਖ਼ੁਸਰੋ ਇਕ ਮਾਮੂਲੀ ਯਾਤ੍ਰੀ ਦੀ ਹੈਸੀਅਤ ਵਿਚ ਮਥਾ ਟੇਕ ਕੇ ਅੱਗੇ ਲੰਘ ਗਿਆ ਸੀ ਤੇ ਕੋਈ ਹੋਰ ਐਸੀ ਗਲ ਨਹੀਂ ਸੀ ਹੋਈ ਜਿਸ ਨੂੰ ਰਾਜਸੀ ਰੰਗਤ ਚਾੜ੍ਹੀ ਜਾ ਸਕਦੀ, ਇਸ ਲਈ ਕੋਈ ਸ਼ਿਕਾਇਤ ਕਿਧਰਿਓਂ ਨਾ ਹੋਈ ਤੇ ਨਾਂ ਹੀ ਬਾਦਸ਼ਾਹ ਨੂੰ ਇਸ ਗੱਲ ਦੇ ਦੂਜੇ ਉਲਟੇ ਅਰਥ ਕਢਣ ਦੀ ਸੁਝੀ।

ਝੂਠੀ ਊਜ—

ਅਚਾਨਕ ਹੀ ਸਾਰੇ ਪਾਸੀਂ ਸ਼ਾਂਤੀ ਹੋ ਚੁਕਣ ਪਿਛੋਂ ਏਹ ਸ਼ਿਕਾਇਤ ਉੱਗਮ ਪੈਂਦੀ ਹੈ, ਜਿਸ ਤੋਂ ਸਾਫ਼ ਪਤਾ ਲਗਦਾ ਹੈ ਕਿ ਖ਼ੁਸਰੋ ਨੂੰ ਖ਼ਾਸ ਗੁਰੂ ਸਾਹਿਬ ਵਲੋਂ ਤਿਲਕ, ਰੁਪਿਆ ਤੇ ਦੁਆ ਦੇਣ ਦੀ ਗੱਲ ਝੂਠੀ ਊਜ ਹੈ ਤੇ ਉਸ ਵੇਲੇ ਘੜੀ ਗਈ ਜਾਪਦੀ ਹੈ ਜਦ ਕਿ ਜਹਾਂਗੀਰ ਵੇਹਲਾ ਹੋ ਕੇ ਲਾਹੌਰੋਂ ਤੁਰ ਜਾਣ ਦੀ ਤਿਆਰੀ ਵਿਚ ਸੀ। ਇਸ ਵੇਲੇ ਗੁਰੂ ਸਾਹਿਬ ਦੇ ਦੋਖੀ ਬ੍ਰਾਹਮਣਾਂ, ਮੁਲਾਣਿਆਂ, ਪਿਰਥੀਏ ਜਾਂ ਚੰਦੂ ਨੇ ਚੁਗਲੀ ਖਾਧੀ। ਸਵਾਲ ਉਠਦਾ ਹੈ ਕਿ ਇਹ ਚੁਗਲੀ ਪਹਿਲਾਂ ਉਸ ਵੇਲੇ ਕਿਉਂ ਨਾ ਕੀਤੀ ਗਈ ਜਦ ਕਿ ਜਹਾਂਗੀਰ ਗੋਇੰਦ ਵਾਲ ਜਾਂ ਲਾਹੌਰ ਦੇ ਰਸਤੇ ਵਿਚ ਸੀ; ਇਸਦਾ ਸਾਫ਼ ਉੱਤਰ ਇਹ ਹੈ ਕਿ ਬਾਦਸ਼ਾਹ ਉਸ ਵੇਲੇ ਮੌਕੇ ਤੇ ਸੀ ਜਿਥੋਂ ਕਿ ਮਾਮੂਲੀ ਤਹਿਕੀਕਾਤ ਨਾਲ ਭੀ ਭੇਦ ਖੁਲ੍ਹ ਜਾਣ ਦਾ ਡਰ ਸੀ, ਇਸ ਕਰਕੇ ਉਹ ਉਸ ਵੇਲੇ ਕੋਈ ਝੂਠੀ ਸ਼ਿਕਾਇਤ ਕਰਨਾ ਖਤਰੇ ਤੋਂ ਖ਼ਾਲੀ ਨਹੀਂ ਸਮਝਦੇ ਸਨ। ਹੁਣ ਚੂੰਕਿ ਉਹ ਲਾਹੌਰੋਂ ਅੱਗੇ ਨੂੰ ਤੁਰ ਜਾਣ ਦੀ ਤਿਆਰੀ ਵਿਚ ਸੀ ਇਸ ਲਈ ਉਸ ਪਾਸੋਂ ਹੁਕਮ ਕਰਵਾ

ਲੈਣਾ ਜ਼ਿਆਦਾ ਸੌਖਾ ਸੀ।

ਚੁਗਲੀ ਕਿਨ ਖਾਧੀ ?–

ਬਾਕੀ ਰਿਹਾ ਇਹ ਸਵਾਲ ਕਿ ਸ਼ਿਕਾਇਤ ਕਿਸ ਕੀਤੀ ? ਇਸ ਗੱਲ ਨੂੰ ਨਾ ਤਾਂ ਜਹਾਂਗੀਰ ਨੇ ਹੀ ਸਾਫ਼ ਕੀਤਾ ਹੈ ਤੇ ਨਾ ਕਿਸੇ ਹੋਰ ਸਮਕਾਲੀ ਲਿਖਾਰੀ ਨੇ ਇਸ ਉੱਤੇ ਕੋਈ ਚਾਨਣਾ ਪਾਇਆ ਹੈ। ਇਸ ਸੰਬੰਧੀ ਕੇਵਲ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਉਸ ਵੇਲੇ ਇਕ ਤਾਂ ਮੁੱਲਾਂ, ਬਾਹਮਣ ਸਿਖੀ ਪ੍ਰਚਾਰ ਕਰਕੇ ਗੁਰੂ ਸਾਹਿਬ ਦੇ ਵਿਰੋਧੀ ਸਨ ਤੇ ਦੂਜੇ ਉਨ੍ਹਾਂ ਦਾ ਆਪਣਾ ਭਾਈ ਪਿਰਥੀਆ ਉਨ੍ਹਾਂ ਦੀ ਜਾਨ ਦਾ ਵੈਰੀ ਹੋ ਰਿਹਾ ਸੀ ਤੇ ਕਈ ਵਾਰੀ ਸ਼ਿਕਾਇਤਾਂ ਕਰ ਤੇ ਕਰਵਾ ਚੁੱਕਾ ਸੀ। ਪਰ ਹੁਣ ਆਪਣੇ ਮਿੱਤਰ ਸੁਲਹੀ ਖਾਨ ਦੇ ਮਰ ਚੁਕੇ ਹੋਣ ਕਰਕੇ ਠੰਢਾ ਪਿਆ ਹੋਇਆ ਸੀ। ਚੰਦੂ ਭੀ ਆਪਣੇ ਦਿਲੀ ਗੁੱਸੇ ਨਾਲ ਪਿਆ ਸੜ ਰਿਹਾ ਤੇ ਗੁਰੂ ਸਾਹਿਬ ਨੂੰ ਕਿਸੇ ਫੰਧੇ ਵਿਚ ਫਸਾਉਣ ਲਈ ਮੌਕੇ ਦੀ ਤਾੜ ਵਿਚ ਸੀ। ਹੋ ਸਕਦਾ ਹੈ ਕਿ ਮੁੱਲਾਂ ਤੇ ਬਾਹਮਣਾਂ ਨੇ ਆਪੇ ਹੀ ਯਾ ਪਿਰਥੀਏ ਦੀ ਚੁੱਕ ਨਾਲ ਇਹ ਸ਼ਿਕਾਇਤ ਕੀਤੀ ਹੋਵੇ ਤੇ ਚੰਦੂ ਲਾਲ ਨੇ ਇਸਦੀ ਪੁਸ਼ਟੀ ਕੀਤੀ ਹੋਵੇ ਤੇ ਯਾ ਇਹ ਕਿ ਮੁੱਲਾਂ ਬਾਹਮਣਾਂ ਤੇ ਪਿਰਥੀਏ ਦੇ ਵਿਚੋਂ ਕਿਸੇ ਇਕ ਯਾ ਸਾਰਿਆਂ ਦੇ ਸਲਾਹ ਕਰਕੇ ਕਹਿਣ ਨਾਲ ਚੰਦੂ ਦੀ ਰਾਹੀਂ ਯਾ ਜ਼ਬਾਨੀ ਕੀਤੀ ਗਈ ਹੋਵੇ। ਕੁਝ ਭੀ ਹੋਵੇ ਇਹ ਸ਼ਰਾਰਤ ਇਕੱਲੇ ਚੰਦੂ ਦੀ ਹੀ ਨਹੀਂ ਹੋ ਸਕਦੀ। ਇਹ ਕਈਆਂ ਦਿਮਾਗ਼ਾਂ ਦੀ ਸੋਚ, ਘਾੜਤ ਤੇ ਉਕਸਾਹਟ ਦਾ ਨਤੀਜਾ ਹੈ, ਜਿਸ ਵਿਚ ਚੰਦੂ ਦਾ ਹੱਥ ਹੈ ਤਾਂ ਜ਼ਰੂਰ, ਪਰ ਸ਼ਿਕਾਇਤ ਦੀ ਸੋਚ ਤੇ ਘਾੜਤ ਤੋਂ ਲੈ ਕੇ ਗੁਰੂ ਸਾਹਿਬ ਦੀ ਸ਼ਹੀਦੀ ਤਕ ਸਾਰਾ ਹੀ ਦੋਸ਼ ਉੱਕਾ ਉਸ ਦਾ ਨਹੀਂ ਤੇ ਨਾ ਹੀ ਉਹ ਜਹਾਂਗੀਰ ਨਾਲ ਇਤਨਾ ਜ਼ਿਆਦਾ ਰਸੂਖ ਵਾਲਾ ਕੋਈ ਵੱਡਾ ਅਫ਼ਸਰ ਸੀ ਕਿ ਉਹ ਇਹ ਸਭ ਕੁਝ ਕਰਵਾ ਸਕਦਾ ਹੋਵੇ। 'ਤੁਜ਼ਕਿ-ਜਹਾਂਗੀਰੀ', 'ਜਹਾਂਗੀਰ-ਨਾਮਾ' ਅਤੇ ਕਿਸੇ ਭੀ ਹੋਰ ਸਮਕਾਲੀ ਫ਼ਾਰਸੀ ਇਤਿਹਾਸ ਵਿਚ ਉਸਦਾ ਨਾਮ ਤਕ ਨਹੀਂ ਦਿਸਦਾ।

ਚੰਦੂ—

ਚੰਦੂ ਦੀ ਲੜਕੀ ਦਾ ਸਾਕ ਦਿੱਲੀ ਤੋਂ ਆਉਂਦਾ ਹੈ ਤੇ ਦਿੱਲੀ ਦੀ ਹੀ ਸੰਗਤ ਦੇ ਇਹ ਕਹਿਣ ਪਰ ਕਿ ਉਸ ਨੇ ਗੁਰੂ ਜੀ ਸੰਬੰਧੀ ਬੇ-ਅਦਬੀ ਭਰੇ ਬੋਲ ਬੋਲੇ ਹਨ ਸਾਕ ਮੋੜਿਆ ਜਾਂਦਾ ਹੈ, ਪਰ ਜਦ ਚੁਗ਼ਲੀ ਹੁੰਦੀ ਹੈ ਅਤੇ ਗੁਰੂ ਜੀ ਨੂੰ ਕੈਦ ਕਰਕੇ ਲਿਆਂਦਾ ਜਾਂਦਾ ਹੈ ਤਾਂ ਉਹ ਲਾਹੌਰ ਆ ਮੌਜੂਦ ਹੁੰਦਾ ਹੈ ਤੇ ਜਦ ਫਿਰ ਗੁਰੂ ਹਰਿਗੋਬਿੰਦ ਗਵਾਲੀਆਰ ਦੇ ਕਿਲ੍ਹੇ ਤੋਂ ਰਿਹਾ ਹੁੰਦੇ ਹਨ ਤਾਂ ਉਸਨੂੰ ਫੇਰ ਅਸੀਂ ਦਿਲੀ ਵਿਚ ਦੇਖਦੇ ਹਾਂ। ਗੱਲ ਕੀ ਜਿੱਥੇ ਗੁਰੂ ਸਾਹਿਬਾਂ ਸੰਬੰਧੀ ਕੋਈ ਗੱਲ-ਬਾਤ ਹੁੰਦੀ ਹੈ ਓਥੇ ਹੀ ਚੰਦੂ ਖੜਾ ਦੱਸਿਆ ਜਾਂਦਾ ਹੈ। ਮੈਕਾਲਫ਼ ਸਾਹਿਬ ਦੇ ਕਥਨ ਅਨੁਸਾਰੀ ਚੰਦੂ ਪੰਜਾਬ ਦਾ ਰਹਿਣਵਾਲਾ ਸੀ ਤੇ ਮੁਗ਼ਲ ਬਾਦਸ਼ਾਹ ਦਾ (Financial Minister) ਅਰਥਾਤ ਦੀਵਾਨ ਹੋਣ ਕਰਕੇ ਦਿੱਲੀ ਰਹਿੰਦਾ ਸੀ। ਪਰ, ਇਹ ਗੱਲ ਠੀਕ ਨਹੀਂ ਜਾਪਦੀ, ਕਿਉਂਕਿ ਇਸ ਹਾਲਤ ਵਿਚ ਉਸ ਦਾ ਗੁਰੂ ਮਹਾਰਾਜ ਦੇ ਮਾਮਲੇ ਵਿਚ ਕੋਈ ਦਖ਼ਲ ਨਹੀਂ ਹੋ ਸਕਦਾ ਸੀ। ਇਹ ਕੰਮ ਫ਼ੌਜ ਯਾ ਪੁਲਸ ਦੇ ਮਹਿਕਮੇ ਦਾ ਹੈ। ਪ੍ਰਤੀਤ ਹੁੰਦੀ ਹੈ ਕਿ ਚੰਦੂ ਲਾਹੌਰ ਦਾ ਕੋਈ ਕੋਤਵਾਲ ਯਾ ਛੋਟਾ ਮੋਟਾ ਪੁਲਸ ਅਫ਼ਸਰ ਹੋਣਾ ਹੈ ਯਾ ਕੋਈ ਧੰਨਾਢ ਸ਼ਾਹੂਕਾਰ। ਗੁਰੂ ਸਾਹਿਬ ਨੂੰ ਬਾਦਸ਼ਾਹ ਵਲੋਂ ਤਸੀਹੇ ਦੇ ਕੇ ਮਾਰਨ ਦਾ ਹੁਕਮ ਉਸ ਨੇ ਜ਼ਿਆਦਾ ਸਖਤੀ ਨਾਲ ਬਜਾਇਆ ਹੈ, ਗੁਰੂ ਸਾਹਿਬ ਨੂੰ ਜ਼ਿਆਦਾ ਤਸੀਹੇ ਦੇਣ ਦੀ ਉਕਸਾਹਟ ਦਿਤੀ ਹੈ, ਇਹ ਉਸਦਾ ਕਸੂਰ ਹੈ, ਪਰ ਉਹ ਆਪਣੀ ਮਰਜ਼ੀ ਨਾਲ ਗੁਰੂ ਸਾਹਿਬ ਨੂੰ ਜਾਨੋਂ ਨਹੀਂ ਮਾਰ ਸਕਦਾ ਸੀ। ਜਾਨੋਂ ਮਾਰਨ ਦਾ ਹੁਕਮ ਬਾਦਸ਼ਾਹ ਦਾ ਆਪਣਾ ਸੀ।

ਕਤਲ ਦਾ ਹੁਕਮ—

ਇਹ ਸ਼ਕਾਇਤ ਬਾਦਸ਼ਾਹ ਦੇ ਕੰਨੀਂ ਪੈਣ ਦੀ ਦੇਰ ਸੀ ਕਿ ਉਸ ਦੇ ਅੰਦਰ ਨਵੀਂ ਸਿਖ ਲਹਿਰ ਨੂੰ ਦਬਾਉਣ ਲਈ ਧੁਖ ਰਹੀ ਮਜ਼ਬੀ ਤਅੱਸਬ ਦੀ ਅੱਗ ਭੜਕ ਉੱਠੀ। ਮਾਰਸ਼ਲ ਲਾ ਤਾਂ ਲੱਗਾ ਹੀ ਹੋਇਆ ਸੀ।

ਪੜਤਾਲ ਕਿਸ ਕਰਨੀ ਸੀ ? ਤੇ ਫਿਰ ਜਹਾਂਗੀਰ ਨੇ ਜੋ ਸਿਖ ਲਹਿਰ ਨੂੰ ਬੰਦ ਕਰਨ ਤੇ ਗੁਰੂ ਅਰਜਨ ਸਾਹਿਬ ਨੂੰ ਮੁਸਲਮਾਨ ਬਨਾਉਣ ਲਈ ਮੌਕੇ ਦੀ ਤਾੜ ਵਿਚ ਬੈਠਾ ਸੀ, ਝੱਟ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਤੇ ਮਾਲ-ਅਸਬਾਬ ਤੇ ਘਰ-ਘਾਟ ਜ਼ਬਤ ਕਰਨ ਲਈ ਹੁਕਮ ਜਾਰੀ ਕੀਤਾ ਤੇ ਫੜ ਲਾਹੌਰ ਲਿਆਂਦਾ, ਤੇ ਜਦ ਉਨ੍ਹਾਂ ਦੇ ਮੁਸਲਮਾਨ ਬਣਨ ਦੀ ਕੋਈ ਆਸ ਨਾ ਦਿੱਸੀ ਤਾਂ ਉਨ੍ਹਾਂ ਨੂੰ ਡਰੌਣ, ਧਮਕੌਣ, ਮਾਰਨ ਕੁੱਟਣ ਦੀ ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦੇ ਦਿੱਤਾ ਜਿਸ ਸੰਬੰਧੀ ਉਸ ਦੇ ਇਸ ਫ਼ਿਕਰੇ ਵਿਚ ਕਿ فرمودم کہ اورا بہ سیاست و بیاسا رسانند (ਸਿਆਸਤ) سیاست ਸ਼ਬਦ ਦੇ ਅਰਥ ਡਰ, ਧਮਕੀ ਤੇ ਮਾਰ ਦੀ ਸਜ਼ਾ ਦੇਣਾ ਹਨ ਤੇ (ਯਾਸਾ) ਦੇ ਕਤਲ, ਗ਼ਾਰਤ, ਲੁੱਟ ।

ਬਾਦਸ਼ਾਹ ਜਹਾਂਗੀਰ ਦੀ ਇਸ ਆਪਣੀ ਲਿਖਤ ਦੇ ਹੁੰਦੇ ਹੋਇ, ਜਿਸ ਵਿਚ ਉਹ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਆਪ ਮੰਨਦਾ ਹੈ, ਕਿਸੀ ਦੂਜੇ ਦੇ ਸਿਰ ਤੇ ਦੋਸ਼ ਮੜ੍ਹਨਾ ਬੜੀ ਭਾਰੀ ਭੁਲ ਹੈ ।

ਜੁਰਮਾਨਾ : ਰਾਜੂ ਤੇ ਅੰਬਾ—

ਬਾਦਸ਼ਾਹ ਦੀ ਲਿਖਤ ਤੋਂ ਇਹ ਗੱਲ ਸਾਫ਼ ਹੈ ਕਿ ਉਨ੍ਹਾਂ ਨੂੰ ਸਜ਼ਾ ਕੇਵਲ ਕਤਲ ਤੇ ਘਰ ਘਾਟ ਤੇ ਮਾਲ ਅਸਬਾਬ ਜ਼ਬਤ ਕਰਨ ਦੀ ਹੀ ਮਿਲੀ ਸੀ । ਕੋਈ ਜੁਰਮਾਨਾ ਉਨ੍ਹਾਂ ਤੇ ਨਹੀਂ ਕੀਤਾ ਗਿਆ ਸੀ ।

ਇਹ ਜੁਰਮਾਨਾ ਅੰਬਾ ਨਾਮੀ ਇਕ ਹੋਰ ਆਦਮੀ ਤੇ ਕੀਤਾ ਗਿਆ ਸੀ ਜਿਸ ਦੇ ਕਿ ਸਾਥੀ ਰਾਜੂ ਨੂੰ ਫਾਂਸੀ ਦਿਤੀ ਗਈ ਸੀ । ਇਹ ਕੋਈ ਪਤਾ ਨਹੀਂ ਲਗਦਾ ਕਿ ਰਾਜੂ ਤੇ ਅੰਬਾ ਕੌਣ ਸਨ । ਸਿਖ ਇਤਿਹਾਸਕਾਰ ਤੇ ਦੂਜੇ ਸਮਕਾਲੀ ਲੇਖਕ ਇਨ੍ਹਾਂ ਬਾਬਤ ਉੱਕਾ ਹੀ ਚੁਪ ਹਨ, ਪਰ ਬਾਦਸ਼ਾਹ ਜਹਾਂਗੀਰ ਦਾ ਇਨ੍ਹਾਂ ਦੀ ਸਜ਼ਾ ਸੰਬੰਧੀ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਹਾਲ ਦੇ ਨਾਲ ਹੀ ਇਕੋ ਫ਼ਿਕਰੇ ਵਿਚ ਲਿਖਣਾ ਇਹ ਜ਼ਾਹਰ ਕਰਦਾ

ਹੈ ਕਿ ਉਨ੍ਹਾਂ ਨੂੰ ਭੀ ਸਜ਼ਾ ਓਸੇ ਵੇਲੇ ਹੀ ਮਿਲੀ ਸੀ ਜਦ ਕਿ ਗੁਰੂ ਸਾਹਿਬ ਬਾਬਤ ਬਾਦਸ਼ਾਹ ਨੇ ਹੁਕਮ ਦਿੱਤਾ ਸੀ। ਚੂੰਕਿ ਗੁਰੂ ਸਾਹਿਬ ਤੇ ਅੰਬਾ ਦੀਆਂ ਸਜ਼ਾਵਾਂ ਦੇ ਇਕੋ ਵੇਲੇ ਹੀ ਹੁਕਮ ਹੋਏ ਜਾਪਦੇ ਹਨ ਤੇ ਅੰਬਾ ਕੋਈ ਇਤਨਾ ਵੱਡਾ ਮਸ਼ਹੂਰ ਆਦਮੀ ਨਹੀਂ ਸੀ, ਇਸ ਲਈ ਪਿਛਲੇ ਕਹਿਣ ਸੁਣਨ ਵਾਲਿਆਂ ਨੇ ਜੁਰਮਾਨੇ ਦੀ ਸਜ਼ਾ ਭੀ ਗੁਰੂ ਸਾਹਿਬ ਦੇ ਨਾਮ ਨਾਲ ਹੀ ਮੜ੍ਹ ਦਿਤੀ ਤੇ ਇਥੋਂ ਹੀ 'ਦਬਿਸਤਾਨ ਮਜ਼ਾਹਬ' ਦੇ ਲਿਖਾਰੀ ਮੋਹਸਨ ਫ਼ਾਨੀ ਨੂੰ ਭੁਲੇਖਾ ਲੱਗਾ ਜਾਪਦਾ ਹੈ। ਅੰਬਾ ਉਤੇ ਜੁਰਮਾਨਾ ਦੋ ਲਖ ਹੀ ਕੀਤਾ ਗਿਆ ਪ੍ਰਤੀਤ ਹੁੰਦਾ ਹੈ ਕਿਉਂਕਿ ਇਕ ਲੱਖ ਪੰਦਰਾਂ ਹਜ਼ਾਰ ਦਾ ਵਸੂਲ ਹੋਇਆ ਹੋਣਾ ਜਹਾਂਗੀਰ ਆਪ ਲਿਖਦਾ ਹੈ।

ਸ਼ਹੀਦੀ ਕਿ ਆਤਮ ਘਾਤ ?—

ਭਾਵੇਂ ਇਸ ਦਾ ਤੁਜ਼ਕਿ-ਜਹਾਂਗੀਰੀ ਨਾਲ ਸੰਬੰਧ ਨਹੀਂ ਪਰ ਤਾਂ ਭੀ ਏਥੇ ਅਸੀਂ ਇਕ ਪੁਰਾਣੇ ਚਲੇ ਆ ਰਹੇ ਭੁਲੇਖੇ ਨੂੰ ਦੂਰ ਕਰ ਦੇਣਾ ਜ਼ਰੂਰੀ ਸਮਝਦੇ ਹਾਂ। ਸਿਖ ਇਤਿਹਾਸਕਾਰਾਂ ਤੇ ਦੂਸਰਿਆਂ ਨੇ ਇਹ ਗੱਲ ਪ੍ਰਚਲਤ ਕਰ ਰਖੀ ਹੈ ਕਿ ਜਦ ਚੰਦੂ ਗੁਰੂ ਸਾਹਿਬ ਨੂੰ ਉਬਲਦੀ ਦੇਗ ਵਿਚ ਤੇ ਤੱਤੀ ਲੋਹ ਤੇ ਬਿਠਾ ਕੇ ਅਤੇ ਉਨ੍ਹਾਂ ਦੇ ਸਰੀਰ ਤੇ ਜਲਦੀ ਰੇਤ ਪਵਾਉਣ ਪਰ ਭੀ ਉਨ੍ਹਾਂ ਨੇ ਚੰਦੂ ਦੀ ਗੱਲ ਨਾ ਮੰਨੀ ਤਾਂ ਉਸਨੇ ਗਊ ਦੀ ਇਕ ਤਾਜ਼ੀ ਖੱਲ ਉਤਰਵਾ ਲਿਆਂਦੀ ਤੇ ਗੁਰੂ ਸਾਹਿਬ ਨੂੰ ਆਖਿਆ ਕਿ ਜੇ ਹੁਣ ਭੀ ਨਾਂ ਮੰਨੋਗੇ ਤਾਂ ਤੁਹਾਨੂੰ ਇਸ ਵਿਚ ਸੀਊਂ ਦਿੱਤਾ ਜਾਵੇਗਾ। ਗੁਰੂ ਸਾਹਿਬ ਨੇ ਜਦ ਇਹ ਦੇਖਿਆ ਤਾਂ ਉਨ੍ਹਾਂ ਚੰਦੂ ਨੂੰ ਕਿਹਾ ਕਿ ਸਾਨੂੰ ਇਕ ਵਾਰ ਰਾਵੀ ਦਾ ਅਸ਼ਨਾਨ ਕਰ ਲੈਣ ਦੇ ਫੇਰ ਜੋ ਕੁਝ ਤੇਰੀ ਮਰਜ਼ੀ ਹੋਊ ਕਰ ਲਵੀਂ। ਚੰਦੂ ਨੇ ਆਗਿਆ ਦੇ ਦਿੱਤੀ। ਗੁਰੂ ਜੀ ਰਾਵੀ ਤੇ ਜਾ ਕੇ ਅਸ਼ਨਾਨ ਲਈ ਦਰਿਆ ਵਿਚ ਗਏ ਤੇ ਓਥੇ ਹੀ ਪ੍ਰਾਣ ਤਿਆਗ ਦਿਤੇ। ਕਈ ਕਹਿੰਦੇ ਹਨ ਕਿ ਓਹ ਬਾਹਰ ਆ ਕੇ ਚੜ੍ਹਾਈ ਕਰ ਗਏ। ਥੋੜੇ ਬਹੁਤੇ ਫ਼ਰਕ ਨਾਲ ਸਾਰਿਆਂ ਇਤਿਹਾਸ ਕਾਰਾਂ ਨੇ ਇਹੋ ਹੀ ਲਿਖਿਆ ਹੈ।

ਵਿਚਾਰ ਨਾਲ ਦੇਖਿਆ ਜਾਵੇ ਤਾਂ ਇਸਤੋਂ ਇਹ ਪ੍ਰਤੀਤ ਹੁੰਦਾ ਹੈ ਕਿ

ਗੁਰੂ ਸਾਹਿਬ ਨੇ ਗਊ ਦੀ ਖੱਲ ਵਿਚ ਮੜ੍ਹੇ ਜਾਣ ਤੋਂ ਡਰ ਕੇ ਰਾਵੀ ਦੇ ਅਸ਼ਨਾਨ ਦਾ ਬਹਾਨਾ ਕੀਤਾ ਤੇ ਦਰਿਆ ਵਿਚ ਜਾ ਕੇ ਖੁਦ-ਕੁਸ਼ੀ ਯਾ ਆਤਮ-ਘਾਤ ਕਰ ਲਿਆ। ਕੀ ਸਾਡੇ ਇਤਿਹਾਸ-ਕਾਰਾਂ ਦਾ ਏਹ ਹੀ ਮਤਲਬ ਹੈ ? ਤਾਂ ਫਿਰ ਸ਼ਹੀਦੀ ਤਾਂ ਨਾ ਹੋਈ, ਇਹ ਤਾਂ ਸਾਫ਼ ਖੁਦ-ਕਸ਼ੀ ਹੈ। ਕਾਸ਼ ਕਿ ਸਾਡੇ ਇਤਿਹਾਸਕਾਰ ਇਹ ਕੁਝ ਲਿਖਣ ਲੱਗੇ ਵਿਚਾਰ ਤੋਂ ਕੰਮ ਲੈਂਦੇ ਤੇ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ ਨੂੰ ਆਤਮ-ਘਾਤੀ ਬਣਾਉਣ ਦੇ ਪਾਪ ਤੋਂ ਬਚਦੇ।

ਇਹ ਕਦੀ ਹੋ ਹੀ ਨਹੀਂ ਸਕਦਾ ਕਿ ਜਿਸ ਗੁਰੂ ਅਰਜਨ ਦੇਵ ਨੇ ਉਬਲਦੀ ਦੇਗ ਵਿਚ ਬੈਠ ਕੇ ਆਪਣੇ ਆਪ ਨੂੰ ਉਬਲਵਾ ਲੈਣਾ, ਤਪਦੀ ਲੋਹ ਤੇ ਬੈਠਣਾ ਤੇ ਆਪਣੇ ਕੋਮਲ ਨੰਗੇ ਸਰੀਰ ਤੇ ਜਲਦੀ ਰੇਤ ਪਵਾ ਲੈਣਾ ਸ੍ਵੀਕਾਰ ਕਰ ਲਿਆ ਹੋਵੇ ਤੇ ਏਹ ਸਭ ਕੁਝ ਵਾਹਿਗੁਰੂ ਦਾ ਭਾਣਾ ਮੱਠਾ ਮੰਨਦੇ ਹੋਏ ਖਿੜੇ ਮੱਥੇ ਸਹਾਰਿਆ ਹੋਵੇ, ਉਨ੍ਹਾਂ ਦਾ ਦਿਲ ਖੱਲ ਵਿਚ ਸੀਤੇ ਜਾਣ ਤੋਂ ਕੰਬ ਗਿਆ ਹੋਵੇ ਤੇ ਉਨ੍ਹਾਂ ਇਸ ਤਰ੍ਹਾਂ ਦਰਿਆ ਤੇ ਜਾ ਕੇ ਸਰੀਰ ਤਿਆਗਿਆ ਹੋਵੇ।

ਗਊ ਦੀ ਕਚੀ ਖੱਲ ਵਿਚ ਮੜ੍ਹੇ ਜਾਣ ਲਈ ਖੱਲ ਜ਼ਰੂਰ ਲਿਆਂਦੀ ਗਈ ਹੋਣੀ ਹੈ, ਕਿਉਂਕਿ ਖ਼ੁਸਰੋ ਦੇ ਕੁਝ ਸਾਥੀਆਂ ਹਸਨ ਬੇਗ ਤੇ ਅਬਦੁਲ ਰਹੀਮ ਨੂੰ ਭੀ ਗਊਆਂ ਤੇ ਗਧਿਆਂ ਦੀਆਂ ਖੱਲਾਂ ਵਿਚ ਹੀ ਮੜ੍ਹਕੇ ਮਾਰਿਆ ਗਿਆ ਸੀ, ਪਰ ਗੁਰੂ ਸਾਹਿਬ ਨੂੰ ਖੱਲ ਵਿਚ ਮੜ੍ਹਨ ਤੋਂ ਪਹਿਲਾਂ ਉਨ੍ਹਾਂ ਦੇ ਛਾਲਿਆਂ ਨਾਲ ਭਰੇ ਹੋਏ ਸਰੀਰ ਨੂੰ ਦਰਿਆ ਦੇ ਠੰਢੇ ਪਾਣੀ ਵਿਚ ਨੁਹਾ ਕੇ ਹੋਰ ਜ਼ਿਆਦਾ ਤਸੀਹੇ ਦੇਣ ਲਈ ਗੁਰੂ ਜੀ ਨੂੰ ਦਰਿਆ ਤੇ ਲਿਜਾਇਆ ਗਿਆ ਜਾਪਦਾ ਹੈ। ਜਲੇ ਹੋਏ ਸਰੀਰ ਤੇ ਠੰਢੇ ਪਾਣੀ ਦਾ ਬਹੁਤ ਹੀ ਮੰਦਾ ਅਸਰ ਹੁੰਦਾ ਹੈ, ਤੇ ਬੰਦੇ ਦੇ ਸਰੀਰ ਨੂੰ ਬਹੁਤ ਜ਼ਿਆਦਾ ਕਸ਼ਟ ਪਹੁੰਚਦਾ ਹੈ ਤੇ ਆਮ ਤੌਰ ਤੇ ਜ਼ਿਆਦਾ ਸੜੇ ਹੋਇਆਂ ਦੀ ਮਿਰਤੂ ਹੋ ਜਾਂਦੀ ਹੈ। ਬਸ ਏਹ ਹੀ ਗੁਰੂ ਸਾਹਿਬ ਨਾਲ ਬੀਤੀ ਹੈ। ਇਕ ਤਾਂ ਉਬਲਦੀ ਦੇਗ ਵਿਚ ਤੇ ਤੱਤੀ ਲੋਹ ਉਤੇ ਬਿਠਾਏ ਜਾਣ ਕਰਕੇ

ਸਰੀਰ ਬਹੁਤ ਹੀ ਜਲ ਚੁਕਾ ਹੋਇਆ ਸੀ ਤੇ ਦੂਸਰੇ ਉਪਰੋਂ ਪਾਈ ਗਈ ਜਲਦੀ ਰੇਤ ਨਾਲ ਬਿਲਕੁਲ ਹੀ ਝੁਲਸਿਆ ਗਿਆ ਸੀ ਤੇ ਸਾਰੇ ਸਰੀਰ ਉਤੇ ਛਾਲੇ ਪੈ ਗਏ ਹੋਏ ਸਨ। ਕਮਜ਼ੋਰੀ ਭੀ ਬਹੁਤ ਹੋ ਗ਼ਈ ਸੀ। ਬਸ ਫੇਰ ਕੀ ਸੀ, ਰਾਵੀ ਦਾ ਠੰਢਾ ਪਾਣੀ ਉਨ੍ਹਾਂ ਦੇ ਬਿਫਰੇ ਹੋਏ ਸਰੀਰ ਨਾਲ ਛੋਹਣ ਦੀ ਦੇਰ ਸੀ ਕਿ ਗੁਰੂ ਸਾਹਿਬ ਇਸ ਕਸ਼ਟ ਨਾਲ ਸ਼ਹੀਦੀ ਪਾ ਗਏ।

ਇਸ ਗਲ ਦੀ ਪੁਸ਼ਟੀ ਸਿਖ ਦਰਬਾਰ ਦੇ ਇਤਿਹਾਸਕਾਰ ਲਾਲਾ ਸੋਹਨ ਲਾਲ ਨੇ ਆਪਣੀ ਫ਼ਾਰਸੀ ਪੁਸਤਕ 'ਅਮਦ ਤੁ-ਤਵਾਰੀਖ਼' ਵਿਚ ਕੀਤੀ ਹੈ ਜਿਥੇ ਉਹ ਲਿਖਦਾ ਹੈ :

بعد از ظہور بعضے مُقدمات ناملائم ذاتِ عالی را در بحر راوی انداختند

ਅਰਥਾਤ ਕੁਝ ਸਖਤੀਆਂ ਹੋਣ ਦੇ ਪਿੱਛੋਂ ਉਸ ਮਹਾਂ ਪੁਰਖ (ਗੁਰੂ ਸਾਹਿਬ) ਨੂੰ ਰਾਵੀ ਵਿਚ ਸੁਟਿਆ ਗਿਆ।

ਭਾਈ ਰਤਨ ਸਿੰਘ ਜੀ ਭੰਗੂ ਨੇ ਆਪਣੇ ਇਤਿਹਾਸ 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਭੀ ਸਾਫ ਲਿਖਿਆ ਹੈ ਕਿ 'ਕੇ ਗੁਰੂ ਅਰਜਨ ਦਰਿਆਇ ਨਾ ਬੋੜਿਓ' ਅਰਥਾਤ ਕੀ ਗੁਰੂ ਅਰਜਨ ਨੂੰ ਦਰਿਆ ਵਿਚ ਨਹੀਂ ਸੀ ਬੋੜਿਆ ?

ਇਨ੍ਹਾਂ ਲਿਖਤਾਂ ਤੋਂ ਇਹ ਸਾਫ਼ ਜਾਪਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਤਕ ਇਹ ਹੀ ਗੱਲ ਮੰਨੀ ਜਾਂਦੀ ਸੀ ਕਿ ਗੁਰੂ ਸਾਹਿਬ ਨੂੰ ਰਾਵੀ ਤੇ ਹਾਕਮਾਂ ਵਲੋਂ ਲਿਜਾਇਆ ਗਿਆ ਸੀ ਅਤੇ ਉਨ੍ਹਾਂ ਦੀ ਸ਼ਹੀਦੀ ਉਨ੍ਹਾਂ ਤਸੀਹਿਆਂ ਦੇ ਕਾਰਣ ਹੋਈ ਸੀ ਜੋ ਕਿ ਮਜ਼ਹਬੀ ਤਅੱਸਬ ਦੇ ਕਾਰਣ ਬਾਦਸ਼ਾਹ ਦੇ ਹੁਕਮ ਨਾਲ ਦਿੱਤੇ ਗਏ ਸਨ। ਗਊ ਦੀ ਖੱਲ ਲਿਆਏ ਜਾਣ ਪਰ ਗੁਰੂ ਸਾਹਿਬ ਵਲੋਂ ਅਸ਼ਨਾਨ ਕਰਨ ਦੀ ਆਗਿਆ ਮੰਗਣ ਦੀ ਗਲ ਪਿੱਛੋਂ ਦੀ ਘਾੜਤ ਹੈ।

ਗੁਰੂ ਗੋਬਿੰਦ ਸਿੰਘ ਦਾ ਇਕ ਹੁਕਮਨਾਮਾ

ਇਹ ਹੁਕਮਨਾਮਾ ਜਿਸ ਦਾ ਬਲਾਕ ਅਗੇ ਦਿਤਾ ਜਾ ਰਿਹਾ ਹੈ, ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਹੈ, ਜੋ ਆਪ ਨੇ ਖ਼ਾਸ ਆਗਰੇ ਤੋਂ ਜਾਂ ਆਗਰੇ ਦੇ ਨਜ਼ਦੀਕੋਂ ਧਉਲ (ਸ਼ਿਵਾਲਕ ਪਹਾੜ, ਅਨੰਦਪੁਰ ਦੇ ਇਰਦ-ਗਿਰਦ) ਦੀ ਸੰਗਤ ਦੇ ਨਾਮ ੧ ਕੱਤਕ ਸੰਮਤ ੧੭੬੪ ਬਿਕ੍ਰਮੀ ਅਕਤੂਬਰ ਸੰਨ ੧੭੦੭ ਦੇ ਪਹਿਲੇ ਹਫ਼ਤੇ ਲਿਖਿਆ ਹੈ ਇਸ ਦੀ ਇਤਿਹਾਸਕ ਪ੍ਰਬਤਾ ਦਸਣ ਤੋਂ ਪਹਿਲਾਂ ਇਹ ਦਸ ਦੇਣਾ ਜ਼ਰੂਰੀ ਭਾਸਦਾ ਹੈ ਕਿ ਆਪ ਨੇ ਇਹ ਹੁਕਮਨਾਮਾ ਕਿਨ੍ਹਾਂ ਹਾਲਾਤ ਵਿਚ ਲਿਖਿਆ ਹੈ, ਤਾਂ ਜੋ ਇਸ ਨਾਲ ਸੰਬੰਧਤ ਗੱਲਾਂ ਸਮਝਣ ਵਿਚ ਸੁਖੱਲ ਹੋ ਜਾਏ।

ਜਿਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦੇ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਨੂੰ 'ਜ਼ਫਰਨਾਮਾ' ਨਾਮੀ ਪੱਤਰ ਲਿਖੇ ਨੂੰ ਕਈ ਮਹੀਨੇ ਗੁਜਰ ਗਏ ਅਤੇ ਦੱਖਣ ਵਲੋਂ ਨਾ ਤਾਂ ਭਾਈ ਦਇਆ ਸਿੰਘ ਹੀ ਮੁੜੇ, ਜੋ ਫ਼ਜ਼ਰਨਾਮਾ ਲੈ ਕੇ ਗਏ ਸਨ ਅਤੇ ਨਾ ਹੀ ਬਾਦਸ਼ਾਹ ਵਲੋਂ ਕੋਈ ਖ਼ਬਰ ਪੁਜੀ, ਤਾਂ ਆਪ ਬਾਦਸ਼ਾਹ ਨਾਲ ਆਪ ਗੱਲ ਬਾਤ ਕਰ ਲੈਣ ਲਈ ਦੱਖਣ ਨੂੰ ਤੁਰ ਪਏ। ਇਹ ਕੋਈ ਹੈਰਾਨੀ ਵਾਲੀ ਗਲ ਨਹੀਂ। ਉਹ ਬਾਦਸ਼ਾਹ ਨੂੰ ਮਿਲਣ ਦੇ ਵਿਰੁਧ ਨਹੀਂ ਸਨ, ਬਲਕਿ ਉਹ ਚਾਹੁੰਦੇ ਸਨ ਕਿ ਜੇ ਮੁਲਾਕਾਤ ਵਿਚ ਜ਼ਬਾਨੀ ਗਲ ਬਾਤ ਹੋ ਕੇ ਕੋਈ ਗਲ ਤੈ

ਹੋ ਜਾਏ ਤਾਂ ਕਰ ਲਈ ਜਾਏ । ਆਪ ਖ਼ੁਦ ਜ਼ਫ਼ਰ ਨਾਮੇ ਵਿਚ ਲਿਖਦੇ ਹਨ:-

ਕਿ ਤਸ਼ਰੀਫ਼ ਦਰ ਕਸਬਹ ਕਾਂਗੜ ਕੁਨਦ
ਵਜ਼ਾਂ-ਪਸ ਮੁਲਾਕਾਤ ਬਾਹਮ ਸ਼ਵਦ

ਕਿ ਜੇ ਉਹ (ਬਾਦਸ਼ਾਹ ਔਰੰਗਜ਼ੇਬ) ਕਾਂਗੜ ਕਸਬੇ ਵਿਚ ਤਸ਼ਰੀਫ਼ ਲੈ ਆਵੇ, (ਤਾਂ) ਇਸ ਤੋਂ ਉਪਰੰਤ ਆਪਸ ਵਿਚ ਮੁਲਾਕਾਤ ਹੋ ਜਾਏ । ਅਗੇ ਚਲ ਕੇ ਇਹ ਵੀ ਲਿਖਿਆ ਹੈ :-

ਅਗਰਚਿਹ ਬਿਆਯਦ ਬਫਰਮਾਨੇ ਮਨ
ਹਜ਼ੂਰਤ ਬਿਆਯਮ ਹਮਹ ਜਾਨੋ ਤਨ

ਜੇ ਹੁਕਮ[1] ਆ ਜਾਵੇ ਮੇਰੇ ਪਾਸ, ਤਾਂ ਮੈਂ ਜਾਨ ਤੇ ਤਨ ਤੋਂ ਤੇਰੇ ਪਾਸ ਆ ਜਾਵਾਂਗਾ ।

ਪਰ ਦੱਖਣ ਨੂੰ ਜਾਂਦੇ ਹੋਏ ਰਾਜਪੂਤਾਨੇ ਵਿਚ ਹੀ ਸਨ ਕਿ ਆਪ ਨੂੰ ਖ਼ਬਰ ਪੁਜੀ ਕਿ ਬਾਦਸ਼ਾਹ ਔਰੰਗਜ਼ੇਬ ੨੮ ਜ਼ਿਲਕਦਹ ੧੧੧੮ ਹਿਜਰੀ, ੨੦ ਫ਼ਰਵਰੀ ੧੭੦੭ ਨੂੰ ਅਹਿਮਦ ਨਗਰ ਵਿਚ ਚੜ੍ਹਾਈ ਕਰ ਗਿਆ ਹੈ । ਹੁਣ ਚੂੰਕਿ ਇਸ ਤੋਂ ਅਗੇ ਜਾਣ ਦੀ ਲੋੜ ਹੀ ਨਹੀਂ ਸੀ ਰਹੀ, ਇਸ ਲਈ ਗੁਰੂ ਗੋਬਿੰਦ ਸਿੰਘ ਸ਼ਾਹਜਹਾਨਾ-ਬਾਦ (ਦਿਲੀ) ਨੂੰ ਮੁੜ ਆਏ । ਔਰੰਗਜ਼ੇਬ ਦੇ ਪੁਤਰਾਂ ਵਿਚ ਤਖ਼ਤ ਲਈ ਰੱਸਾ-ਖਿਚੀ ਸ਼ੁਰੂ ਹੋ ਗਈ । ਤਖਤ ਦਾ ਹੱਕਦਾਰ ਵੱਡਾ ਪੁੱਤਰ ਮੁਅੱਜ਼ਮ ਉਸ ਵੇਲੇ ਪਿਓ ਪਾਸ ਮੌਜੂਦ ਨਹੀਂ ਸੀ, ਇਸ ਲਈ ਛੋਟੇ ਪੁੱਤਰ ਆਜ਼ਮ ਨੇ ਇਸ ਗਲ ਦਾ ਫ਼ਾਇਦਾ ਉਠਾਇਆ ਤੇ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ । ਜਦ ਉਤਰ ਵਲੋਂ ਮੁਅੱਜ਼ਮ ਆਪਣਾ ਹੱਕ ਲੈਣ ਲਈ ਆਇਆ ਤੇ ਦਿਲੀ ਦੇ ਨਜ਼ਦੀਕ ਪੁੱਜਾ ਤਾਂ ਉਸ ਨੂੰ ਪਤਾ ਲਗਾ ਕਿ

੧ ਇਸ ਤੋਂ ਪਿਛਲੇ ਸ਼ੇਅਰ ਵਿਚ ਸ਼ਬਦ 'ਸ਼ਹਨ ਸ਼ਾਹ' ਹੈ ਜਿਸ ਦਾ ਮਤਲਬ ਕਈਆਂ ਨੇ ਔਰੰਗਜ਼ੇਬ ਲਿਆ ਹੈ ਤੇ ਕਈਆਂ ਨੇ 'ਪਾਤਸ਼ਾਹਾਂ ਦਾ ਪਾਤਸ਼ਾਹ' ਰੱਬ ਨੂੰ ਆਖਿਆ ਹੈ । ਪਿਛਲੇ ਅਰਥ ਕਰਨ ਵਾਲੇ ਵਿਦਵਾਨਾਂ ਨੇ 'ਹੁਕਮ' ਦਾ ਅਰਥ ਵੀ 'ਰੱਬ ਦਾ ਹੁਕਮ' ਹੀ ਕੀਤਾ ਹੈ ।

ਗੁਰੂ ਗੋਬਿੰਦ ਸਿੰਘ ਇਥੇ ਨਜ਼ਦੀਕ ਹੀ ਹਨ। ਸੋ ਉਸ ਨੇ ਸਹਾਇਤਾ ਲਈ ਬੇਨਤੀ ਲਿਖ ਘਲੀ, ਜਿਸ ਦੇ ਉੱਤਰ ਵਿਚ ਗੁਰੂ ਜੀ ਨੇ ਦਿਲਾਸੇ ਵਾਲੀ ਚਿੱਠੀ ਲਿਖੀ ਤੇ ਜੰਗ ਵਿਚ ਮਦਦ ਲਈ ਦੋ ਤਿੰਨ ਸੌ ਨੇਜ਼ੇਦਾਰ ਸਵਾਰ ਵੀ ਭੇਜੇ। ਜਾਜੋ ਦੇ ਮੁਕਾਮ ਤੇ ੯ ਜੂਨ ਸੰਨ ੧੭੦੭ * ਨੂੰ ਲੜਾਈ ਹੋਈ, ਜਿਸ ਵਿਚ ਸ਼ਾਹਜ਼ਾਦਾ ਆਜ਼ਮ ਮਾਰਿਆ ਗਿਆ ਤੇ ਮੁਹੰਮਦ ਮੁਅੱਜ਼ਮ 'ਸ਼ਾਹ ਆਲਮ ਬਹਾਦੁਰ ਸ਼ਾਹ' ਦੇ ਨਾਮ ਹੇਠਾਂ ਬਾਦਸ਼ਾਹ ਹੋ ਗਿਆ।

ਬਹਾਦੁਰ ਸ਼ਾਹ ਦੀ ਫ਼ਤਹ ਤੋਂ ਬਾਅਦ ਗੁਰੂ ਜੀ ਤਾਂ ਦਿੱਲੀ ਵਲ ਨੂੰ ਆ ਗਏ ਤੇ ਖ਼ੁਦ ਬਾਦਸ਼ਾਹ ਆਗਰੇ ਨੂੰ ਚਲਾ੧ ਗਿਆ। ਕੁਝ ਦਿਨ ਦਿੱਲੀ ਠਹਿਰ ਕੇ ਜੁਲਾਈ ਸੰਨ ੧੭੦੭ ਵਿਚ ਗੁਰੂ ਜੀ ਮੱਥਰਾ ਗਏ ਤੇ ਓਥੋਂ ਬਿੰਦਰਾ ਬਨ ਹੋ ਕੇ ਆਗਰੇ ਵਲ ਆ ਗਏ। ਇਨ੍ਹਾਂ ਦੇ ਆਉਣ ਦੀ ਖ਼ਬਰ ਸੁਣ ਕੇ ਵਜ਼ੀਰ ਖਾਨ-ਖਾਨਾਂ ਨੇ ਆਪ ਨੂੰ ਮੁਲਾਕਾਤ ਲਈ ਸੱਦਾ ਭੇਜਿਆ। ਕੁਝ ਦਿਨ ਪਿਛੋਂ ਜਦ ਇਸ ਮੁਲਾ-ਕਾਤ ਦਾ ਪਤਾ ਬਾਦਸ਼ਾਹ ਨੂੰ ਲਗਾ ਤਾਂ ਉਸ ਨੇ ਵੀ ਗੁਰੂ ਜੀ ਨੂੰ ਬੇਨਤੀ ਕਰ ਭੇਜੀ ਕਿ ਮੈਨੂੰ ਵੀ ਦਰਸ਼ਨ ਦਿਓ। ਚੁਨਾਂਚਿ ੪ ਜਮਾਦੀ ਉਲ-ਅਵਲ ਸੰਨ ੧੧੧੯ ਹਿਜਰੀ, ੨੨-੨੩ ਜੁਲਾਈ ਸੰਨ ੧੭੦੭ ਈਸਵੀ੨ ਨੂੰ ਬਾਦਸ਼ਾਹ ਸ਼ਾਹ ਆਲਮ ਬਹਾਦਰ ਸ਼ਾਹ ਤੇ ਗੁਰੂ ਗੋਬਿੰਦ ਸਿੰਘ ਦੀ ਮੁਲਾਕਾਤ ਹੋਈ। ਇਸ ਵੇਲੇ ਬਾਦਸ਼ਾਹ ਬੜੀ ਇਜ਼ਤ ਨਾਲ ਪੇਸ਼ ਆਇਆ ਤੇ ਜੜਾਊ ਦੁਪੱਟਾ, ਧੁਖਧੁਖੀ ਆਦਿ ਸਿਰੋਪਾਓ ਭੇਟ ਕੀਤਾ।

ਇਸ ਮੁਲਾਕਾਤ ਵਿਚ ਜੋ ਗਲਾਂ ਬਹਾਦੁਰ ਸ਼ਾਹ ਬਾਦਸ਼ਾਹ ਨਾਲ


* ਇਹ ਤਾਰੀਖ ਪੁਰਾਤਨ ਤਰੀਕੇ ਅਨੁਸਾਰ ਹੈ ਜੋ ਸੰਨ ੧੨੫੨ ਤੋਂ ਪਹਿਲਾਂ ਵਰਤੋਂ ਵਿਚ ਆਉਂਦਾ ਸੀ ਤੇ ਜਦ ੨ ਸਤੰਬਰ ਤੋਂ ਬਾਅਦ ੩ ਦੀ ਥਾਂ ੧੪ ਸਤੰਬਰ ਕਰ ਦਿਤੀ ਗਈ। ਨਵੇਂ ਸਿਸਟਮ ਅਨੁਸਾਰ ੧੦-੧੧ ਦਾ ਫ਼ਰਕ ਪੈਂਦਾ ਹੈ।

੧ ਨਵੇਂ ਸਿਸਟਮ ਅਨੁਸਾਰ ਉਸ ਦਿਨ ਤਾਰੀਖ ੨ ਅਗਸਤ ਨਿਕਲਦੀ ਹੈ।

ਹੋਈਆਂ, ਉਹ ਉਸੇ ਸੰਬੰਧ ਵਿਚ ਪ੍ਰਤੀਤ ਹੁੰਦੀਆਂ ਹਨ ਜੋ ਉਨ੍ਹਾਂ ਨੂੰ ਪੰਜਾਬ ਤੋਂ ਦਖਣ ਵਲ ਔਰੰਗਜ਼ੇਬ ਨੂੰ ਮਿਲਣ ਲਈ ਲਿਆਈਆਂ ਸਨ। ਗੁਰੂ ਗੋਬਿੰਦ ਸਿੰਘ ਜੀ ਚੜ੍ਹਦੇ ਨਵੰਬਰ ਤਕ ਆਗਰੇ ਯਾ ਇਸ ਦੇ ਨੇੜੇ ਹੀ ਵਿਚਰਦੇ ਰਹੇ ਤੇ ਜਦ ਬਾਦਸ਼ਾਹ ਨੇ ੧੨ ਨਵੰਬਰ ਸੰਨ ੧੭੦੭ ਨੂੰ ਰਾਜਪੂਤਾਨੇ ਵਲ ਨੂੰ ਕੂਚ ਕੀਤਾ ਤਾਂ ਉਸ ਦੇ ਨਾਲ ਹੀ ਆਪ ਭੀ ਓਧਰ ਹੀ ਚਲੇ ਗਏ ਅਤੇ ਜਦ ਰਾਜਪੂਤਾਨੇ ਪਹੁੰਚ ਕੇ ਦੱਖਣ ਵਿਚ ਕਾਮ ਬਖ਼ਸ਼ ਦੀ ਬਗਾਵਤ ਦੀਆਂ ਖ਼ਬਰਾਂ ਬਾਦਸ਼ਾਹ ਨੂੰ ਪੁਜੀਆਂ ਤੇ ਉਹ ਦਖਣ ਨੂੰ ਤੁਰ ਪਿਆ ਤਾਂ ਗੁਰੂ ਜੀ ਨੇ ਭੀ ਉਸ ਦੇ ਨਾਲ ਹੀ ਉਧਰ ਨੂੰ ਚਾਲੇ ਪਾ ਦਿਤੇ। ਇਨ੍ਹਾਂ ਮੁਹਿੰਮਾਂ ਦੇ ਦਿਨਾਂ ਵਿਚ ਖ਼ੁਦ ਬਾਦਸ਼ਾਹ ਨੂੰ ਅਫ਼ਰਾ-ਤਫ਼ਰੀ ਪਈ ਹੋਈ ਸੀ, ਉਸਦੇ ਪਿਤਾ ਔਰੰਗਜ਼ੇਬ ਦੇ ਜ਼ਮਾਨੇ ਵਿਚ ਕੀ ਲੋਕ ਤੇ ਕੀ ਅਫ਼ਸਰ ਸਭ ਕਰੜੇ ਸ਼ਕੰਜੇ ਵਿਚ ਨਪੀੜੇ ਹੋਣ ਕਰ ਕੇ ਬਹੁਤ ਜਿਚ ਹੋਏ ਬੈਠੇ ਸਨ। ਉਸਦੇ ਅੱਖਾਂ ਮੀਟਦੇ ਹੀ ਸਾਰੇ ਮੁਲਕ ਵਿਚ ਬੇ-ਚੈਨੀ ਤੇ ਅਸੰਤੁਸ਼ਟਤਾ ਦਾ ਫੈਲ ਜਾਣਾ ਜ਼ਰੂਰੀ ਤੇ ਕੁਦਰਤੀ ਸੀ। ਸੋ ਬਹਾਦਰ ਸ਼ਾਹ ਬੇ ਕਾਬੂ ਹੁੰਦੇ ਜਾ ਰਹੇ ਮੁਲਕ ਨੂੰ ਰਾਸ ਕਰਨ ਦੇ ਆਹਰ ਵਿਚ ਲੱਗਾ ਹੋਇਆ ਸੀ। ਇਸਲਈ ਕੋਈ ਗਲ ਸਿਰੇ ਨਾ ਚੜ੍ਹ ਸਕੀ ਤੇ ਆਪ ਨੰਦੇੜ ਤਕ ਬਾਦਸ਼ਾਹ ਦੇ ਨਾਲ ਹੀ ਗਏ, ਜਿਥੇ ਜਾ ਕੇ ਉਹ ਸਦਾ ਲਈ ਬਾਦਸ਼ਾਹ ਤੋਂ ਵਖ ਹੋ ਗਏ।

ਇਹ ਹੁਕਮ ਨਾਮਾ ਆਪ ਨੇ ਖ਼ਾਸ ਆਗਰੇ ਤੋਂ ਜਾਂ ਇਸ ਦੇ ਨੇੜੇ ਤੇੜਿਓਂ ੧ ਕੱਤਕ ਸੰਮਤ ੧੭੬੪ (ਅਕਤੂਬਰ ਸੰਨ ੧੭੦੭ ਈਸਵੀ ਦੇ ਪਹਿਲੇ ਹਫ਼ਤੇ) ਉਸ ਵੇਲੇ ਲਿਖਿਆ ਹੈ, ਜਦ ਕਿ ਬਾਦਸ਼ਾਹ ਨਾਲ ਮੁਲਾਕਾਤ ਹੋਈ ਨੂੰ ਕੋਈ ਸਵਾ ਕੁ ਮਹੀਨਾ ਹੋ ਚੁਕਿਆ ਸੀ ਤੇ ਰਾਜਪੂਤਾਨੇ ਦੀ ਮੁਹਿੰਮ ਨਾਲ ਜਾਣ ਦਾ ਗੁਰੂ ਸਾਹਿਬ ਨੂੰ ਕੋਈ ਖ਼ਿਆਲ ਨਹੀਂ ਸੀ ਤੇ ਉਸ ਵੇਲੇ ਤਕ ਆਪ ਦਾ ਖ਼ਿਆਲ ਜਲਦੀ ਹੀ ਅਨੰਦਪੁਰ (ਪੰਜਾਬ) ਨੂੰ ਮੁੜ ਆਉਣ ਦਾ ਸੀ।

ਹੁਕਮਨਾਮੇ ਦੀ ਲਿਖਤ ਇਹ ਹੈ :—



੧੦ ਸਤਿਗੁਰੂ ਜੀ

ਸ੍ਰਬਤਿ ਸੰਗਤਿ ਧਉਲ ਕੀ ਤੁਸੀ ਮੇਰਾ ਖਾਲਸਾ ਹੋ ਗੁਰੂ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਵਰੈਗਾ ਸ੍ਰਬ ਸੁਖ ਨਾਲ ਪਾਤਸ਼ਾਹ ਪਾਸਿ ਆਏ ਸਿਰੋਪਾਓ ਅਰੁ ਸਠਿ ਹਜਾਰ ਕੀ ਧੁਖਧੁਖੀ ਜਜ ੜਾਉ ਇਨਾਮੁ ਹੋਈ ਹੋਰ ਭੀ ਕੰਮੁ ਗੁਰੂ ਕਾ ਸਦਕਾ ਸਭ ਹੋਤੇ ਹੈ ਅ ਸੀ ਭੀ ਥੋੜੇ ਹੀ ਦਿਨਾਂ ਨੋ ਆਵਤੇ ਹਾਂ ਸ੍ਰਬਤਿ ਸੰਗਤ ਖਾਲਸੇ ਕੋ ਮੇਰਾ ਹੁਕਮ ਹੈ ਆਪਸ ਮੋ ਮੇਲੁ ਕਰਣਾ ਜਦਿ ਅਸੀ ਕਹਲੂਰ ਆਵਤੇ ਤਦਿ ਸ੍ਰਬਤਿ ਖਾਲਸੇ ਹਥੀਆਰ ਬਨਿ ਕੈ ਹਜੂਰਿ ਆ ਵਣਾ ਜੋ ਆਵੈਗਾ ਸੋ ਨਿਹਾਲੁ ਹੋਵੈਗਾ. ੨) ਦੋਇ ਤੋਲੇ ਸੋਨਾ ਤਿਸ ਕੇ ਰਪਯੇ ੪੦) ਅਸਾ ਜਮਾਤਾ ਨੋ ਮ ਸ਼ੇਸ਼ਮਾਹੀ [?] ਬਖਸੇ ਹੈਨ ਤੁਸਾ ਹੁਕਮ ਵੇਖਦਿਆਂ ਹੁਡੀ ਕਰਾਇ ਭੇਜਣੀ ਮੇਵੜੇ ਨੋ ਤੁਰਤ ਭੇਜਣਾ ਜੇ ਮੇਵੜਾ ਢਿਲ ਕਰੇ ਤਾ ਸੰਗਤ ਵਿਚੋ ਕਢਿ ਦੇਣਾ ਪੈ ਸੇ ਹੁਡੀ ਕਰਾਇ ਭੇਜਣੇ ਸੰਮਤ ੧੭੬੪ ਮਿਤੀ ਕਾਤਕੇ ੧ ਮਾ.

ਇਸ ਹੁਕਮਨਾਮੇ ਦੀ ਇਤਿਹਾਸਕ ਪ੍ਰਬਤਾ ਤੇ ਬਹੁਮੁਲਤਾ ਹੇਠ ਲਿਖੀਆਂ ਗਲਾਂ ਦੇ ਸੰਬੰਧ ਵਿਚ ਹੈ :–

੧. ਬਾਦਸ਼ਾਹ ਨਾਲ ਮੁਲਾਕਾਤ ਤੇ ਸਿਰੋਪਾਓ ਦਾ ਮਿਲਣਾ।
੨. "ਹੋਰ ਭੀ ਕੰਮ" ਵਲ ਇਸ਼ਾਰਾ।
੩. ਵਾਪਸ ਦੇਸ ਨੂੰ ਮੁੜਨ ਦਾ ਵਿਚਾਰ।
੪. ਕਹਿਲੂਰ ਪਹੁੰਚਣ ਪਰ ਹਥਿਆਰ-ਬੰਦ ਖ਼ਾਲਸੇ ਦੀ ਲੋੜ ਪੈਣ ਦਾ ਖ਼ਿਆਲ।

੧. ਬਾਦਸ਼ਾਹ ਬਹਾਦਰ ਸ਼ਾਹ ਨਾਲ ਮੁਲਾਕਾਤ--

ਇਸ ਹੁਕਮਨਾਮੇ ਤੋਂ ਦਾਨਸ਼ਮੰਦ ਖਾਨ ਦੇ ਬਹਾਦੁਰ ਸ਼ਾਹ ਨਾਮੇ, ਸ੍ਰੀ ਗੁਰੂ ਸੋਭਾ (ਪੰਨਾ ੯੪–੫) ਤੇ ਸੂਰਜ ਪ੍ਰਕਾਸ਼ (ਰੁਤ ੬, ਐਨ ੧, ਅੰ: ੪੬, ਜਿਲਦ ੧੪, ਪੰ: ੬੧੭੪-੭੫) ਵਿਚ ਦਿਤੀ ਗਈ

ਗੁਰੂ ਗੋਬਿੰਦ ਸਿੰਘ ਤੇ ਬਹਾਦੁਰ ਸ਼ਾਹ ਬਾਦਸ਼ਾਹ ਦੀ ਮੁਲਾਕਾਤ ਦੀ ਪੁਸ਼ਟੀ ਹੁੰਦੀ ਹੈ ਤੇ ਖ਼ਾਸ ਕਰ ਇਸ ਗਲ ਦੀ ਕਿ ਬਾਦਸ਼ਾਹ ਵਲੋਂ ਗੁਰੂ ਜੀ ਨੂੰ ਸਿਰੋਪਾਓ ਤੇ ਸੱਠ ਹਜ਼ਾਰ ਦੀ ਜੜਾਊ ਧੁਖਧੁਖੀ ਦਿਤੇ ਗਏ। ਇਸ ਤੋਂ ਇਹ ਗਲ ਸਪੱਸ਼ਟ ਹੈ ਕਿ ਬਹਾਦੁਰ ਸ਼ਾਹ ਦਾ ਗੁਰੂ ਜੀ ਵਲ ਵਤੀਰਾ ਬਹੁਤ ਅਛਾ ਸੀ। ਜੇ 'ਸ੍ਰੀ ਗੁਰੂ ਸੋਭਾ' ਤੇ 'ਸੂਰਜ ਪ੍ਰਕਾਸ਼' ਵਿਚ ਦਿਤੇ ਇਸ ਮੁਲਾਕਾਤ ਦੇ ਵੇਰਵੇ ਨੂੰ ਪੜ੍ਹਿਆ ਜਾਵੇ ਤਾਂ ਬਾਦਸ਼ਾਹ ਦੀ ਆਪ ਵਲ ਕਾਫ਼ੀ ਸ਼ਰਧਾ ਪ੍ਰਤੀਤ ਹੁੰਦੀ ਹੈ। ਪਰ ਜੇ ਸਿਰਫ਼ ਖ਼ੁਸ਼ਕ ਇਤਿਹਾਸਕ ਨੁਕਤਾ ਨਿਗਾਹ ਤੋਂ ਭੀ ਵੇਖਿਆ ਜਾਵੇ ਤਾਂ ਭੀ ਔਰੰਗਜ਼ੇਬ ਦੇ ਰੁੱਕਿਆਂ ਵਿਚੋਂ ਦਿਸਦੇ ਉਸ ਦੇ ਗੁਰੂ ਜੀ ਵਲ ਵਤੀਰੇ ਅਤੇ ਬਹਾਦੁਰ ਸ਼ਾਹ ਦੇ ਵਤੀਰੇ ਵਿਚ ਬੜਾ ਤੇ ਚੰਗੇ ਪਾਸੇ ਵਲ ਫ਼ਰਕ ਹੈ। ਇਸ ਫ਼ਰਕ ਦਾ ਸਭ ਤੋਂ ਵੱਡਾ ਇਹ ਕਾਰਣ ਤਾਂ ਸਪੱਸ਼ਟ ਦਿਸਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਹਾਦੁਰ ਸ਼ਾਹ ਦੇ ਬੰਜ਼ੁਰਗਾਂ ਵਲੋਂ ਗੁਰੂ ਜੀ ਤੇ ਉਨ੍ਹਾਂ ਦੇ ਬਜ਼ੁਰਗਾਂ ਨਾਲ ਹੋਏ ਅਤਿਆਚਾਰ ਨੂੰ ਭੁਲ ਭੁਲਾ ਕੇ ਉਸ ਦੇ ਧਕੋ-ਜ਼ੋਰੀ ਮਾਰੇ ਜਾ ਰਹੇ ਹੱਕ ਦੀ ਰਖਿਆ ਲਈ ਆਪਣੇ ਪਿਆਰੇ ਸਿੰਘਾਂ ਨੂੰ ਆਪਣੀਆਂ ਜਾਨਾਂ ਤਕ ਕੁਰਬਾਨ ਕਰਨ ਲਈ ਲੜਾਈ ਦੇ ਮੈਦਾਨ ਵਿਚ ਤੋਰ ਦਿਤਾ।

ਬਹਾਦੁਰ ਸ਼ਾਹ ਦੇ ਪੜਦਾਦੇ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਨੂੰ ਦੇਗ ਵਿਚ ਉਬਾਲਿਆ ਤੇ ਤੱਤੇ ਤਵਿਆਂ ਤੇ ਬਿਠਾਇਆ ਗਿਆ ਤੇ ਅੰਤ ਦਰਿਆ ਵਿਚ ਬੋੜ ਕੇ ਉਨ੍ਹਾਂ ਦੇ ਪ੍ਰਾਣ ਭੀ ਲੈ ਲਏ ਗਏ। ਉਸ ਦੇ ਹੁਕਮ ਨਾਲ ਹੀ ਗੁਰੂ ਹਰਿ ਗੋਬਿੰਦ ਨੂੰ ਗਵਾਲੀਆਰ ਦੇ ਕਿਲ੍ਹੇ ਵਿਚ ਕੈਦ ਕੀਤਾ ਗਿਆ ਤੇ ਚਾਰ ਵਾਰੀ ਸ਼ਾਹ ਜਹਾਨ ਦੇ ਅਫ਼ਸਰਾਂ ਦੀਆਂ ਫ਼ੌਜਾਂ ਉਨ੍ਹਾਂ ਪਰ ਚੜ੍ਹ ਕੇ ਆਈਆਂ। ਉਸ ਦੇ ਪਿਤਾ ਔਰੰਗਜ਼ੇਬ ਦੇ ਕਾਰਣ ਗੁਰੂ ਹਰਿ ਰਾਏ ਤੇ ਹਰਿ ਕ੍ਰਿਸ਼ਨ ਨੂੰ ਕਸ਼ਟ ਪੁੱਜੇ, ਤੇ ਉਸ ਦੇ ਹੁਕਮ ਨਾਲ ਗੁਰੂ ਤੇਗ਼ ਬਹਾਦੁਰ ਸ਼ਹੀਦ ਕਰ ਦਿਤੇ ਗਏ। ਉਨ੍ਹਾਂ ਦੇ ਚਾਰ ਬੱਚੇ ਤੇ ਮਾਤਾ ਜੀ ਭੀ ਇਸੇ ਦੀ

ਭੇਟ ਚੜ੍ਹ ਗਏ ਅਤੇ ਖੁਦ ਉਨ੍ਹਾਂ ਤੇ ਉਨ੍ਹਾਂ ਦੇ ਮਹਿਲਾਂ ਨੂੰ ਟਿਕ ਕੇ ਬੈਠਣਾ ਨਾ ਮਿਲਿਆ । ਪਰ ਦੂਸਰੇ ਪਾਸੇ ਗੁਰੂ ਗੋਬਿੰਦ ਸਿੰਘ ਦਾ ਕਿਤਨਾ ਵੱਡਾ ਤੇ ਖੁਲ੍ਹਾ ਦਿਲ ਹੈ ਕਿ ਇਸ ਸਭ ਕੁਝ ਨੂੰ ਭੁਲਾ ਕੇ ਉਸ ਦੇ ਹੱਕ ਲਈ ਕੁਰਬਾਨੀ ਕਰਨ ਲਈ ਤਿਆਰ ਹੋ ਗਏ ।

੨. "ਹੋਰ ਭੀ ਕੰਮ"—

ਆਪ ਲਿਖਦੇ ਹਨ "ਹੋਰ ਭੀ ਕੰਮੁ ਗੁਰੂ ਕਾ ਸਦਕਾ ਸਭ ਹੋਤੇ ਹੈ ।" ਇਸ ਤੋਂ ਆਪ ਦਾ ਇਸ਼ਾਰਾ ਉਨ੍ਹਾਂ ਗਲਾਂ ਵਲ ਪ੍ਰਤੀਤ ਹੁੰਦਾ ਹੈ ਜੋ ਆਪ ਨੂੰ ਪੰਜਾਬ ਤੋਂ ਔਰੰਗਜ਼ੇਬ ਨਾਲ ਮੁਲਾਕਾਤ ਕਰ ਕੇ ਮੁਕਾ ਲੈਣ ਲਈ ਦਖਣ ਨੂੰ ਲਿਆਈਆਂ ਸਨ। ਬਾਦਸ਼ਾਹ ਦੇ ਰਵੱਈਏ ਤੋਂ ਆਪ ਨੂੰ ਛੇਤੀ ਹੀ ਫ਼ੈਸਲੇ ਦੀ ਆਸ ਲਗਦੀ ਮਾਲੂਮ ਹੁੰਦੀ ਹੈ। ਉਹ ਗਲਾਂ ਕੀ ਸਨ, ਇਨ੍ਹਾਂ ਸੰਬੰਧੀ ਕਿਸੀ ਭਰੋਸੇ ਯੋਗ ਲਿਖਤ ਦੀ ਗਵਾਹੀ (Documentary Evidence) ਨਹੀਂ ਮਿਲਦੀ, ਜਿਸ ਤੋਂ ਯਿਕੀਨੀ ਉਨ੍ਹਾਂ ਗਲਾਂ ਨੂੰ ਸਪੱਸ਼ਟ ਤੌਰ ਤੇ ਵੱਖਰਾ ਵੱਖਰਾ ਗਿਣ ਕੇ ਦਸ ਦਤਾ ਜਾ ਸਕੇ। ਪਰ ਘਟੋ ਘਟ ਇਹ ਗਲ ਜ਼ਰੂਰ ਹੋਵੇਗੀ ਕਿ ਵਧੀਕੀਆਂ ਕਰਨ ਵਾਲਿਆਂ ਨੂੰ ਪਿਛਲੀਆਂ ਕੀਤੀਆਂ ਲਈ ਤਾੜਨਾ ਤੇ ਅਗੇ ਲਈ ਚੌਕਸੀ ਦੇ ਹੁਕਮ ਜਾਰੀ ਕਰ ਦਿਤੇ ਜਾਣ। ਪਰ ਬਾਦਸ਼ਾਹ ਹਾਲ ਤਕ ਆਪਣੇ ਆਪ ਨੂੰ ਸ਼ਾਇਦ ਪੱਕੇ ਪੈਰਾਂ ਤੇ ਨਹੀਂ ਸੀ ਸਮਝਦਾ, ਖ਼ਜ਼ਾਨਾ ਖ਼ਤਮ ਹੋ ਚੁਕਾ ਹੋਇਆ ਸੀ, ਇਨਾਮਾਂ ਵਾਲੇ ਪ੍ਰਏ ਗਲ ਪੈਂਦੇ ਸਨ, ਰਾਜਪੂਤਾਨੇ ਤੇ ਦਖਣ ਵਿਚ ਹੋਣ ਵਾਲੀਆਂ ਬਗਾਵਤਾਂ ਦੀਆਂ ਸੋਆਂ ਆ ਰਹੀਆਂ ਸਨ। ਇਸ ਲਈ ਉਹ ਕੋਈ ਸਖ਼ਤ ਕਾਰਵਾਈ ਕਰਨੋਂ ਝਿਜਕਦਾ ਸੀ ਤੇ ਇਸ ਕਰ ਕੇ ਛੇਤੀ ਕੋਈ ਗਲ ਤੈ ਨਹੀਂ ਸੀ ਹੁੰਦੀ ਤੇ ਅੰਤ ਤਕ ਨਾ ਹੀ ਹੋ ਸਕੀ।

੩. ਵਾਪਸ ਦੇਸ ਨੂੰ ਮੁੜਨ ਦਾ ਖ਼ਿਆਲ—

ਸਭ ਤੋਂ ਜ਼ਿਆਦਾ ਇਤਿਹਾਸਕ ਕੀਮਤ ਦੀ ਗਲ ਇਸ ਹੁਕਮਨਾਮੇ ਵਿਚ ਆਪਦਾ "ਥੋੜੇ ਹੀ ਦਿਨਾਂ ਨੋ" ਦੇਸ ਪੰਜਾਬ ਨੂੰ ਮੁੜਨ ਦਾ ਖਿਆਲ

ਹੈ। ਉਨ੍ਹਾਂ ਕਈ ਲਿਖਾਰੀਆਂ ਨੇ, ਜੋ ਗੁਰੂ ਗੋਬਿੰਦ ਸਿੰਘ ਦੇ ਪੰਜਾਬੋਂ ਦਖਣ ਵਲ ਨੂੰ ਜਾਣ ਦੇ ਮਕਸਦ ਨੂੰ ਨਹੀਂ ਸਮਝ ਸਕੇ, ਲਿਖਿਆ ਹੈ ਕਿ ਚੂੰਕਿ ਗੁਰੂ ਗੋਬਿੰਦ ਸਿੰਘ ਆਪਣੇ ਸਿਖਾਂ ਤੇ ਪੰਜਾਬ ਵਾਸੀਆਂ ਤੋਂ ਨਿਰਾਸ ਹੋ ਚੁਕੇ ਸਨ, ਇਸ ਲਈ ਉਹ ਦੇਸ ਛਡ ਕੇ ਦਖਣ ਨੂੰ ਚਲੇ ਗਏ, ਤਾਕਿ ਰਾਜਪੂਤਾਨੇ ਤੇ ਮਹਾਰਾਸ਼ਟਰ ਵਿਚ ਜਾ ਕੇ ਰਾਜਪੂਤਾਂ ਤੇ ਮਰਾਠਿਆਂ ਦੀ ਸਹਾਇਤਾ ਨਾਲ ਆਪਣੇ ਮਿਸ਼ਨ ਨੂੰ ਪੂਰਾ ਕਰ ਸਕਣ। ਪਰ ਇਸ ਹੁਕਮਨਾਮੇ ਵਿਚ ਆਪ ਸਾਫ਼ ਲਿਖਦੇ ਹਨ ਕਿ "ਅਸੀ ਥੋੜੇ ਹੀ ਦਿਨਾ ਨੋ ਆਵਤੇ ਹੈ।" ਸਿਖਾਂ ਅਤੇ ਪੰਜਾਬੀਆਂ ਤੋਂ ਨਿਰਾਸਤਾ ਦੇ ਖ਼ਿਆਲ ਦਾ ਉਤਰ ਭੀ ਇਸ ਹੁਕਮਨਾਮੇ ਵਿਚ ਸਪੱਸ਼ਟ ਮੌਜੂਦ ਹੈ। ਆਪ ਹੁਕਮ ਦਿੰਦੇ ਹਨ "ਜਦਿ ਅਸੀ ਕਹਲੂਰ ਆਵਤੇ, ਤਦਿ ਸ੍ਰਬਤਿ ਖਾਲਸੇ ਹਥੀਆਰ ਬਨਿ ਕੇ ਹਜੂਰਿ ਆਵਣਾ।" ਜਿਨ੍ਹਾਂ ਪਾਸੋਂ ਨਿਰਾਸ ਹੋ ਕੇ ਕੋਈ ਦੇਸ ਛਡ ਜਾਵੇ, ਉਨ੍ਹਾਂ ਨੂੰ ਫਿਰ ਹੁਕਮ ਦੇ ਕੇ ਸਦਣ ਦੇ ਕੀ ਅਰਥ ?

ਇਸ ਤੋਂ ਇਲਾਵਾ ਵਾਕਿਆਤ ਭੀ ਇਸ ਗਲ ਦੀ ਪੁਸ਼ਟੀ ਨਹੀਂ ਕਰਦੇ ਕਿ ਆਪ ਆਪਣੇ ਮਿਸ਼ਨ (?) ਨੂੰ ਪੂਰਾ ਕਰਨ ਲਈ ਰਾਜਪੂਤਾਂ ਯਾ ਮਰਾਠਿਆਂ ਨੂੰ ਉਠਾ ਕੇ ਆਪਣੇ ਨਾਲ ਮਿਲਾਉਣਾ ਚਾਹੁੰਦੇ ਸਨ। ਆਪ ਦੋ ਵਾਰ ਰਾਜਪੂਤਾਨੇ ਜਾਂਦੇ ਹਨ, ਪਹਿਲੀ ਵਾਰੀ ਜਦ ਕਿ ਔਰੰਗਜ਼ੇਬ ਨੂੰ ਮਿਲਣ ਲਈ ਗਏ ਸਨ ਤੇ ਦੂਸਰੀ ਵਾਰੀ ਬਹਾਦੁਰ ਸ਼ਾਹ ਦੇ ਨਾਲ। ਦੋਨੋ ਵਾਰੀ ਉਨ੍ਹਾਂ ਵਾਸਤੇ ਰਾਜਪੂਤਾਂ ਨੂੰ ਭੜਕਾਉਣ ਦੇ ਚੰਗੇ ਮੌਕੇ ਸਨ। ਪਹਿਲੀ ਵਾਰੀ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਭੀ ਉਨ੍ਹਾਂ ਨੂੰ ਉਥੇ ਹੀ ਮਿਲੀ। ਹੱਕਦਾਰ ਸ਼ਾਹਜ਼ਾਦਾ ਤਖ਼ਤ ਸੰਭਾਲਣ ਲਈ ਉਸ ਵੇਲੇ ਪੁਜਾ ਨਹੀਂ ਸੀ ਤੇ ਛੋਟੇ ਨੇ ਤਖ਼ਤ ਸੰਭਾਲ ਲਿਆ ਸੀ, ਸਾਰੀਂ ਪਾਸੀਂ ਹਿਲਜੁਲ ਹੋ ਰਹੀ ਸੀ, ਸ਼ਾਹਜ਼ਾਦਿਆਂ ਵਿਚ ਜੰਗ ਹੋਣ ਵਾਲੀ ਸੀ ਤੇ ਰਾਜਪੂਤ ਬਾਗ਼ੀ ਹੋ ਰਹੇ ਸਨ। ਪਰ ਗੁਰੂ ਗੋਬਿੰਦ ਸਿੰਘ ਉਨ੍ਹਾਂ ਦੇ ਗੜ੍ਹ ਵਿਚ ਹੁੰਦੇ ਹੋਏ ਭੀ ਕਿਸੇ ਰਾਜੇ ਰਾਣੇ ਨੂੰ ਨਹੀਂ ਮਿਲਦੇ, ਬਲਕਿ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਸੁਣਦੇ ਹੀ ਦੇਸ ਨੂੰ ਮੁੜ ਪੈਂਦੇ

ਹਨ, ਕਿਉਂਕਿ ਅਗੇ ਜਾਣ ਲਈ ਉਨ੍ਹਾਂ ਨੂੰ ਕੋਈ ਕੰਮ ਨਹੀਂ ਸੀ ਰਿਹਾ। ਔਰੰਗਜ਼ੇਬ ਨੂੰ ਮਿਲਣ ਜਾ ਰਹੇ ਸਨ ਤੇ ਉਹ ਹੁਣ ਮਰ ਚੁਕਾ ਸੀ।

ਦੂਸਰੀ ਵਾਰੀ ਆਪ ਬਹਾਦੁਰ ਸ਼ਾਹ ਨਾਲ ਉਸ ਵੇਲੇ ਜਾਂਦੇ ਹਨ ਜਦ ਕਿ ਅਗੇ ਹੀ ਹਾਲਤ ਬਗਾਵਤ ਵਰਗੀ ਸੀ, ਪਰ ਆਪ ਚੁਪ-ਚਾਪ ਹਨ ਤੇ ਕਿਸੇ ਰਾਜਪੂਤ ਨੂੰ ਨਹੀਂ ਮਿਲਦੇ। ਆਪ ਮਰਾਠਿਆਂ ਦੇ ਇਲਾਕਿਆਂ ਵਿਚ ਦੀ ਹੁੰਦੇ ਹੋਏ ਨੰਦੇੜ (ਹੈਦਰਾਬਾਦ ਦਖਣ) ਉਸ ਵੇਲੇ ਪੁਜਦੇ ਹਨ ਜਦ ਕਿ ਅਗੇ ਬਾਦਸ਼ਾਹ ਦੇ ਛੋਟੇ ਭਾਈ ਕਾਮ ਬਖ਼ਸ਼ ਨੇ ਬਗਾਵਤ ਖੜੀ ਕੀਤੀ ਹੋਈ ਸੀ, ਪਰ ਆਪ ਰਸਤੇ ਵਿਚ ਯਾ ਇਥੇ ਕਿਸੇ ਮਰਾਠੇ ਸਰਦਾਰ ਨੂੰ ਨਹੀਂ ਮਿਲਦੇ ਤੇ ਉਭਾਰਦੇ।

ਇਨ੍ਹਾਂ ਮੌਕਿਆਂ ਨਾਲੋਂ ਚੰਗੇ ਮੌਕੇ ਰਾਜਪੂਤਾਂ ਤੇ ਮਰਾਠਿਆਂ ਨਾਲ ਗੰਢਣ ਦੇ ਘਟ ਹੀ ਮਿਲ ਸਕਦੇ ਸਨ, ਪਰ ਵਾਕਿਆਤ ਗਵਾਹ ਹਨ ਕਿ ਆਪ ਨੇ ਇਨ੍ਹਾਂ ਦਾ ਕੋਈ ਫ਼ਾਇਦਾ ਨਹੀਂ ਉਠਾਇਆ। ਇਸ ਲਈ ਇਹ ਗਲ ਉੱਕੀ ਹੀ ਨਿਰਮੂਲ ਹੈ ਕਿ ਆਪ ਦਾ ਇਸ ਪ੍ਰਕਾਰ ਦਾ ਕੋਈ ਮਨਸ਼ਾ ਸੀ। ਆਪ ਦਾ ਮਨਸ਼ਾ ਆਗਰੇ ਤੋਂ ਹੀ ਪੰਜਾਬ ਨੂੰ ਮੁੜ ਪੈਣ ਦਾ ਸੀ, ਪਰ ਚੂੰਕਿ ਬਹਾਦੁਰ ਸ਼ਾਹ ਨੂੰ ਰਾਜਪੂਤਾਨੇ ਤੇ ਦੱਖਣ ਵਲ ਨੂੰ ਜਾਣਾ ਪੈ ਗਿਆ, ਇਸ ਲਈ ਆਪ ਭੀ ਉਧਰ ਹੀ ਨਾਲ ਨਾਲ ਤੁਰੇ ਚਲੇ ਗਏ, ਤੇ ਨੰਦੇੜ ਜਾ ਕੇ ਜੋਤੀ ਜੋਤ ਸਮਾ ਗਏ।

੪. ਕਹਿਲੂਰ ਪਹੁੰਚਣ ਪਰ ਹਥਿਆਰ-ਬੰਦ ਖ਼ਾਲਸੇ ਦੀ ਲੋੜ ਪੈਣ ਦਾ ਖ਼ਿਆਲ–

ਜਦ ਬਾਦਸ਼ਾਹ ਨਾਲ ਕੋਈ ਗਲ ਤੈ ਹੋ ਜਾਂਦੀ ਅਤੇ ਸਰਹੰਦ ਦੇ ਹਾਕਮ ਨੂੰ ਕੋਈ ਤਾੜਨਾ ਹੁੰਦੀ ਤਾਂ ਹੋ ਸਕਦਾ ਸੀ ਗੁਰੂ ਸਾਹਿਬ ਨੂੰ ਕੋਈ ਖ਼ਤਰਾ ਹੋ ਜਾਂਦਾ, ਜਿਸ ਦੀ ਨੌਬਤ ਅੰਤ ਜੰਗ ਤਕ ਪਹੁੰਚ ਜਾਂਦੀ। ਜਾਂ, ਜੇ ਕੋਈ ਫ਼ੈਸਲਾ ਨਾ ਹੋ ਸਕਦਾ ਤਾਂ ਇਨ੍ਹਾਂ ਨੂੰ ਦੇਸ ਮੁੜ ਆਇਆ ਦੇਖ ਕੇ ਸਰਹੰਦ ਦਾ ਹਾਕਮ ਯਾ ਪਹਾੜੀ ਰਾਜੇ ਆਪ ਪਰ ਹੱਲਾ

ਕਰ ਦਿੰਦੇ, ਤਾਂ ਭੀ ਆਪ ਨੂੰ ਆਪਣੀ ਹਿਫ਼ਾਜ਼ਤ ਲਈ ਸ਼ਸਤਰ-ਧਾਰੀਆਂ ਦੀ ਲੋੜ ਪੈਣੀ ਸੀ। ਹੋ ਸਕਦਾ ਹੈ ਕਹਿਲੂਰ ਪਹੁੰਚਣ ਪਰ ਪਹਾੜੀ ਰਾਜੇ ਉਨ੍ਹਾਂ ਦੇ ਆਨੰਦਪੁਰ ਪਹੁੰਚਣ ਵਿਚ ਕੋਈ ਰੁਕਾਵਟ ਪੈਦਾ ਕਰਨ ਲਈ ਖੜੇ ਹੋ ਜਾਂਦੇ। ਪ੍ਰਤੀਤ ਹੁੰਦਾ ਹੈ, ਇਨ੍ਹਾਂ ਯਾ ਇਸ ਪ੍ਰਕਾਰ ਦੀਆਂ ਹੋਰ ਗੱਲਾਂ ਨੂੰ ਮੁਖ ਰਖ ਕੇ ਆਪ ਨੇ ਸ਼ਸਤਰ ਧਾਰੀ ਖ਼ਾਲਸੇ ਨੂੰ ਹਾਜ਼ਰ ਹੋਣ ਲਈ ਹੁਕਮ ਕੀਤਾ ਹੈ। ਇਸ ਤੋਂ ਇਹ ਭੀ ਸਾਫ਼ ਹੈ ਕਿ ਖ਼ਾਲਸੇ ਪਰ ਆਪ ਨੂੰ ਪੂਰਨ ਭਰੋਸਾ ਸੀ।

ਗੁਰੂ ਗੋਬਿੰਦ ਸਿੰਘ ਦੀ ਤਲਵਾਰ ਖ਼ਾਹ-ਮੁਖ਼ਾਹ ਖ਼ੂਨ ਦੀ ਤ੍ਰਿਹਾਈ ਨਹੀਂ ਸੀ। ਉਹ ਤਲਵਾਰ ਕੇਵਲ ਉਸ ਵੇਲੇ ਮਿਆਨੋਂ ਕਢਦੇ, ਜਦ ਹੋਰ ਕੋਈ ਤਰੀਕਾ ਰਹਿ ਹੀ ਨਾ ਜਾਂਦਾ। ਉਹ ਖ਼ੁਦ ਔਰੰਗਜ਼ੇਬ ਨਾਲ ਵੀ ਸੁਲਾਹ ਸਫ਼ਾਈ ਦੇ ਤਰੀਕੇ ਮੁਲਾਕਾਤ ਨੂੰ ਅਖਤਿਆਰ ਕਰਨ ਨੂੰ ਤਿਆਰ ਹੋ ਕੇ ਤੁਰ ਪਏ ਸਨ ਤੇ ਬਹਾਦੁਰ ਸ਼ਾਹ ਨਾਲ ਵੀ ਇਸ ਨੂੰ ਪਰਤਾ ਰਹੇ ਸਨ। ਪਰ ਜੇ ਇਹ ਸਾਰੇ ਹੀਲੇ ਨਿਸਫਲ ਹੋ ਜਾਂਦੇ ਤਾਂ ਬ ਤਲਵਾਰ ਲੈ ਲੈਣਾ ਉਹ ਜਾਇਜ਼ ਸਮਝਦੇ ਸਨ, ਚੁਨਾਚਿ ਆਪ ਨੇ ਫ਼ਰਨਾਮੇ ਵਿਚ ਫ਼ੁਰਮਾਇਆ ਭੀ ਹੈ :—

ਚੋ ਕਾਰ ਅਜ਼ ਹਮਾ ਹੀਲਤੇ ਦਰ-ਗੁਜ਼ਸ਼ਤ
ਹਲਾਲਸਤ ਬੁਰਦਨ ਬ-ਸ਼ਮਸ਼ੀਰ ਦਸਤ।

ਗੁਰੂ ਗੋਬਿੰਦ ਸਿੰਘ ਜੀ ਦੇ ਅੰਤਲੇ ਦਿਨ

ਗੁਰੂ ਗੋਬਿੰਦ ਸਿੰਘ ਜੀ, ਪੰਜਾਬ ਦੇ ਸੰਤ-ਯੋਧੇ, ਸਿੱਖਾਂ ਦੇ ਆਖ਼ਰੀ ਤੇ ਦਸਵੇਂ ਗੁਰੂ ਤੇ ਸੂਰਬੀਰ ਖਾਲਸਾ ਦਲ ਦੇ ਕਰਤੇ ਦੇ ਤੌਰ ਤੇ ਪ੍ਰਸਿੱਧ ਹਨ। ਪਰ ਉਹ ਦੁਨੀਆਂ ਦੇ ਸਭ ਤੋਂ ਵਧੇਰੇ ਗ਼ਲਤ-ਸਮਝੇ-ਜਾਣ ਵਾਲੇ ਮਹਾਂ ਪੁਰਖਾਂ ਚੋਂ ਇਕ ਹਨ—ਤੇ ਉਨ੍ਹਾਂ ਦੇ ਜੀਵਨ ਦਾ ਹੋਰ ਕੋਈ ਹਿੱਸਾ ਵਧੇਰੇ ਗ਼ਲਤ ਤੇ ਘੱਟ ਠੀਕ ਨਹੀਂ ਸਮਝਿਆ ਜਾਂਦਾ ਜਿਨਾ ਕਿ ਉਨ੍ਹਾਂ ਦੇ ਆਖ਼ਰੀ ਦਿਨ, ਵਿਸ਼ੇਸ਼ ਕਰਕੇ ਉਨਾਂ ਦਾ ਦੱਖਣ ਨੂੰ ਜਾਣਾ ਤੇ ਉਨ੍ਹਾਂ ਦੇ ਸ਼ਾਹ ਆਲਮ ਬਹਾਦਰ ਸ਼ਾਹ ਨਾਲ ਸੰਬੰਧ। ਇਸ ਲੇਖ ਵਿੱਚ ਉਨ੍ਹਾਂ ਵਾਕਿਆਤ ਤੇ ਚਾਨਣ ਪਾਇਆ ਗਿਆ ਹੈ, ਜਿਨ੍ਹਾਂ ਕਰਕੇ ਗੁਰੂ ਸਾਹਿਬ ਦੋ ਵਾਰੀ ਦੱਖਣ ਨੂੰ ਗਏ। ਇਸ ਤੋਂ ਉਨ੍ਹਾਂ ਦਾ ਏਡੇ ਦੁਰੇਡੇ ਤੇ ਔਖੇ ਸਫ਼ਰ ਕਰਨ ਦਾ ਭਾਵ ਸਪਸ਼ਟ ਸਿਧ ਹੋ ਜਾਏਗਾ।

ਔਰੰਗਜ਼ੇਬ ਦਾ ਸੱਦਾ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਉੱਤਰ

ਚਮਕੌਰ ਦੇ ਜੰਗ (੨੨ ਦਸੰਬਰ ੧੭੦੪) ਪਿਛੋਂ ਗੁਰੂ ਸਾਹਿਬ ਬਰਾੜਾਂ ਦੇ ਇਲਾਕੇ ਬਠਿੰਡੇ ਦੇ ਰੇਤ ਥਲਾਂ ਦੀ ਤਰਫ ਜਾ ਰਹੇ ਸਨ ਜਦ ਕਿ ਦੀਨੇ ਮੁਕਾਮ ਪੁਰ ਆਪ ਨੂੰ ਬਾਦਸ਼ਾਹ ਔਰੰਗਜ਼ੇਬ ਵਲੋਂ ਇੱਕ ਪੱਤ੍ਰ ਪੁੱਜਾ, ਜਿਸ ਵਿੱਚ ਕਿ ਆਪ ਨੂੰ ਦੱਖਣ ਸੱਦਿਆ ਹੋਇਆ ਸੀ। ਬਾਦਸ਼ਾਹ ਦੇ ਖਤ ਦੇ ਵਿਸਥਾਰ ਦਾ ਕੁਝ ਪਤਾ ਨਹੀਂ ਚਲਦਾ। 'ਸਾਖੀ ਬੁੱਕ' ਜਿਸ ਵਿੱਚ ਕੇਵਲ ਸਾਰ ਹੀ ਦਿੱਤਾ ਗਿਆ ਹੈ ਦਸਦੀ ਹੈ ਕਿ "ਗੁਰੂ ਸਾਹਿਬ

ਨੂੰ ਪਰਵਾਨੇ ਭੇਜੇ ਗਏ ਜਿਨ੍ਹਾਂ ਵਿੱਚ ਲਿਖਿਆ ਸੀ ਕਿ ਰਾਜ ਕੇਵਲ ਇਕ ਹੈ, ਤੁਹਾਡੇ ਧਾਰਮਿਕ ਜਜ਼ਬਾਤ ਸਾਡੇ ਨਾਲ ਮਿਲਦੇ ਹਨ। ਸੁ ਚੰਗਾ ਹੋਵੇਗਾ ਜੇ ਤੁਸੀਂ ਏਥੇ ਆਕੇ ਸਾਨੂੰ ਮਿਲੋ, ਜੇ ਤੁਸੀਂ ਨਾ ਆਵੋਗੇ ਤਾਂ ਮੈਂ ਫੌਜਾਂ ਲੈਕੇ ਤੁਹਾਨੂੰ ਟੱਕਰਾਂਗਾ ਤੇ ਤੁਹਾਡੀ ਧਾਰਮਿਕ ਕੀਰਤਿ ਨੂੰ ਧੱਕਾ ਲੱਗੇਗਾ। ਤੁਸੀਂ ਮੇਰੇ ਰਾਜ ਵਿਚ ਹੋਰ ਸਾਧਾਂ ਸੰਤਾਂ ਦੀ ਤਰਾਂ ਰਹਿ ਸਕਦੇ ਹੋ। ਇਸ ਦੇ ਨਾਲ ਕੁਝ ਹੈਂਕੜ ਭਰੇ ਲਫਜ਼ ਭੀ ਸਨ ਜਹੇ ਕਿ ਸ਼ਾਹੀ ਪ੍ਰਵਾਨਿਆਂ ਵਿੱਚ ਆਮ ਹੁੰਦੇ ਸਨ ਤੇ ਨਾਲ ਇੱਕ ਫ਼ਿਕਰਾ ਇਸ ਭਾਵ ਦਾ ਸੀ ਕਿ ਔਰੰਗਜ਼ੇਬ ਨੂੰ ਰਾਜ ਸਚੇ ਖੁਦਾ ਪਾਕ ਵਲੋਂ ਮਿਲਿਆ ਹੋਇਆ ਹੈ। ੧

ਪਰ ਗੁਰੂ ਸਾਹਿਬ ਨੇ ਸ਼ਾਹੀ ਪਿਆਦਿਆਂ ਨੂੰ ਕਿਹਾ ਕਿ ਅਸੀਂ ਪਰਵਾਨਿਆਂ ਦਾ ਵਿਸਥਾਰ ਪੂਰਬਕ ਜਵਾਬ ਦਿਆਂਗੇ ਤੇ ਬਾਦਸ਼ਾਹ ਵੱਲੋਂ ਦੂਜੇ ਖ਼ਤ ਦੀ ਉਡੀਕ ਕਰਾਂਗੇ ਤੇ ਜੇ ਫੇਰ ਭੀ ਉਸਨੇ ਚਾਹਿਆ ਤਦ ਅਸੀਂ ਚਲੇ ਚੱਲਾਂਗੇ। ੨ ਗੁਰੂ ਸਾਹਿਬ ਨੇ ਫ਼ਾਰਸੀ ਕਵਿਤਾ ਵਿੱਚ ਇਕ

੧ ਸਾਖੀ ਬੁੱਕ, ਅਨੁਵਾਦਿਕ ਸਰਦਾਰ ਅਤਰ ਸਿੰਘ, ਸਾਖੀ ੨੦, ਪੰਨਾ ੬੦–੧

੨ ਅਹਿਮਦ ਸ਼ਾਹ ਬਟਾਲੀਆ, ਜ਼ਿਕਰਿ ਗੁਰੂਆਂ ਵਾ ਸਿੰਘਾਂ ਵਾ ਮਜ਼ਹਬਿ ਏਸ਼ਾਂ (੯–੧੦)

ਵਾਰਿਦ ਦੀ ਲਿਖਤ ਦੇ ਆਧਾਰ ਤੇ ਅਰਵਿਨ ਕਹਿੰਦਾ ਹੈ, "ਮੁਸਲਮਾਨ ਲਿਖਾਰੀ ਜ਼ੋਰ ਦਿੰਦੇ ਹਨ ਕਿ ਹੁਣ ਗੁਰੂ ਗੋਬਿੰਦ [ਸਿੰਘ] ਨੇ ਬਾਦਸ਼ਾਹ ਦੀ ਈਨ ਮੰਨਣ ਤੇ ਇਸਲਾਮ ਕਬੂਲ ਕਰਨ ਲਈ ਅਰਜ਼ੀਆਂ ਭੇਜਿਆਂ" ਪਰ ਔਰੰਗਜ਼ੇਬ ਤੇ ਗੁਰੂ ਗੋਬਿੰਦ ਸਿੰਘ ਜੀ ਪੁਰ ਜਿੰਨਾ ਭੀ ਤਵਾਰੀਖੀ ਮਸਾਲਾ ਮਿਲਦਾ ਹੈ ਕਿਤੋਂ ਭੀ ਇਸ ਗੱਲ ਦੀ ਪ੍ਰੋੜ੍ਹਤਾ ਨਹੀਂ ਹੁੰਦੀ। ਅਰਵਿਨ ਭੀ ਵਾਰਿਦ ਨੂੰ ਨਹੀਂ ਮੰਨਦਾ ਤੇ ਕਹਿੰਦਾ ਹੈ ਕਿ ਇਹ ਕਹਾਣੀ ਜਿਵੇਂ ਇਹ ਹੈ, ਮੰਨਣ ਯੋਗ ਨਹੀਂ (ਲੇਟਰ ਮੁਗ਼ਲਜ਼, ੳ ੯੯)

ਕੁਝ ਲਿਖਾਰੀ ਐਸੇ ਹਨ ਜਿਨ੍ਹਾਂ ਨੂੰ ਕੇਵਲ ਗੁਰੂ ਸਾਹਿਬ ਦੇ ਜ਼ਫਰਨਾਮੇ ਦਾ ਹੀ ਪਤਾ ਹੈ ਤੇ ਬਾਦਸ਼ਾਹ ਦੇ ਉਸ ਖ਼ਤ ਦਾ, ਜੋ ਇਸ ਤੋਂ ਪਹਿਲਾਂ ਉਨ੍ਹਾਂ ਨੂੰ ਦੱਖਣ ਬੁਲਾਣ ਲਈ ਭੇਜਿਆ ਗਿਆ ਸੀ, ਕੁਝ ਇਲਮ ਨਹੀਂ। ਪਰ ਜ਼ਫਰਨਾਮੇ ਦੀ ਅੰਦਰਲੀ ਗਵਾਹੀ ਤੋਂ ਪਤਾ ਲਗਦਾ ਹੈ (ਤੁਕ ੫੩, ੫੪) ਕਿ ਇਹ ਉੱਤਰ ਹੈ ਨਾ ਕਿ ਅਰਜ਼ੀ ਜਾਂ ਪਹਿਲਾ ਖ਼ਤ। 'ਸਾਖੀ ਬੁੱਕ' ਤੇ 'ਜ਼ਿਕਰੇ ਗੁਰੂਆਂ' ਆਦਿ ਦੀਆਂ ਲਿਖਤਾਂ ਕਿਆਸ ਲਈ ਕੋਈ ਥਾਂ ਨਹੀਂ ਛੱਡਦੀਆਂ ਤੇ ਸਾਬਤ ਕਰਦੀਆਂ ਹਨ ਕਿ ਜ਼ਫਰਨਾਮਾ ਬਾਦਸ਼ਾਹ ਦੇ ਸੱਦੇ ਦੇ ਜਵਾਬ ਵਿਚ ਲਿਖਿਆ ਗਿਆ ਸੀ।

ਲੰਮਾ ਖਤ ਲਿਖਿਆ ਜਿਸ ਨੂੰ 'ਜ਼ਫਰਨਾਮਾ' ਕਹਿੰਦੇ ਹਨ ਤੇ ਪੰਜਾਂ ਪਿਆਰਿਆਂ ਵਿੱਚੋਂ ਦੋ (ਭਾਈ ਦਯਾ ਸਿੰਘ ਤੇ ਭਾਈ ਧਰਮ ਸਿੰਘ) ਦੇ ਸਪੁਰਦ ਕੀਤਾ ਕਿ ਉਹ ਬਾਦਸ਼ਾਹ ਨੂੰ ਆਪ ਜਾ ਕੇ ਦੇਣ।

ਇੱਥੇ ਇੰਨੀ ਥਾਂ ਨਹੀਂ ਕਿ ਗੁਰੂ ਸਾਹਿਬ ਦਾ ਸਾਰੇ ਦਾ ਸਾਰਾ ਜ਼ਫਨਾਮਾ ਦੇ ਸਕੀਏ ਜਾਂ ਇੱਥੇ ਉਸਦਾ ਉੱਲਥਾ ਕਰ ਸਕੀਏ। ਇਹ ਛਪਿਆ ਹੋਇਆ ਮਿਲਦਾ ਹੈ। ਸਾਡੇ ਮਤਲਬ ਲਈ ਏਨਾ ਕਾਫ਼ੀ ਹੈ ਕਿ ਇਹ ਤਾੜਕ ਨਸੀਹਤ ਦੇ ਤੌਰ ਤੇ ਲਿਖਿਆ ਗਿਆ ਹੈ ਅਤੇ ਬਾਦਸ਼ਾਹ ਨੂੰ ਮੁੜ ਮੁੜ ਦਸਦਾ ਹੈ ਕਿ ਗੁਰੂ ਸਾਹਿਬ ਅੱਗੇ ਹੀ ਤੁਹਾਡੀਆਂ (ਬਾਦਸ਼ਾਹ ਦੀਆਂ) ਕੁਰਾਨ ਦੀਆਂ ਕਸਮਾਂ ਤੋਂ ਧੋਖਾ ਖਾ ਚੁੱਕੇ ਹਨ ਤੇ ਹੁਣ ਦੂਜੀ ਦਫ਼ਾ ਉਨ੍ਹਾਂ ਉੱਪਰ ਇਤਬਾਰ ਕਰਨ ਲਈ ਉਹ ਨਹੀਂ ਮੰਨਾਏ ਜਾ ਸਕਦੇ। ਅਨੰਦ ਪੁਰ, ਸਰਸਾ ਨਦੀ ਤੇ ਚਮਕੌਰ ਦੇ ਯੁਧਾਂ ਦਾ ਜ਼ਿਕਰ ਕਰਦੇ ਹੋਏ ਗੁਰੂ ਸਾਹਿਬ ਉਸ ਨੂੰ ਕਹਿੰਦੇ ਹਨ ਕਿ ਸ਼ਾਹੀ ਕਰਮਚਾਰੀ ਆਪਣੇ ਇਕਰਾਰਾਂ ਤੋਂ ਮੁੱਕਰ ਗਏ ਸਨ ਅਤੇ ਉਨ੍ਹਾਂ ਅਚਾਨਕ ਹੀ ਸਾਡੇ ਤੇ ਆ ਧਾਵਾ ਬੋਲਿਆ। ਉਨ੍ਹਾਂ ਇਹ ਭੀ ਆਖਿਆ ਕਿ ਬਾਦਸ਼ਾਹ ਦੇ ਬਖਸ਼ੀ ਤੇ ਦੀਵਾਨ ਸਭ ਝੂਠੇ ਹਨ। ਜੇ ਬਾਦਸ਼ਾਹ ਆਪਣੇ ਕੌਲ ਤੇ ਪੂਰਾ ਉਤਰਦਾ ਤਦ ਸਾਰੇ ਝਗੜੇ ਛੇਤੀ ਮੁੱਕ ਸਕਦੇ ਸਨ। ਗੁਰੂ ਸਾਹਿਬ ਨੇ ਇਹ ਭੀ ਲਿਖਿਆ ਕਿ ਅਸੀਂ ਕ੍ਰਿਪਾਨ ਆਖ਼ਰੀ ਚਾਰੇ ਨੂੰ ਫੜੀ ਹੈ ਕਿਉਂਕਿ ਜਦ ਹੋਰ ਸਭ ਤਰੀਕੇ ਮੁੱਕ ਜਾਣ ਤਦ ਇਸਦਾ ਵਰਤਣਾ ਜਾਇਜ਼ ਹੈ। ਹਾਂ ਅਸੀਂ ਬਾਦਸ਼ਾਹ ਨਾਲ ਸੁਲਾਹ ਦੀ ਗੱਲ ਬਾਤ ਕਰਨ ਨੂੰ ਤਿਆਰ ਹਾਂ। ਜੇ ਉਹ ਕਾਂਗੜੇ ਦੇ ਪਰਗਨੇ ਪੰਜਾਬ ਵਿੱਚ ਆ ਜਾਏ ਤੇ ਅਸੀਂ ਭੀ ਦੱਖਣ ਨੂੰ ਜਾ ਸਕਦੇ ਹਾਂ, ਜੇ ਉਸ ਵੱਲੋਂ ਦੂਸਰਾ ਸੱਦਾ ਆ ਜਾਏ। ਗੁਰੂ ਸਾਹਿਬ ਔਰੰਗਜ਼ੇਬ ਪਾਸੋਂ ਸਚਿਆਈ ਤੇ ਦਿਆਨਤਦਾਰੀ ਚਾਹੁੰਦੇ ਸਨ। ਗੁਰੂ ਸਾਹਿਬ ਨੇ ਲਿਖਿਆ, "ਦੂਜਿਆਂ ਦਾ ਖ਼ੂਨ ਵਿਅਰਥ ਨ ਡੋਹਲੋ ਕਿਉਂਕਿ ਯਕੀਨ ਜਾਣੋ ਕਿ ਮੌਤ ਤੁਹਾਡਾ ਭੀ ਖ਼ੂਨ ਏਸੇ ਤਰ੍ਹਾਂ ਡੋਲ੍ਹੇਗੀ। ਜੇ ਤੁਸੀਂ ਫੌਜ ਅਤੇ ਰੁਪਏ ਤੇ ਅੱਖਾਂ ਲਾਈ

ਬੈਠੇ ਹੋ ਤਦ ਸਾਡੀਆਂ ਨਜ਼ਰਾਂ ਸਰਬ ਸ਼ਕਤੀ ਮਾਨ ਵੱਲ ਹਨ ਤੇ ਜੇ ਤੁਹਾਨੂੰ ਜ਼ੋਰ ਜਾਂ ਮਾਇਆ ਦਾ ਮਾਣ ਹੈ ਤਦ ਸਾਡਾ ਭੀ ਰਖਣ ਹਾਰਾ ਅਕਾਲ ਹੈ। ੧

ਭਾਈ ਦਯਾ ਸਿੰਘ ਜੀ ਤੇ ਭਾਈ ਧਰਮ ਸਿੰਘ ਜੀ ਅਹਿਦੀਆਂ ਵਾਲਾ ਭੇਸ ਕਰਕੇ ਦੱਖਣ ਵੱਲ ਟੁਰ ਪਏ। ਅੱਜ ਕੱਲ ਦੇ ਸਮੇਂ ਦੇ ਔਣ ਜਾਣ ਦੇ ਪ੍ਰਬੰਧ ਦੇ ਨਾ ਹੋਣ ਦੇ ਕਾਰਣ ਉਨ੍ਹਾਂ ਨੂੰ ਅਹਿਮਦ ਨਗਰ ਵਿੱਚ ਬਾਦਸ਼ਾਹ ਦੇ ਕੈਂਪ ਲਾਗੇ ਪੁੱਜਣ ਵਿੱਚ ਕਈ ਮਹੀਨੇ ਲੱਗ ਗਏ। ਇੱਕ ਹੋਰ ਔਕੜ ਭੀ ਸੀ। ਉਹ ਸੀ ਬਾਦਸ਼ਾਹ ਪਾਸ ਆਪ ਪਹੁੰਚ ਸਕਣ ਦੀ। ਭਾਈ ਦਯਾ ਸਿੰਘ ਨੇ ਗੁਰੂ ਸਾਹਿਬ ਨੂੰ ਆਪਣੀਆਂ ਮੁਸ਼ਕਲਾਂ ਲਿਖੀਆਂ ਤੇ ਉਨ੍ਹਾਂ ਦੀ ਸਲਾਹ ਮੰਗੀ। ਪਰ ਇਨੇ ਸਮੇਂ ਵਿੱਚ ਉਹ ਸੰਦੇਸਾ

੧ ਅਹਿਮਦ ਸ਼ਾਹ ਤੇ ਕੇਸਰ ਸਿੰਘ (ਬੰਸਾਵਲੀ ਨਾਮਾ) ਦੇ ਮੁਤਾਬਿਕ ਜ਼ਫਰਨਾਮੇ ਵਿੱਚ ਇੱਕ ਹਜ਼ਾਰ ਚਾਰ ਸੌ ਸ਼ੇਅਰ ਸਨ ਜੋ ਸਿੱਖ ਗੁਰੂਆਂ ਤੇ ਮੁਗ਼ਲ ਬਾਦਸ਼ਾਹਾਂ ਦੇ ਤਅੱਲਕਾਤ ਦਾ ਔਰੰਗਜ਼ੇਬ ਦੇ ਸਮੇਂ ਤੱਕ ਦਾ ਹਾਲ ਦਸਦੇ ਸਨ ਤੇ ਗੁਰੂ ਸਾਹਿਬ ਦੀਆਂ ਸ਼ਿਕੈਤਾਂ ਤੇ ਮੁਗ਼ਲਾਂ ਦੀ ਜ਼ਿਮੇਵਾਰੀ ਵਿਸਥਾਰ ਪੂਰਬਕ ਦਰਸਾਉਂਦੇ ਸਨ (ਪੰਨਾ ੯-੧੦)। ਮੌਜੂਦਾ ਜ਼ਫਰਨਾਮਾ, ਜਿਵੇਂ ਕਿ ਦਸਮ ਗ੍ਰੰਥ ਵਿੱਚ ਛਪਿਆ ਹੈ, ਕੇਵਲ ੧੧੧ ਸ਼ੇਅਰਾਂ ਦਾ ਹੈ।

ਇਸ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਸ਼ੇਅਰਾਂ ਦੀ ਤਰਤੀਬ ਵਿੱਚ ਕੁਝ ਫ਼ਰਕ ਹੈ। ਇਸ ਦਾ ਇਕ ਦਮ ਖਤਮ ਹੋ ਜਾਣਾ ਭੀ ਇਹ ਸ਼ੱਕ ਪਾਉਂਦਾ ਹੈ ਕਿ ਸ਼ਾਇਦ ਇਹ ਪੂਰਾ ਨਹੀਂ। ਗੁਰੂ ਸਾਹਿਬ ਦਾ ਅਸਲ ਖਤ ਜਾਂ ਉਸ ਦੀ ਕੋਈ ਭਰੋਸੇ ਯੋਗ ਨਕਲ ਅੱਜ ਤੱਕ ਨਹੀਂ ਮਿਲ ਸਕੀ। ਸਵਰਗੀ ਬਾਬੂ ਜਗਨ ਨਾਥ ਦਾਸ ਬੀ. ਏ. ਰਤਨਾਕਰ ਅਯੁਧਿਆ ਵਾਲਿਆਂ ਨੇ ਨਾਗਰੀ ਪ੍ਰਚਾਰਨੀ ਪੱਤ੍ਰਿਕਾ ਹਿੱਸਾ ੩ ਨੰ: ੨ ਬਾਬਤ ਸਾਵਣ ਸੰਮਤ ੧੯੭੯ ਬਿਕ੍ਰਮੀ (੧੯੨੨ ਈਸਵੀ) ਵਿਚ ਲਿਖਿਆ ਸੀ ਕਿ ੧੯੯੦ ਈ: ਦੇ ਲਗ ਪਗ ਉਨ੍ਹਾਂ ਨੂੰ ਪਟਨੇ ਵਾਲੇ ਬਾਬਾ ਸੁਮੇਰ ਸਿੰਘ ਜੀ ਤੋਂ ਗੁਰੂ ਗੋਬਿੰਦ ਸਿੰਘ ਜੀ ਦੀ ਔਰੰਗਜ਼ੇਬ ਨੂੰ ਲਿਖੀ ਚਿਠੀ ਦੀ ਨਕਲ ਮਿਲੀ ਸੀ ਜੋ ਕਿ ਜ਼ਫਰਨਾਮੇ ਤੋਂ ਵੱਖਰੀ ਸੀ। ਪਰ ਉਸ ਕਾਪੀ ਦੀ ਹੋਂਦ ਦਾ ਹੁਣ ਕੋਈ ਪਤਾ ਨਹੀਂ ਤੇ ਨਾ ਹੀ ਉਸਦਾ ਕੁਝ ਪਤਾ ਹੈ ਜੋ ਬਾਬਾ ਸੁਮੇਰ ਸਿੰਘ ਜੀ ਪਾਸ ਸੀ ਜਿਨ੍ਹਾਂ ਦੇ ਕਾਗਜ਼ ਉਨ੍ਹਾਂ ਦੀ ਮ੍ਰਿਤਯੂ ਪੁਰ ਏਧਰ ਉਧਰ ਖਿੰਡਰ ਪੁੰਡਰ ਗਏ ਸਨ।

ਬਾਦਸ਼ਾਹ ਤੱਕ ਪੁਚਾਣ ਵਿੱਚ ਸਫ਼ਲ ਹੋ ਗਏ। ੧ V.V. Inap

ਜ਼ਫ਼ਰਨਾਮਾ ਪੁਜਣ ਪੁਰ ਬਾਦਸ਼ਾਹ ਨੇ ਵਜ਼ਾਰਤ-ਪਨਾਹ ਵਜ਼ੀਰ ਮੁਨਇਮ ਖਾਂ ਨੂੰ ਦਿੱਲੀ ਚਿੱਠੀ ਲਿਖਵਾਈ ਤੇ ਮੁਹੰਮਦ ਬੇਗ ਗੁਰਜ਼-ਬਰਦਾਰ ਤੇ ਸ਼ੇਖ ਯਾਰ ਮੁਹੰਮਦ ਮਨਸਬਦਾਰ ਦੇ ਹੱਥ ਉਸ ਨੂੰ ਭੇਜੀ। ਉਸ ਵਿੱਚ ਬਾਦਸ਼ਾਹ ਨੇ ਵਜ਼ੀਰ ਨੂੰ ਲਿਖਿਆ ਕਿ ਉਹ ਗੁਰੂ ਸਾਹਿਬ ਨੂੰ ਮੰਨਾਏ, ਉਨ੍ਹਾਂ ਨੂੰ ਦਿੱਲੀ ਸਦੇ ਤੇ ਸ਼ਾਹੀ ਫ਼ਰਮਾਨ ਉਨ੍ਹਾਂ ਤੱਕ ਪੁਚਾ ਕੇ ਕਿਸੇ ਮਨਸਬਦਾਰ ਦੇ ਨਾਲ ਉਨ੍ਹਾਂ ਨੂੰ ਬਾਦਸ਼ਾਹ ਪਾਸ ਭੇਜ ਦੇਵੇ।

ਖ਼ਤ ਵਿਚ ਇਹ ਭੀ ਲਿਖਿਆ ਸੀ ਕਿ ਜਦ ਗੁਰੂ ਸਾਹਿਬ ਸਰਹੰਦ ਦੇ ਲਾਗੇ ਪੁੱਜਣ ਤਦ ਮੁਨਇਮ ਖ਼ਾਂ ਕਿਸੇ ਵਾਕਿਫ਼ਕਾਰ ਨਾਲ ਉਨ੍ਹਾਂ ਨੂੰ ਟੋਰ ਦੇਵੇ ਤੇ ਆਪਣੇ ਇਲਾਕਿਓਂ ਪਾਰ ਲੰਘਾ ਦੇਵੇ। ਮੁਨਇਮ ਖ਼ਾਂ ਨੂੰ ਇਹ ਭੀ ਹਿਦੈਤ ਸੀ ਕਿ ਉਹ ਗੁਰੂ ਸਾਹਿਬ ਦੀ ਦਿਲਜੋਈ ਕਰੇ ਤੇ ਸਫ਼ਰ ਖ਼ਰਚ ਲਈ ਜਿਨੇ ਰੁਪੈ ਦੀ ਭੀ ਉਨ੍ਹਾਂ ਨੂੰ ਲੋੜ ਪਏ ਉਨ੍ਹਾਂ ਦੀ ਖੋਹੀ ਹੋਈ ਜਾਇਦਾਦ ਵਿਚੋਂ ਦੇ ਦੇਵੇ। ੨

ਭਾਈ ਦਯਾ ਸਿੰਘ ਨੂੰ ਔਰੰਗਜ਼ੇਬ ਨੇ ਆਪਣੇ ਗੁਰਜ਼-ਬਰਦਾਰ ਤੇ ਇੱਕ ਹੋਰ ਪਿਆਦੇ ਨਾਲ ਭੇਜ ਦਿੱਤਾ ਤੇ ਉਹ ਉਸੇ ਵੇਲੇ ਉੱਤਰ ਨੂੰ ਚੱਲ ਪਏ।

ਗੁਰੂ ਸਾਹਿਬ ਦੱਖਣ ਨੂੰ ਚੱਲਦੇ ਹਨ—

ਗੁਰੂ ਸਾਹਿਬ ਭੀ ੫ ਕੱਤਕ ਸੰਮਤ ੧੭੬੩ ਬਿਕ੍ਰਮੀ (ਅਕਤੂਬਰ

੧ ਸੈਨਾਪਤ: ਸ੍ਰੀ ਗੁਰੂ ਸੋਭਾ ੭੭-੭੮, ਗੁਰੂ ਸਾਹਿਬ ਨੇ ਭਾਈ ਦਯਾ ਸਿੰਘ ਦੇ ਜਵਾਬ ਵਿਚ ਲਿਖਿਆ ਕਿ ਵਾਹਿਗੁਰੂ ਵਿਚ ਭਰੋਸਾ ਰਖੋ ਤੇ ਸਬਰ ਕਰੋ। ਮੁਕਾਮੀ ਸਿਖਾਂ ਨੂੰ ਉਨ੍ਹਾਂ ਭਾਈ ਦਯਾ ਸਿੰਘ ਨੂੰ ਸਹਾਇਤਾ ਦੇਣ ਦੀ ਤਾਕੀਦ ਕੀਤੀ।

੨ ਇਨਾਇਤਉੱਲਾ ਇਸਮੀ, ਅਹਿਕਾਮਿ ਆਲਿਮਗੀਰੀ, ਪੰਨਾ ੪੨੯-੩੦, ੫੧੦,।

੧੭੦੬) ਨੂੰ ਦੱਖਣ ਵੱਲ ਟੁਰ ਪਏ੧। ਉਨ੍ਹਾਂ ਨੂੰ ਕਾਫ਼ੀ ਚਿਰ ਤੋਂ ਦੱਖਣ ਵਲੋਂ ਕੋਈ ਖ਼ਬਰ ਨਹੀਂ ਸੀ ਪੁੱਜੀ। ਸੋ ਉਨ੍ਹਾਂ ਨੂੰ ਆਪਣੇ ਭੇਜੇ ਹੋਏ ਮਿਸ਼ਨ ਦੀ ਸਫ਼ਲਤਾ ਜਾਂ ਅਸਫਲਤਾ ਦਾ ਕੋਈ ਪਤਾ ਨਹੀਂ ਸੀ ਲਗ ਸਕਿਆ। ਭਾਈ ਦਯਾ ਸਿੰਘ ਵੱਲੋਂ ਜੋ ਕੁਝ ਉਨ੍ਹਾਂ ਨੂੰ ਪੁੱਜਾ, ਉਹ ਸੀ ਉਨ੍ਹਾਂ ਦੀਆਂ ਆਪਣੀਆਂ ਐਕੜਾਂ ਔਰੰਗਜ਼ੇਬ ਤੱਕ ਜ਼ਫਰਨਾਮਾ ਪੁਚਾਣ ਵਿਚ। ਬਾਦਸ਼ਾਹ ਦੀ ਡਿਗ ਰਹੀ ਸੇਹਤ ਤੇ ਲੰਮੀ ਬੀਮਾਰੀ ਦੀ ਖਬਰ ਆਮ ਸੀ ਅਤੇ ੯੦ ਵਰ੍ਹਿਆਂ ਦੇ ਭਾਰ ਹੇਠਾਂ ਉਸਦਾ ਅੰਤ ਛੇਤੀ ਨੇੜੇ ਆ ਰਿਹਾ ਸੀ। ਸੋ ਗੁਰੂ ਸਾਹਿਬ ਨੇ ਆਪ ਹੀ ਦੱਖਣ ਜਾਣਾ ਤੇ ਬਾਦਸ਼ਾਹ ਨਾਲ ਫੈਸਲਾ ਕਰ ਲੈਣਾ ਠੀਕ ਸਮਝਿਆ।

ਇਸ ਸਮੇਂ ਗੁਰੂ ਸਾਹਿਬ ਦੇ ਦੱਖਣ ਜਾਣ ਦਾ ਹੋਰ ਕੀ ਮੁੱਦਾ ਹੋ ਸਕਦਾ ਸੀ? ਪਰ ਇਸ ਬਾਰੇ ਸਿਖ ਤੇ ਗ਼ੈਰ ਸਿਖ ਲਿਖਾਰੀਆਂ ਨੇ ਕਈ ਤਰਾਂ ਆਪਦਾ ਮਨਸ਼ਾ ਦੱਸਿਆ ਹੈ ਤੇ ਕਿਸੇ ਨਾ ਕਿਸੇ ਪਾਸਿਉਂ ਉਹ ਇਨ੍ਹਾਂ ਦੋ ਕੇਂਦਰੀ ਨੁਕਤਿਆਂ ਤੇ ਆ ਜਾਂਦੇ ਹਨ।

ਪਹਿਲਾ ਇਹ ਕਿ ਉਹ ਦੱਖਣ ਨੂੰ ਕੇਵਲ ਪ੍ਰਚਾਰ ਦੇ ਖ਼ਿਆਲ ਨਾਲ ਗਏ ਸਨ।

ਦੂਜੇ, ਇਹ ਕਿ ਆਪਣੇ ਸਾਹਿਬ ਜ਼ਾਦਿਆਂ, ਮਾਤਾ ਜੀ ਤੇ ਹੋਰ ਬੇਅੰਤ ਸ਼ਰਧਾਲੂਆਂ ਦੇ ਚਲਾਣਾ ਕਰ ਜਾਣ ਕਰਕੇ ਆਮ ਪੰਜਾਬੀਆਂ ਵਲੋਂ ਨਿਰਾਸ ਹੋ ਗਏ ਤੇ ਰਾਜਪੂਤਾਂ ਤੇ ਮਰਾਠਿਆਂ ਨੂੰ ਟੂੰਬਣ ਲਈ ਦੱਖਣ ਵੱਲ ਚੜ੍ਹਾਈ ਕਰ ਦਿਤੀ ਤਾਂ ਜੋ ਉਹ ਆਪਣਾ ਮਿਸ਼ਨ ਸਿਰੇ ਚੜ੍ਹਾ ਸਕਣ, ਤੇ ਆਪਣਾ ਕੰਮ ਜਾਰੀ ਰੱਖਣ ਲਈ ਕੋਈ ਯੋਗ ਜਾਨਸ਼ੀਨ ਨੀਯਤ ਕਰ ਸਕਣ।੨

੧ ਅਤਰ ਸਿੰਘ, ਟਰੈਵਲਜ਼ ਆਫ ਗੁਰੂ ਤੇਗ਼ ਬਹਾਦੁਰ ਸਾਖੀ ੧੧੨ ਪੰਨਾ ੧੨੯–੨੯

੨ ਦੌਲਤ ਰਾਏ, ਗੁਰੂ ਗੋਬਿੰਦ ਸਿੰਘ ੨੨੫–੨੬, ਪਰਮਾਨੰਦ, ਤਾਰੀਖ ਪੰਜਾਬ।

ਪਰ ਜਿਵੇਂ ਕਿ ਹੁਣ ਸਾਨੂੰ ਪਤਾ ਲਗੇਗਾ ਗੁਰੂ ਸਾਹਿਬ ਦੀ ਬਾਕੀ ਜ਼ਿੰਦਗੀ ਦੇ ਸਮਾਚਾਰ ਇਨ੍ਹਾਂ ਕਿਆਸਾਂ ਨੂੰ ਗ਼ਲਤ ਸਾਬਤ ਕਰਦੇ ਹਨ।

ਗੁਰੂ ਸਾਹਿਬ ਦੱਖਣ ਨੂੰ ਬੀਕਾਨੇਰ ਤੇ ਰਾਜਪੂਤਾਨੇ ਦੇ ਰਸਤੇ ਗਏ। ਜਦ ਆਪ ਬਘੌਰ ਦੇ ਲਾਗੇ ਪੁਜੇ ਤਾਂ ਭਾਈ ਦਯਾ ਸਿੰਘ ਵਾਪਸ ਆਉਂਦੇ ਹੋਏ ਆਪ ਨੂੰ ਮਿਲੇ ਤੇ ਉਨ੍ਹਾਂ ਦੱਖਣ ਵਿਚ ਜੋ ਉਨ੍ਹਾਂ ਨਾਲ ਬੀਤੀ ਸੀ ਸਭ ਸੁਣਾਈ। ਬਾਦਸ਼ਾਹ ਦੇ ਗੁਰਜ਼ਬਰਦਾਰ ਤੇ ਮਨਸਬਦਾਰ ਸ਼ਾਹੀ ਫ਼ਰਮਾਨ ਮੁਨਇਮ ਖਾਂ ਨੂੰ ਪੁਚਾਣ ਲਈ ਸਿੱਧੇ ਦਿਲੀ ਨੂੰ ਚਲੇ ਗਏ। ਏਥੇ ਕਿਤੇ ਹੀ ਅਹਿਮਮਦ ਨਗਰ ਵਿਚ ੨੮ ਜ਼ੀ-ਕਦਾ ੧੧੧੮ ਹਿਜਰੀ ਮੁਤਾਬਿਕ ੨੦ ਫ਼ਰਵਰੀ ੧੭੦੭ ਈਸਵੀ (ਪੁਰਾਣਾ ਢੰਗ) ਨੂੰ ਬਾਦਸ਼ਾਹ ਦੇ ਅਹਿਮਦ ਨਗਰ ਵਿਚ ਚਲਾਣੇ ਕਰ ਜਾਣ ਦੀ ਖ਼ਬਰ ਮਿਲੀ। ੧

ਗੁਰੂ ਸਾਹਿਬ ਦਾ ਦਿੱਲੀ ਨੂੰ ਮੁੜਨਾ:—

ਚੂੰਕਿ ਗੁਰੂ ਸਾਹਿਬ ਦੇ ਆਪਣੇ ਦੇਸ ਤੋਂ ਏਡੀ ਦੂਰ ਔਣ ਦਾ ਇਕੋ ਇਕ ਮੰਨਤਵ ਹੁਣ ਪੂਰਾ ਨਹੀਂ ਸੀ ਹੋ ਸਕਦਾ ਸੋ ਉਨ੍ਹਾਂ ਵਾਪਿਸ ਉੱਤਰ ਵਲ ਨੂੰ ਮੁੜ ਜਾਣ ਦਾ ਫੈਸਲਾ ਕਰ ਲਿਆ। ਕੇਵਲ ਇੰਨਾ ਹੀ ਉਪਰਲੇ ਕਿਆਸਾਂ ਨੂੰ ਰੱਦ ਕਰਨ ਲਈ ਕਾਫ਼ੀ ਹੈ। ਜੇ ਗੁਰੂ ਸਾਹਿਬ ਪ੍ਰਚਾਰ ਦੇ ਖਿਆਲ ਨਾਲ ਉਧਰ ਜਾ ਰਹੇ ਸਨ ਤਦ ਬਾਦਸ਼ਾਹ ਦੀ ਮੌਤ ਦੀ ਖ਼ਬਰ ਸੁਣ ਕੇ ਵਾਪਸ ਮੁੜ ਪੈਣ ਦਾ ਕੀ ਅਰਥ? ਸਗੋਂ ਉਨ੍ਹਾਂ ਨੂੰ ਵਧੇਰੇ ਜੋਸ਼ ਨਾਲ ਆਪਣੇ ਕੰਮ ਵਿਚ ਜੁਟਣਾ ਚਾਹੀਦਾ ਸੀ ਕਿਉਂਕਿ ਉਨ੍ਹਾਂ ਦਾ ਸਭ ਤੋਂ ਵੱਡਾ ਧਾਰਮਿਕ ਦੁਸ਼ਮਣ ਹੁਣ ਚਲਾਣਾ ਕਰ ਗਿਆ ਸੀ ਤੇ ਕੋਈ ਖ਼ਤਰਾ ਬਾਕੀ ਨਹੀਂ ਸੀ ਰਿਹਾ। ਜੇ ਪੰਜਾਬ ਉਨ੍ਹਾਂ ਨਿਰਾਸਤਾ ਦੇ ਕਾਰਨ ਛਡਿਆ ਸੀ ਤਦ ਇਸ ਤੋਂ ਵਧੇਰੇ ਅੱਛਾ ਮੌਕਾ ਰਾਜਪੂਤਾਂ ਤੇ ਮਰਾਠਿਆਂ ਨੂੰ ਉਭਾਰਨ ਦਾ ਹੋਰ ਕੀ ਹੋ ਸਕਦਾ ਸੀ? ਬੁੱਢਾ ਬਾਦਸ਼ਾਹ ਮਰ ਚੁਕਾ ਸੀ। ਜਾਇਜ਼

੧ ਸ੍ਰੀ ਗੁਰੂ ਸੋਭਾ ੯੫-੬।

ਵਾਰਿਸ ਸ਼ਹਿਜ਼ਾਦਾ ਮੁਅੱਜ਼ਮ (ਬਹਾਦੁਰ ਸ਼ਾਹ) ਬਗੈਰ ਕਿਸੇ ਫ਼ੌਜ ਜਾਂ ਖਜ਼ਾਨੇ ਦੇ ਦੂਰ ਦੁਰਾਡੇ ਉਤਰ-ਲਹਿੰਦੇ ਸਰਹੱਦੀ ਸੂਬੇ ਵਿਚ ਸੀ ਤੇ ਸ਼ਾਹਿਜ਼ਾਦਾ ਆਜ਼ਮ ਨੇ ਜੋ ਕਿ ਉਸਦਾ ਛੋਟਾ ਭਰਾ ਸੀ ਆਪਣੇ ਬਾਦਸ਼ਾਹ ਹੋਣ ਦਾ ਐਲਾਨ ਕਰ ਦਿਤਾ ਸੀ ਤੇ ਤਖ਼ਤ ਪੁਰ ਕਬਜ਼ਾ ਕਰਨ ਦੀ ਖਾਤਰ ਉੱਤਰ ਵਲ ਚੜ੍ਹਿਆ ਆ ਰਿਹਾ ਸੀ। ਪਰ ਗੁਰੂ ਸਾਹਿਬ ਜ਼ਾਤੀ ਝਗੜਿਆਂ ਤੇ ਬਦਲਾ ਲੈਣ ਦੀਆਂ ਚਾਲਾਂ ਤੋਂ ਬਹੁਤ ਉਚੇਰੇ ਸਨ। ਉਨ੍ਹਾਂ ਦੇ ਖ਼ਿਆਲ ਵਿਚ ਅਜੇਹੀ ਕੋਈ ਗੱਲ ਹੀ ਨਹੀਂ ਸੀ। ਉਨ੍ਹਾਂ ਦਾ ਇਕੋ ਇਕ ਮੁੱਦਾ ਔਰੰਗਜ਼ੇਬ ਨੂੰ ਮਿਲਣ ਦਾ ਹੁਣ ਉਸ ਦੀ ਮੌਤ ਪਿੱਛੋਂ ਪੂਰਾ ਨਹੀਂ ਸੀ ਹੋ ਸਕਦਾ। ਸੋ ਚੁਪ ਚਾਂਪ ਉਹ ਦਿਲੀ ਵਲ ਮੁੜ ਆਏ ਜਿਥੇ ਕਿ ਉਸ ਸਮੇਂ ਮਾਤਾ ਸੁੰਦਰੀ ਤੇ ਸਾਹਿਬ ਦੇਈ ਰਹਿੰਦੇ ਸਨ। ੧

ਸ਼ਾਹਿਜ਼ਾਦਾ ਮੁਅੱਜ਼ਮ ਦੀ ਗੁਰੂ ਸਾਹਿਬ ਪਾਸੋਂ ਸਹੈਤਾ ਦੀ ਮੰਗ—

ਸ਼ਾਹਿਜ਼ਾਦਾ ਮੁਅੱਜ਼ਮ ਇਸ ਸਮੇਂ ਛੇਤੀ ਛੇਤੀ ਦੱਖਣ ਨੂੰ ਆ ਰਿਹਾ ਸੀ ਤਾਕਿ ਭਰਾ ਆਜ਼ਮ ਦਾ ਜੋ ਸ਼ਾਹੀ ਰਾਜਧਾਨੀ ਵਲ ਆਪਣਾ ਕਬਜ਼ਾ ਜਮਾਣ ਲਈ ਧਾਵਾ ਬੋਲ ਰਿਹਾ ਸੀ ਮੁਕਾਬਲਾ ਕਰ ਸਕੇ। ਗੁਰੂ ਸਾਹਿਬ ਦਿੱਲੀ ਪੁਜ ਚੁਕੇ ਸਨ। ਭਾਈ ਨੰਦ ਲਾਲ ਦੇ ਕਹਿਣ ਪੁਰ ਜੋ ਕਿ ਗੁਰੂ ਸਾਹਿਬ ਦਾ ਸੇਵਕ ਸੀ ਤੇ ਸ਼ਹਿਜ਼ਾਦੇ ਦਾ ਮੁਨਸ਼ੀ ਰਹਿ ਚੁਕਿਆ ਸੀ, ਮੁਅੱਜ਼ਮ ਨੇ ਗੁਰੂ ਸਾਹਿਬ ਨੂੰ ਚਿੱਠੀ ਲਿਖੀ ਤੇ ਉਹਨਾਂ ਦੀ ਸਹੈਤਾ ਮੰਗੀ। ਇਹ ਠੀਕ ਹੈ ਕਿ ਗੁਰੂ ਸਾਹਿਬ ਪਾਸ ਉਸ ਵੇਲੇ ਕੋਈ ਵੱਡੀ ਫ਼ੌਜ ਨਹੀਂ ਸੀ ਜੋ ਕਿ ਉਸ ਦੀ ਕੋਈ ਖ਼ਾਸ ਸਹੈਤਾ ਕਰ ਸਕਦੀ। ਖ਼ਾਫ਼ੀ ਖਾਂ ਦੀ 'ਮੁੰਤਖ਼ਿਬੁ-ਲ-ਲੁਬਾਬ' ਦੇ ਮੁਤਾਬਕ ਉਨ੍ਹਾਂ ਨਾਲ ਕੇਵਲ ਦੋ ਤਿੰਨ ਸੌ ਨੇਜ਼ਾਦਾਰ ਸਵਾਰ ਸਨ। ਪਰ ਉਨ੍ਹਾਂ ਨੂੰ ਸਹੈਤਾ ਲਈ ਦਰਖਾਸਤ ਉਨ੍ਹਾਂ ਦੀ ਤਕੜੀ ਫੌਜ ਕਰਕੇ ਨਹੀਂ

੧ ਸ੍ਰੀ ਗੁਰੂ ਸੋਭਾ ੯੯।

ਸੀ ਕੀਤੀ ਗਈ। ਮੁਗ਼ਲ ਕਈ ਵਾਰ ਅਜੇਹਿਆਂ ਸਮਿਆਂ ਤੇ ਸੰਤਾਂ ਫ਼ਕੀਰਾਂ ਦੀਆਂ ਅਸੀਸਾਂ ਦੀ ਓਟ ਲੈਂਦੇ ਹੁੰਦੇ ਸਨ । ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਦੇ ਜਾਨਸ਼ੀਨ ਸਨ ਜਿਨ੍ਹਾਂ ਨੂੰ ਕਿ ਸਿੱਖ, ਮੁਸਲਮਾਨ, ਹਿੰਦੂ ਸਭ ਇਕ ਵੱਡਾ ਪੀਰ ਤੇ ਖੁਦਾ ਦਾ ਬੰਦਾ ਸਮਝਦੇ ਸਨ। ਨਾਲੇ ਭਾਈ ਨੰਦ ਲਾਲ ਜਿਸ ਨੇ ਕਿ ਮੁਅੱਜ਼ਮ ਨੂੰ ਇਹ ਰਾਇ ਦਿਤੀ ਸੀ ਗੁਰੂ ਸਾਹਿਬ ਦਾ ਪੱਕਾ ਸ਼ਰਧਾਲੂ ਸੀ ਤੇ ਰੱਬ ਤੋਂ ਉੱਤਰ ਕੇ ਗੁਰੂ ਸਾਹਿਬ ਵਿਚ ਹੀ ਉਸ ਦਾ ਵਿਸ਼ਵਾਸ ਸੀ। ਸੋ ਉਨ੍ਹਾਂ ਦੀ ਰੂਹਾਨੀ ਸਹੈਤਾ ਲੈਣ ਲਈ ਭਾਈ ਨੰਦ ਲਾਲ ਬਾਦਸ਼ਾਹ ਦੀ ਤਰਫੋਂ ਹਾਜ਼ਿਰ ਹੋਇਆ ।

ਹੁਣ ਇਕ ਵਾਰ ਫੇਰ ਅਸੀਂ ਗੁਰੂ ਸਾਹਿਬ ਨੂੰ ਇਕ ਬੜੇ ਉੱਚੇ ਰੂਹਾਨੀ ਅਸਥਾਨ ਤੇ ਬ੍ਰਾਜਮਾਨ ਵੇਖਦੇ ਹਾਂ। ਇਕ ਸਦੀ ਤੋਂ ਆਪ ਦੇ ਵਡੇ ਵਡੇਰੇ ਮੁਅੱਜ਼ਮ ਦੇ ਵੱਡੇ ਵਡੇਰਿਆਂ ਦੇ ਅਤਜਾਚਾਰ ਦਾ ਸ਼ਿਕਾਰ ਹੁੰਦੇ ਆ ਰਹੇ ਸਨ । ਆਪ ਦੇ ਦਾਦਾ ਗੁਰੂ ਅਰਜਨ ਸਾਹਿਬ ਨੂੰ ਬਾਦਸ਼ਾਹ ਜਹਾਂਗੀਰ, ਜੋ ਕਿ ਮੁਅੱਜ਼ਮ ਦਾ ਦਾਦਾ ਸੀ, ਦੇ ਹੁਕਮ ਨਾਲ ਸ਼ਹੀਦ ਕੀਤਾ ਗਿਆ। ਉਸੇ ਬਾਦਸ਼ਾਹ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ, ਉਸ ਦੇ ਪਿਛੋਂ ਸ਼ਾਹਜਹਾਨ ਦੀਆਂ ਫੌਜਾਂ ਨੇ ਆਪ ਨੂੰ ਹੈਰਾਨ ਕਰਨਾ ਸ਼ੁਰੂ ਕੀਤਾ। ਸਤਵੇਂ ਤੇ ਅੱਠਵੇਂ ਗੁਰੂ ਸਾਹਿਬ ਨੂੰ ਦੁਖ ਦੇਣ ਤੇ ਨੌਵੇਂ ਗੁਰੂ, ਗੁਰੂ ਤੇਗ ਬਹਾਦੁਰ ਨੂੰ ਸ਼ਹੀਦ ਕਰਾਨ ਦੀ ਜ਼ਿਮਾਵਾਰੀ ਖੁਦ ਮੁਅੱਜ਼ਮ ਦੇ ਬਾਪ ਔਰੰਗ-ਜ਼ੇਬ ਪੁਰ ਸੀ। ਪੰਦਰਾਂ ਸੋਲ੍ਹਾਂ ਸਾਲਾਂ ਤੋਂ ਗੁਰੂ ਸਾਹਿਬ ਆਪ ਔਰੰਗ-ਜ਼ੇਬ ਦੇ ਜ਼ੁਲਮ ਦਾ ਨਿਸ਼ਾਨਾ ਬਣੇ ਆ ਰਹੇ ਸਨ । ਆਪ ਦੇ ਚਾਰ ਸਾਹਿਬਜ਼ਾਦੇ ਕੁਰਬਾਨ ਹੋ ਗਏ ਤੇ ਆਪ ਦੇ ਮਾਤਾ ਜੀ ਬੜੇ ਭਿਆਨਕ ਹਾਲਾਤ ਵਿਚ ਸੁਰਗਵਾਸ ਹੋਏ। ਆਪ ਦੇ ਬੇਸ਼ੁਮਾਰ ਸ਼ਰਧਾਲੂ ਉਨ੍ਹਾਂ ਲੜਾਈਆਂ ਵਿਚ ਮਾਰੇ ਗਏ ਜੋ ਕਿ ਆਪ ਪੁਰ ਬਦੋ ਬਦੀ ਠੋਸੀਆਂ ਗਈਆਂ। ਖੁਦ ਆਪ ਨੂੰ ਦੇਸੋਂ ਬਾਹਰ ਆ ਕੇ ਪਨਾਹ ਲੈਣੀ ਪਈ।

ਪਰ ਆਪਣੀ ਜੱਦੀ ਰਵਾਇਤ ਤੇ ਅਟੱਲ ਰਹਿੰਦੇ ਹੋਏ ਇਨ੍ਹਾਂ ਜ਼ੁਲਮਾਂ ਤੇ ਅਤਯਾਚਾਰਾਂ ਨੂੰ ਅੱਖੋਂ ਉਹਲੇ ਕਰਕੇ ਆਪ ਨੇ ਮੁਅੱਜ਼ਮ ਦੇ ਹੱਕ ਦੀ ਰਾਖੀ ਕਰਨ ਲਈ ਹਾਮੀ ਭਰ ਦਿੱਤੀ ਤੇ ਉਸ ਦੀ ਸਹੈਤਾ ਲਈ ਧਰਮ ਸਿੰਘ ਦੀ ਕਮਾਨ ਹੇਠਾਂ ਸਿੱਖਾਂ ਦਾ ਇਕ ਛੋਟਾ ਜਿਹਾ ਦਸਤਾ ਭੇਜ ਦਿਤਾ। ਦੋਨਾਂ ਭਰਾਵਾਂ ਦਾ ਜਾਜੋ ਦੀ ਜੰਗ (੧੮ ਜੂਨ, ੧੭੦੭, ਈ: ਨਵਾਂ ਢੰਗ) ਵਿਚ ਟਾਕਰਾ ਹੋਇਆ ਜਿਸ ਵਿਚ ਕਿ ਛੋਟਾ ਭਰਾ ਆਜ਼ਮ ਮਾਰਿਆ ਗਿਆ ਤੇ ਮੁਅੱਜ਼ਮ ਬਹਾਦੁਰ ਸ਼ਾਹ ਦੀ ਪਦਵੀ ਨਾਲ ਹਿੰਦੁਸਤਾਨ ਦਾ ਸ਼ਹਿਨਸ਼ਾਹ ਬਣ ਗਿਆ ੧।

ਗੁਰੂ ਸਾਹਿਬ ਇਸਦੇ ਪਿਛੋਂ ਦਿੱਲੀ ਵੱਲ ਮੁੜ ਆਏ ਤੇ ਬਹਾਦੁਰ ਸ਼ਾਹ ਆਗਰੇ ਨੂੰ ਟੁਰ ਪਿਆ। ੨

ਗੁਰੂ ਸਾਹਿਬ ਦਾ ਬਹਾਦੁਰ ਸ਼ਾਹ ਨਾਲ ਆਗਰੇ ਮੇਲ—

ਦਿਲੀ ਕੋਈ ਮਹੀਨਾ ਕੁ ਠਹਿਰਣ ਪਿਛੋਂ ਗੁਰੂ ਸਾਹਿਬ ਆਗਰੇ ਵੱਲ ਰਵਾਨਾ ਹੋਏ। ਰਾਹ ਵਿਚ ਉਨ੍ਹਾਂ ਮਥਰਾ ਤੇ ਬਿੰਦਰਾਬਨ ਵੇਖੇ। ਆਗਰੇ ਤੋਂ ਚਾਰ ਕੋਹ (ਛੇ ਮੀਲ) ਦੇ ਫ਼ਾਸਲੇ ਤੇ ਇਕ ਬਾਗ਼ ਵਿਚ ਗੁਰੂ ਸਾਹਿਬ ਨੇ ਆਪਣਾ ਕੈਂਪ ਲਾ ਦਿਤਾ। ਗੁਰੂ ਸਾਹਿਬ ਦੇ ਔਣ ਦੀ ਖ਼ਬਰ ਸੁਣ ਕੇ

੧ ਫ਼ਾਰਸੀ ਤਵਾਰੀਖਾਂ ਵਿਚ ਜਾਜੋ ਦੀ ਲੜਾਈ ਸਮੇਂ ਗੁਰੂ ਸਾਹਿਬ ਦਾ ਬਹਾਦੁਰ ਸ਼ਾਹ ਦੀ ਸਹਾਇਤਾ ਕਰਨ ਦਾ ਕੋਈ ਜ਼ਿਕਰ ਨਹੀਂ। ਇਹ ਸ਼ਾਇਦ ਇਸ ਕਰਕੇ ਕਿ ਸਿਖਾਂ ਦੀ ਗਿਣਤੀ ਇਨੀ ਘੱਟ ਸੀ ਕਿ ਇਤਿਹਾਸਕਾਰਾਂ ਦੀ ਨਜ਼ਰ ਹੀ ਨਹੀਂ ਚੜ੍ਹੇ ਜਾਂ ਸ਼ਾਇਦ ਇਸ ਕਾਰਨ ਕਿ ਗੁਰੂ ਸਾਹਿਬ ਆਪ ਇਸ ਲੜਾਈ ਵਿਚ ਨਹੀਂ ਸਨ ਲੜ ਰਹੇ। ਗੁਰੂ ਸਾਹਿਬ ਦੇ ਸਹੈਤਾ ਕਰਨ ਦਾ ਹਾਲ ਜੋ ਉੱਪਰ ਦਿੱਤਾ ਗਿਆ ਹੈ ਕਿ ਭਾਈ ਸੰਤੋਖ ਸਿੰਘ ਦੇ ਗੁਰ ਪ੍ਰਤਾਪ ਸੂਰਜ ਗ੍ਰੰਥ (ਪੰਨਾ ੬੧੫੧-੯) ਤੇ ਮੈਕਾਲਿਫ ਦੇ ਸਿਖ ਰਿਲਿਜਨ (ਜਿਲਦ ੫ ਪੰਨਾ ੨੩੦) ਦੇ ਅਧਾਰ ਤੇ ਹੈ।

ਜਾਜੋ ਆਗਰੇ ਤੇ ਧੋਲਪੁਰ ਦੇ ਵਿਚਕਾਰ ਹੈ ਤੇ ਮੈਦਾਨਿ ਜੰਗ ਆਗਰੇ ਤੋਂ ਚਾਰ ਮੀਲ ਉਤ੍ਰ-ਚੜ੍ਹਦੇ ਵਲ ਹੈ (ਲੇਟਰ ਮੁਗ਼ਲਜ਼ ਵਿਚ ਸਰਕਾਰ ਦਾ ਨੋਟ ਜਿਲਦ ੧, ਪੰਨਾ ੨੫)

੨ ਸ੍ਰੀ ਗੁਰੂ ਸੋਭਾ ੯੧.

ਖਾਨਿ-ਖਾਨਾਨ ਨੂੰ ਮੁਨਇਮ ਖਾਂ ਨੇ ਆਪਣੇ ਕੁਝ ਆਦਮੀ ਉਨ੍ਹਾਂ ਦੀ ਸੇਵਾ ਵਿਚ ਭੇਜੇ ਤਾਕਿ ਉਨ੍ਹਾਂ ਨੂੰ ਨਾਲ ਲੈ ਔਣ। ਗੁਰੂ ਸਾਹਿਬ ਫੌਰਨ ਚੱਲ ਪਏ ਤੇ ਖਾਨਿ-ਖਾਨਾਨ ਨੇ ਆਪਦਾ ਉਸੇ ਸਤਿਕਾਰ ਨਾਲ ਸਵਾਗਤ ਕੀਤਾ ਜੋ ਕਿ ਆਪ ਵਰਗੇ ਰੂਹਾਨੀ ਪੋਜ਼ੀਸ਼ਨ ਦੇ ਮਹਾਂ ਪੁਰਖ ਦਾ ਹੋਣਾ ਚਾਹੀਦਾ ਸੀ। ਉਹ ਗੁਰੂ ਸਾਹਿਬ ਦੇ ਚਰਨ ਛੋਹਣ ਲਈ ਅੱਗੇ ਵਧਿਆ ਤੇ ਗੁਰੂ ਸਾਹਿਬ ਨੇ ਉਸਨੂੰ ਪਿੱਠ ਪੁਰ ਥਾਪੀ ਦਿਤੀ। ਉਨ੍ਹਾਂ ਦੇ ਵਿਚਕਾਰ ਗੱਲ ਬਾਤ ਬੜੀ ਦੋਸਤਾਨਾ ਹੋਈ। ਗੁਰੂ ਸਾਹਿਬ ਇਸਦੇ ਪਿਛੋਂ ਆਪਣੇ ਕੈਂਪ ਵਲ ਨੂੰ ਆ ਗਏ। ਬਰਸਾਤ ਦਾ ਮੌਸਮ ਸੀ ਤੇ ਜਦ ਗੁਰੂ ਸਾਹਿਬ ਖਾਨਿ-ਖ਼ਾਨਾਨ ਦੇ ਘਰੋਂ ਬਾਹਰ ਨਿਕਲੇ ਤਾਂ ਮੂਹਲੇ ਧਾਰ ਮੀਂਹ ਵਰ੍ਹਣ ਲਗ ਪਿਆ। ਸ਼ਾਇਦ ਇਸੇ ਕਰਕੇ ਜਾਂ ਕਿਸੇ ਹੋਰ ਕਾਰਨ ਗੁਰੂ ਸਾਹਿਬ ਉਸ ਦਿਨ ਬਾਦਸ਼ਾਹ ਨੂੰ ਨਾ ਮਿਲੇ। ੧

ਜਦ ਬਾਦਸ਼ਾਹ ਨੂੰ ਗੁਰੂ ਸਾਹਿਬ ਦੇ ਖਾਨਿ-ਖਾਨਾਨ ਪਾਸ ਆਉਣ ਦਾ ਪਤਾ ਲੱਗਾ ਤਦ ਉਸ ਨੇ ਗੁਰੂ ਸਾਹਿਬ ਨੂੰ ਆਪ ਨੂੰ ਮਿਲਣ ਦਾ ਭੀ ਸੱਦਾ ਭੇਜਿਆ। ੪ ਜਮਾਦੀਉਲ ਅੱਵਲ ੧੧੧੯ ਹਿਜਰੀ (੨੩ ਜੁਲਾਈ ੧੭੦੭, ਪੁਰਾਣਾ ਢੰਗ, ਤੇ ੨ ਅਗਸਤ ੧੭੦੭ ਨਵਾਂ ਢੰਗ) ਨੂੰ ਗੁਰੂ ਸਾਹਿਬ ਕੁਝ ਚੁਣਵੇਂ ਸਿਖਾਂ ਨੂੰ ਨਾਲ ਲੈ ਬਾਦਸ਼ਾਹ ਨੂੰ ਮਿਲਣ ਲਈ ਗਏ। ਸ਼ਾਹੀ ਟਿਕਾਣੇ ਤੇ ਪਹੁੰਚ ਕੇ ਸਾਰੇ ਸਿਖਾਂ ਨੂੰ ਬਾਹਰ ਛੱਡਿਆ ਤੇ ਆਪ ਕੇਵਲ ਇਕ ਸਿੱਖ ਨਾਲ ਲੈ ਕੇ ਅੰਦਰ ਗਏ। ਡਿਉੜ੍ਹੀ ਤੇ, ਜਿਸ ਵਿਚ ਦੀ ਕਿ ਬਾਦਸ਼ਾਹ ਪਾਸ ਪੁਜਣਾ ਸੀ, ਜਾ ਕੇ ਉਸ ਸਿਖ ਨੂੰ ਭੀ ਛਡ ਦਿਤਾ ਤੇ ਆਪ ਇਕੱਲੇ ਅੰਦਰ ਗਏ। ਬਾਦਸ਼ਾਹ ਆਪਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ। ਜਾਜੋ ਦੀ ਲੜਾਈ ਵਿਚ ਜੋ ਉਸ ਦੀ ਮਦਦ ਕੀਤੀ ਸੀ ਉਸ ਲਈ ਉਸ ਨੇ ਆਪ ਦਾ ਧੰਨਵਾਦ ਕੀਤਾ ਤੇ ਨਸ਼ਾਨੀ ਵਜੋਂ ਇਕ ਕੀਮਤੀ ਖ਼ਿਲਅਤ, ਜੜਾਊ ਸਾਫ਼ਾ, ਇਕ ਧੁਖਧੁਖੀ ਤੇ ਜਿਗਾ ਕਲਗ਼ੀ ਆਦਿ ਜਿਨ੍ਹਾਂ ਦੀ ਕੀਮਤ ਲੱਗ ਪਗ ਸੱਠ ਹਜ਼ਾਰ ਰੁਪਿਆ ਸੀ ਭੇਟ ਕੀਤੇ।

੧ ਸ੍ਰੀ ਗੁਰੂ ਸੋਭਾ ੬੨-੬੪,

ਗੁਰੂ ਸਾਹਿਬ ਨੇ ਡਿਉੜ੍ਹੀ ਪੁਰ ਜੋ ਸਿਖ ਖੜਾ ਸੀ ਉਸਨੂੰ ਬਾਦਸ਼ਾਹ ਦੀ ਹਾਜ਼ਰੀ ਵਿਚ ਬੁਲਾਇਆ ਤੇ ਖਿਲਅਤ ਆਦਿ ਕੈਂਪ ਵਲ ਲੈ ਜਾਣ ਲਈ ਦੇ ਦਿਤੇ। ਇਸ ਦੇ ਪਿਛੋਂ ਆਪ ਭੀ ਆਪਣੇ ਡੇਰੇ ਵੱਲ ਮੁੜ ਆਏ । ੧

ਗੁਰੂ ਸਾਹਿਬ ਦਾ ਪੰਜਾਬ ਦੇ ਸਿੱਖਾਂ ਨੂੰ ਖ਼ਤ—

ਮਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਦੀਆਂ ਇਹ ਮੁਲਾਕਾਤਾਂ—ਪਹਿਲੀ ਖਾਨਿ-ਖ਼ਾਨਾਨ ਨਾਲ ਤੇ ਦੂਜੀ ਬਾਦਸ਼ਾਹ ਬਹਾਦਰ ਸ਼ਾਹ ਨਾਲ—ਖ਼ਾਸ ਅਹਿਮੀਯਤ ਰਖਦੀਆਂ ਸਨ। ਜੋ ਗੱਲ ਬਾਤ ਆਪ ਬਾਦਸ਼ਾਹ ਔਰੰਗਜ਼ੇਬ ਨਾਲ ਕਰਨ ਲਈ ਦੱਖਣ ਜਾ ਰਹੇ ਸਨ ਹੁਣ ਬਹਾਦੁਰ ਸ਼ਾਹ ਨਾਲ ਸ਼ੁਰੂ ਹੋ ਗਈ ਜਾਪਦੀ ਸੀ। ਇਸ ਨੂੰ ਸਫ਼ਲਤਾ ਪੂਰਬਕ ਖ਼ਤਮ ਕਰਕੇ ਆਪ ਛੇਤੀ ਪੰਜਾਬ ਜਾਣਾ ਚਾਹੁੰਦੇ ਸਨ ਜਿਥੇ ਕਿ ਆਪਦਾ ਖ਼ਿਆਲ ਕਿਸੇ ਜੰਗੀ ਕਾਰੇ ਵਿਚ ਹਿਸਾ ਲੈਣ ਦਾ ਸੀ । ਇਸੇ ਕਰਕੇ ਆਪ ਪੰਜਾਬ ਦੇ ਸਿਖਾਂ ਨੂੰ ਚਿੱਠੀਆਂ ਲਿਖ ਰਹੇ ਸਨ ਕਿ ਉਹ ਉਨ੍ਹਾਂ ਦੇ ਔਣ ਪੁਰ ਕਹਿਲੂਰ ਦੇ ਮੁਕਾਮ ਤੇ ਉਨ੍ਹਾਂ ਨੂੰ ਮਿਲਣ। ਇਸ ਵਾਸਤੇ ਸਾਡੇ ਪਾਸ ਇਕ ਬੜਾ ਭਰੋਸੇ ਯੋਗ ਲਿਖਤੀ ਸਬੂਤ ਗੁਰੂ ਸਾਹਿਬ ਦਾ ਆਪਣਾ ਖ਼ਤ ਹੈ ਜੋ ਉਨ੍ਹਾਂ ੧ ਕੱਤਕ ਸੰਮਤ ੧੭੬੪ ਬਿਕ੍ਰਮੀ (ਅਕਤੂਬਰ ਦਾ ਪਹਿਲਾ ਹਫਤਾ ਸੰਨ ੧੭੦੭ ਈ:) ਨੂੰ ਆਗਰੇ ਤੋਂ ਲਿਖਿਆ :

ਹੁਕਮਨਾਮੇ ਦੀ ਲਿਖਤ ਇਹ ਹੈ :—

੧੦ ਸਤਿਗੁਰੂ ਜੀ

ਸ੍ਰਬਤਿ ਸੰਗਤਿ ਧਉਲ ਕੀ ਤੁਸੀ ਮੇਰਾ ਖਾਲਸਾ ਹੋ ਗੁਰੂ ਰਖੈਗਾ
ਗੁਰੂ ਗੁਰੂ ਜਪਣਾ ਜਨਮੁ ਸਵਰੈਗਾ ਸ੍ਰਬ ਸੁਖ ਨਾਲ ਪਾਤਸ਼ਾਹ
ਪਾਸਿ ਆਏ ਸਿਰੋਪਾਓ ਅਰੁ ਸਠਿ ਹਜਾਰ ਕੀ ਧੁਖ ਧੁਖੀ ਜਜ
ਡ਼ਾਊ ਇਨਾਮੁ ਹੋਈ ਹੋਰ ਭੀ ਕੰਮੁ ਗੁਰੂ ਕਾ ਸਦਕਾ ਸਭ ਹੋਤੇ ਹੈ ਅ

੧ ਬਹਾਦੁਰ ਸ਼ਾਹ ਨਾਮਾ, ੪ ਜਮਾਦੀਉਲ ਅੱਵਲ ੧੧੧੯ ਹਿਜਰੀ, ਹੁਕਮਨਾਮਾ ਗੁਰੂ ਗੋਬਿੰਦ ਸਿੰਘ ੧ ਕੱਤਕ ੧੭੬੪ ਬਿਕ੍ਰਮੀ, ਅਰਵਿਨ ਲੇਟਰ ਮੁਗ਼ਲਜ਼ ਜਿਲਦ ੧ ਪੰਨਾ ੬੬, ਸ੍ਰੀ ਗੁਰੂ ਸੋਭਾ ੯੪—੯੫, ਸੂਰਜ ਪ੍ਰਕਾਸ਼ ੬੧੭੪ ੭੫,

ਸੀ ਭੀ ਥੋੜੇ ਹੀ ਦਿਨਾ ਨੋ ਆਵਤੇ ਹਾਂ ਸ੍ਰਬਤਿ ਸੰਗਤ ਖਾਲਸੇ ਕੋ ਮੇਰਾ ਹੁਕਮ ਹੈ ਆਪਸ ਮੇ ਮੇਲੁ ਕਰਣਾ ਜਦਿ ਅਸੀ ਕਹਲੂਰ ਆਵਤੇ ਤਦਿ ਸ੍ਰਬਤਿ ਖਾਲਸੇ ਹਥੀਯਾਰ ਬਨਿ ਕੇ ਹਜੂਰਿ ਆ ਵਣਾ ਜੋ ਆਵੈਗਾ ਸੋ ਨਿਹਾਲੁ ਹੋਵੈਗ. ੨) ਦੋਇ ਤੋਲ ਸੋਨਾ ਤਿਸ ਕੇ ਰਪਯੇ ੪੦) ਅਸਾ ਜਮਾਤਾ ਨੋ ਮ ਸ਼ੇਸ਼ਮਾਹੀ [?] ਬਖਸੇ ਹੈਨਿ ਤੁਸਾ ਹੁਕਮ ਵੇਖਦਿਆ ਹੁੰਡੀ ਕਰਾਇ ਭੇਜਣੀ ਮੇਵੜੇ ਨੋ ਤੁਰਤ ਭੇਜਣਾ ਜੇ ਮੇਵੜਾ ਢਿਲ ਕਰੇ ਤਾ ਸੰਗਤਿ ਵਿਚੋ ਕਢਿ ਦੇਣਾ ਪੈ ਸੇ ਹੁੰਡੀ ਕਰਾਇ ਭੇਜਣੇ ਸੰਮਤ ੧੭੬੪ ਮਿਤੀ ਕਾਤਕੋ ੧ ਮਾ.

ਗੁਰੂ ਸਾਹਿਬ ਦੇ ਇਸ ਖ਼ਤ ਦੀ ਤਵਾਰੀਖ਼ੀ ਅਹਿਮੀਯਤ ਬਹੁਤ ਜ਼ਿਆਦਾ ਹੈ। ਗੁਰੂ ਸਾਹਿਬ ਦੇ ਬਾਦਸ਼ਾਹ ਨੂੰ ਮਿਲਣ ਤੇ ਉਸਦੇ ਖਿਲਅਤ ਦੇਣ ਦੇ ਜ਼ਿਕਰ ਤੋਂ ਇਲਾਵਾ ਇਸ ਵਿਚ ਉਨ੍ਹਾਂ ਗੱਲਾਂ ਵੱਲ ਭੀ ਇਸ਼ਾਰਾ ਹੈ ਜੋ "ਗੁਰੂ ਦੇ ਸਦਕੇ" ਬਾਦਸ਼ਾਹ ਨਾਲ ਹੋ ਰਹੀਆਂ ਸਨ। ਇਹ ਗੱਲਾਂ ਮੁਗਲਾਂ ਦੀ ਸਿਖ ਗੁਰੂਆਂ ਨਾਲ ਸਦੀ ਤੋਂ ਚਲੀ ਆ ਰਹੀ ਦੁਸ਼ਮਣੀ ਨੂੰ ਖਤਮ ਕਰਨ ਲਈ ਦੋਸਤਾਨਾ ਗੱਲ ਬਾਤ ਤੋਂ ਵੱਖਰੀਆਂ ਹੋਰ ਕੀ ਹੋ ਸਕਦੀਆਂ ਸਨ ? ਬਾਦਸ਼ਾਹ ਦੇ ਵਰਤਾਉ ਤੋਂ ਗੁਰੂ ਸਾਹਿਬ ਨੇ ਜਾਣ ਲਿਆ ਸੀ ਕਿ ਇਹ ਛੇਤੀ ਹੀ ਸਿਰੇ ਚੜ੍ਹ ਜਾਣਗੀਆਂ ਤੇ ਉਹ ਕੁਝ ਦਿਨਾਂ ਤਕ ਪੰਜਾਬ ਜਾ ਸਕਣਗੇ। ਪਰ ਉਨ੍ਹਾਂ ਦਾ ਖਿਆਲ ਸੀ ਕਿ ਸ਼ਾਇਦ ਅਨੰਦ ਪੁਰ ਨੂੰ ਜਾਂਦੇ ਹੋਏ ਰਾਹ ਵਿੱਚ ਕਹਿਲੂਰ ਦੇ ਮੁਕਾਮ ਤੇ ਕਿਸੇ ਨਾ ਕ੍ਰਿਸੇ ਵੱਲੋਂ ਉਨ੍ਹਾਂ ਦੀ ਵਿਰੋਧਤਾ ਹੋਵੇ, ਇਸੇ ਕਰਕੇ ਆਪ ਨੇ ਖਾਲਸਾ ਜੀ ਨੂੰ ਲਿਖਿਆ ਸੀ ਕਿ ਹਥਿਆਰ ਬੰਦ ਹੋ ਕੇ ਆਪਨੂੰ ਮਿਲਣ ਤਾਂ ਜੋ ਸ੍ਵੈ-ਰਖਿਆ ਲਈ ਜੇ ਆਪ ਨੂੰ ਕਿਸੇ ਲੜਾਈ ਵਿਚ ਹਿੱਸਾ ਲੈਣਾ ਪਏ ਤਾਂ ਆਪ ਤਿਆਰ ਹੋਣ। ਕਹਿਲੂਰ ਹਿਮਾਲਾ ਪਰਬਤ ਦੇ ਦਾਮਨ ਸ਼ਿਵਾਲਕ ਵਿਚ ਹੈ ਤੇ ਸਰਹੰਦ ਦੇ ਚਕਲੇ ਦੇ ਲਾਗੇ ਸੀ। ਸੋ ਆਪ ਦੀ ਵਿਰੋਧਤਾ ਆਪ ਦੇ ਦੋ ਵੱਡੇ ਦੁਸ਼ਮਨਾਂ, ਹਿੰਦੂ ਰਾਜਪੂਤ ਪਹਾੜੀ

ਰਾਜਿਆਂ ਅਤੇ ਸਰਹੰਦ ਦੇ ਸੂਬਾ ਵਜ਼ੀਰ ਖਾਂ (ਜੋ ਕਿ ਅੰਤ ਵਿਚ ਨੰਦੇੜ ਦੇ ਮੁਕਾਮ ਪੁਰ ਗੁਰੂ ਸਾਹਿਬ ਤੇ ਹੋਏ ਖੂਨੀ ਹਮਲੇ ਦਾ ਜ਼ਿਮੇਵਾਰ ਸੀ) ਵਲੋਂ ਹੀ ਹੋ ਸਕਦੀ ਸੀ। ਇਹ ਖ਼ਤ ਪੂਰਨ ਤੌਰ ਤੇ ਉਨ੍ਹਾਂ ਸਭ ਕਿਆਸਾਂ ਨੂੰ ਰੱਦ ਕਰ ਦਿੰਦਾ ਹੈ ਜਿਨ੍ਹਾਂ ਅਨੁਸਾਰ ਆਪ ਦੇ ਦੱਖਣ ਜਾਣ ਦਾ ਕਾਰਨ ਇਹ ਸਮਝਿਆ ਜਾਂਦਾ ਹੈ ਕਿ ਆਪ ਆਪਣੇ ਲੋਕਾਂ ਤੋਂ ਨਿਰਾਸ ਹੋ ਕੇ ਰਾਜਪੂਤਾਂ ਤੇ ਮਰਾਠਿਆਂ ਨੂੰ ਉਭਾਰਣ ਲਈ ਉਥੇ ਗਏ ਸਨ। ਇਸ ਨਾ-ਹਿਲਾਏ ਜਾ ਸਕਣ ਵਾਲੇ ਪ੍ਰਮਾਣ ਦੇ ਆਧਾਰ ਤੇ ਹੁਣ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਸਾਹਿਬ ਜ਼ਰੂਰ ਪੰਜਾਬ ਨੂੰ ਮੁੜ ਆਉਂਦੇ ਜੇ ਬਹਾਦੁਰ ਸ਼ਾਹ ਦੇ ਭਰਾ ਕਾਮ ਬਖ਼ਸ਼ ਦੀ ਬਗ਼ਾਵਤ ਦੇ ਕਾਰਨ ਹਾਲਾਤ ਬਦਲ ਨਾ ਜਾਂਦੇ ਅਤੇ ਗੁਰੂ ਸਾਹਿਬ ਨੂੰ ਬਾਦਸ਼ਾਹ ਨਾਲ, ਜਿਸ ਨਾਲ ਕਿ ਗੱਲ ਬਾਤ ਅਜੇ ਹੋ ਰਹੀ ਸੀ, ਦੱਖਣ ਨਾ ਚਲਾ ਜਾਣਾ ਪੈਂਦਾ।

ਗੁਰੂ ਸਾਹਿਬ ਦਾ ਬਾਦਸ਼ਾਹ ਨਾਲ ਰਾਜਪੂਤਾਨੇ ਤੇ ਫੇਰ ਦੱਖਣ ਨੂੰ ਜਾਣਾ—

ਮੁਰਤਜ਼ਾ ਹੁਸੈਨ ਬਿਲਗਰਾਮੀ ਦੀ ਕਿਤਾਬ 'ਹਦੀਕਾਤੁਲ ਅਕਾਲੀਮ' ਅਨੁਸਾਰ ਕੁਝ ਸਮੇਂ ਤੋਂ ਕਈ ਸਰਕਾਰੀ ਅਮੀਰ ਆਪਣੀਆਂ ਜਾਗੀਰਾਂ ਤੇ ਤਨਖਾਹਾਂ ਲਈ ਰੌਲਾ ਪਾ ਰਹੇ ਸਨ। ਤੇ ਚੂੰਕਿ ਬਾਦਸ਼ਾਹ ਬਹਾਦੁਰ ਸ਼ਾਹ ਨੂੰ ਤਖ਼ਤ ਤੇ ਬੈਠਣ ਵੇਲੇ ਖਜ਼ਾਨੇ ਵਿਚ ਬਹੁਤ ਹੀ ਘਟ ਰੁਪੈਆ ਮਿਲਿਆ ਸੀ, ਇਸ ਲਈ ਜਾਜੋ ਦੀ ਜਿੱਤ ਵਿਚ ਆਪਣੀ ਸਹੈਤਾ ਕਰਨ ਵਾਲਿਆਂ ਦੀਆਂ ਖਿਦਮਤਾਂ ਦਾ ਉਹ ਕੋਈ ਇਨਾਮ ਨਹੀਂ ਸੀ ਦੇ ਸਕਿਆ। ਇਸ ਵੇਲੇ ਖਾਨਿ-ਖਾਨਾਨ ਮੁਨਇਮ ਖਾਂ ਨੇ ਬਾਦਸ਼ਾਹ ਨੂੰ ਕਛਵਾਹੇ ਰਾਜਪੂਤਾਂ ਦਾ ਇਲਾਕਾ ਫ਼ਤਿਹ ਕਰਨ ਤੇ ਉਨ੍ਹਾਂ ਨੂੰ ਆਪਣੇ ਅਸੰਤੁਸ਼ਟ ਤੇ ਰੌਲਾ ਪਾ ਰਹੇ ਅਮੀਰਾਂ ਵਿਚ ਵੰਡ ਦੇਣ ਦੀ ਸਲਾਹ ਦਿਤੀ।੧ ਇਸ ਦਾ ਦੂਹਰਾ ਫ਼ੈਦਾ ਹੋਣਾ ਸੀ। ਇਕ ਤਾਂ ਅੜਭ ਰਾਜਪੂਤ ਦੁਸ਼ਮਣ ਸਦਾ ਲਈ ਦਬਾਏ ਜਾਂਦੇ, ਦੂਜੇ ਬਾਦਸ਼ਾਹ ਦੇ ਰਾਜ ਦੇ ਵੱਡੇ ਮਿੱਤਰ ਤੇ ਥੰਮ੍ਹ ਖੁਸ਼ ਹੋ

੧ ਹਦੀਕਤਉਲ ਅਕਾਲੀਮ ੧੩੭–੮।

ਜਾਂਦੇ। ਬਾਦਸ਼ਾਹ ਨੂੰ ਇਹ ਗੱਲ ਬੜੀ ਚੰਗੀ ਲੱਗੀ ਤੇ ੧੨ ਨਵੰਬਰ ੧੭੦੭ ਈ: ਨੂੰ ਉਹ ਰਾਜਪੂਤਾਨੇ ਵੱਲ ਟੁਰ ਪਿਆ।

ਗੁਰੂ ਸਾਹਿਬ ਦੀ ਗੱਲ ਬਾਤ ਅਜੇ ਖ਼ਤਮ ਹੋਈ ਨਹੀਂ ਸੀ ਜਾਪਦੀ। ਸੋ ਆਪ ਭੀ ਬਾਦਸ਼ਾਹ ਨਾਲ ਹੋ ਲਏ। ਪਰ ਬਾਦਸ਼ਾਹ ਦੇ ਕਛਵਾਹਿਆਂ ਨੂੰ ਪੂਰੀ ਤਰ੍ਹਾਂ ਕਾਬੂ ਕਰ ਸਕਣ ਤੋਂ ਪਹਿਲਾਂ ਦੱਖਣ ਚੋਂ ਖਬਰ ਆਈ ਕਿ ਉਸ ਦੇ ਛੋਟੇ ਭਰਾ ਕਾਮ ਬਖਸ਼ ਨੇ ਬਗ਼ਾਵਤ ਕਰ ਦਿਤੀ ਹੈ ਜੋ ਕਿ ਹਰ ਘੜੀ ਵਧੇਰੇ ਭਯਾਨਕ ਸੂਰਤ ਅਖਤਿਆਰ ਕਰ ਰਹੀ ਹੈ। ਬਹਾਦੁਰ ਸ਼ਾਹ ਨੇ ਰਾਜਪੂਤਾਂ ਦੇ ਖਿਲਾਫ ਮੁਹਿੰਮ ਵਿਚਾਲੇ ਛੱਡੀ ਤੇ ਮਈ ੧੭੦੮ ਈ: ਦੇ ਪਹਿਲੇ ਹਫਤੇ ਦੱਖਣ ਵੱਲ ਚੜ੍ਹਾਈ ਕੀਤੀ। ਗੁਰੂ ਸਾਹਿਬ ਭੀ ਨਾਲ ਹੀ ਟੁਰ ਪਏ ਤਾਂ ਜੇ ਮੌਕਾ ਮਿਲਣ ਤੇ ਗਲ ਬਾਤ ਪੂਰੀ ਕਰ ਸਕਣ।

ਏਥੇ ਇਕ ਹੋਰ ਕਿਆਸ ਲਾਇਆ ਜਾਂਦਾ ਹੈ। ਦੱਖਣ ਨੂੰ ਕੂਚ ਵੇਲੇ ਗੁਰੂ ਸਾਹਿਬ ਨੂੰ ਕਦੇ ਕਦੇ ਸ਼ਾਹੀ ਕੈਂਪ ਵਿਚ ਵੇਖਕੇ, ਤੇ ਆਪ ਦੇ ਬਾਦਸ਼ਾਹ ਦੇ ਨਾਲ ਜਾਣ ਦੇ ਅਸਲ ਮਨਸ਼ੇ ਤੋਂ ਨਾਵਾਕਿਫ ਹੋਣ ਕਾਰਨ, ਕਈ ਲਿਖਾਰੀਆਂ ਨੇ ਸਣੇ ਫਾਰਸਟਰ ਤੇ ਐਲਫਿਨਸਟਨ ਦੇ ਇਹ ਸੁਖਾਲਾ ਜਿਹਾ ਅੰਦਾਜ਼ਾ ਲਾਇਆ ਕਿ ਗੁਰੂ ਸਾਹਿਬ ਭੀ ਹੋਰਨਾਂ ਕਈਆਂ ਦੀ ਤਰ੍ਹਾਂ ਉਸ ਫੌਜ ਵਿਚ, ਜੋ ਦੱਖਣ ਨੂੰ ਕਾਮ ਬਖਸ਼ ਦੀ ਬਗ਼ਾਵਤ ਦਬਾਣ ਲਈ ਜਾ ਰਹੀ ਸੀ, ਇਕ ਕਮਾਂਡਰ ਹੀ ਹੋਣਗੇ। ਇਸ ਦੇ ਪਿਛੋਂ ਦੇ ਕੁਝ ਲਿਖਾਰੀ ਇਸ ਨੂੰ ਗੁਰੂ ਸਾਹਿਬ ਦਾ ਮੁਗਲਾਂ ਦੀ ਨੌਕਰੀ ਵਿਚ ਹੋਣਾ ਸਮਝਦੇ ਹਨ। ਪਰ ਚੂੰਕਿ ਇਸ ਗੱਲ ਦੀ ਪ੍ਰੋੜ੍ਹਤਾ ਹੋਰ ਕਿਸੇ ਸਮਕਾਲੀ ਸਬੂਤ ਜਾਂ ਕਿਸੇ ਹੋਰ ਭਰੋਸੇ ਯੋਗ ਦੂਸਰੀ-ਗਵਾਹੀ ਤੋਂ ਨਹੀਂ ਹੁੰਦੀ ਸੋ ਇਸ ਨੂੰ ਇਕ ਸੌਖਾ ਕਿਆਸ ਸਮਝ ਕੇ ਰੱਦ ਕਰ ਦੇਣਾ ਪੈਂਦਾ ਹੈ। ਗੁਰੂ ਸਾਹਿਬ ਦੇ ਇਸ ਸਫਰ ਦੇ ਤੇ ਇਸ ਦੇ ਪਹਿਲੋਂ ਦੇ ਜ਼ਿੰਦਗੀ ਦੇ ਸਮਾਚਾਰ ਸਾਫ਼ ਤੌਰ ਤੇ ਇਸ ਗ਼ਲਤ ਤੇ ਫਰਜ਼ੀ ਕਹਾਣੀ ਨੂੰ ਰੱਦ ਕਰਦੇ ਹਨ। ਆਗਰੇ

ਵਿਚ ਅਸੀਂ ਵੇਖਦੇ ਹਾਂ, ਜਿਵੇਂ ਕਿ ਸ੍ਰੀ ਗੁਰੂ ਸੋਭਾ ਵਿਚ ਲਿਖਿਆ ਹੈ, ਕਿ ਗੁਰੂ ਸਾਹਿਬ ਨੇ ਬਾਦਸ਼ਾਹ ਦਾ ਪੇਸ਼ ਕੀਤਾ ਹੋਇਆ ਖਿਲਅਤ ਦਰਬਾਰ ਦੇ ਆਮ ਰਿਵਾਜ ਅਨੁਸਾਰ ਉਸਦੀ ਹਾਜ਼ਰੀ ਵਿਚ ਪਹਿਨਣ ਦੀ ਥਾਂ ਇਕ ਸਿਖ ਹੱਥ ਆਪਣੇ ਕੈਂਪ ਨੂੰ ਭੇਜ ਦਿਤਾ। ਇਹ ਰਿਐਤ ਕੇਵਲ ਧਾਰਮਿਕ ਵਡਿਆਈ ਵਾਲੇ ਮਹਾਂ ਪੁਰਖਾਂ ਨਾਲ ਹੀ ਹੁੰਦੀ ਸੀ, ਕਿਸੇ ਸ਼ਾਹੀ ਅਫ਼ਸਰ ਜਾਂ ਨੌਕਰ ਨਾਲ ਨਹੀਂ। ਚੜ੍ਹਾਈ ਵੇਲੇ ਭੀ ਆਪ ਸ਼ਾਹੀ ਕੈਂਪ ਤੋਂ ਆਪਣੀ ਮਰਜ਼ੀ ਨਾਲ, ਅੱਡ ਹੋ ਜਾਂਦੇ ਸਨ ਤੇ ਕਈ ਦਿਨ ਆਪਣਾ ਪ੍ਰਚਾਰ ਦਾ ਕੰਮ ਕਰਦੇ ਰਹਿੰਦੇ ਸਨ। 'ਤਾਰੀਖਿ ਬਹਾਦੁਰ ਸ਼ਾਹੀ' ਸਾਨੂੰ ਦੱਸਦੀ ਹੈ ਕਿ 'ਗੁਰੂ ਗੋਬਿੰਦ ਸਿੰਘ' ਜੋ ਕਿ ਗੁਰੂ ਨਾਨਕ ਦੇ ਜਾਨਸ਼ੀਨ ਸਨ ਇਨ੍ਹਾਂ ਜ਼ਿਲਿਆਂ ਵਿਚ ਸਫਰ ਕਰਨ ਲਈ ਸ਼ਾਹੀ ਕੈਂਪ ਨਾਲ ਆਏ ਹੋਏ ਸਨ। ਆਪ ਦਾ ਇਹ ਕਾਇਦਾ ਸੀ ਕਿ ਆਪ ਦੁਨਿਆਵੀ, ਧਾਰਮਿਕ ਤੇ ਹੋਰ ਹਰ ਪ੍ਰਕਾਰ ਦੇ ਲੋਕਾਂ ਦੀਆਂ ਸੰਗਤਾਂ ਨੂੰ ਪ੍ਰਚਾਰ ਕਰਦੇ ਰਹਿੰਦੇ ਸਨ।'੧ ਇਕ ਸਰਕਾਰੀ ਨੌਕਰ ਨੂੰ ਜੋ ਕਿ ਇਕ ਭੜਕ ਰਹੀ ਬਗ਼ਾਵਤ ਨੂੰ ਦਬਾਣ ਜਾ ਰਹੀ ਫੌਜ ਨਾਲ ਜਾ ਰਿਹਾ ਹੋਵੇ ਐਤਨੀ ਖੁਲ੍ਹ ਨਹੀਂ ਸੀ ਦਿਤੀ ਜਾ ਸਕਦੀ। ਇਸ ਕਿਆਸ ਨੂੰ ਰੱਦ ਕਰਨ ਲਈ ਸਾਡੇ ਪਾਸ ਇਸ ਤੋਂ ਭੀ ਵਧੇਰੇ ਮਜ਼ਬੂਤ ਸਬੂਤ ਹੈ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਦੇ ਇਕ ਮਹੀਨਾ ਪਿੱਛੋਂ ੫ ਰਮਜ਼ਾਨ ੧੧੨੦ ਹਿਜਰੀ ਮੁਤਾਬਿਕ ੭ ਨਵੰਬਰ ੧੭੦੮ ਈ: (ਪੁਰਾਣਾ ਢੰਗ) ਨੂੰ ਬਾਦਸ਼ਾਹ ਬਹਾਦੁਰ ਸ਼ਾਹ ਪਾਸ ਇਕ ਰਪੋਟ 'ਗੁਰੂ ਗੋਬਿੰਦ–ਨਾਨਕ ਦੀ ਮਨਕੂਲਾ ਜਾਇਦਾਦ ਦੇ ਪ੍ਰਬੰਧ ਬਾਰੇ ਹੁਕਮ ਲਈ' ਪੇਸ਼ ਕੀਤੀ ਗਈ। ਜਾਇਦਾਦ ਕਾਫ਼ੀ ਮੁੱਲ ਦੀ ਸੀ ਤੇ ਰਵਾਜ ਦੇ ਅਨੁਸਾਰ ਜੋ ਕਿ ਸ਼ਾਹੀ ਅਫ਼ਸਰਾਂ ਜਾਂ ਨੌਕਰਾਂ ਲਈ ਵਰਤਿਆ ਜਾਂਦਾ ਸੀ ਇਹ ਜ਼ਬਤ ਹੋ ਜਾਣੀ ਚਾਹੀਦੀ ਸੀ। ਬਾਦਸ਼ਾਹ ਨੇ ਇਹ

੧ ਹੈਨਰੀ ਐਲੀਅਟ ਹਿਸਟਰੀ ਆਫ ਇੰਡੀਆ ਐਜ਼ ਟੋਲਡ ਬਾਈ ਇਸਟ ਓਨ ਹਿਸਟੋਰੀਅਨਜ਼ ਜਿਲਦ ਨੰ: ੭, ਪੰਨਾ ੫੬੬।

ਕਹਿ ਕੇ ਕਿ ਉਸ ਨੂੰ ਇਕ ਦਰਵੇਸ਼ ਦੀਆਂ ਚੀਜ਼ਾਂ ਦੀ ਲੋੜ ਨਹੀਂ, ਹੁਕਮ ਦਿਤਾ ਕਿ ਇਹ ਸਭ ਕੁਝ ਗੁਰੂ ਸਾਹਿਬ ਦੇ ਵਾਰਸਾਂ ਦੇ ਹਵਾਲੇ ਕਰ ਦਿਤਾ ਜਾਏ।੧ ਏਥੇ ਬਾਦਸ਼ਾਹ ਗੁਰੂ ਸਾਹਿਬ ਨੂੰ ਦਰਵੇਸ਼ (ਸੰਤ) ਦੇ ਨਾਮ ਨਾਲ ਯਾਦ ਕਰਦਾ ਹੈ ਨਾ ਕਿ ਇਕ ਸਰਕਾਰੀ ਅਫ਼ਸਰ ਜਾਂ ਨੌਕਰ ਦੀ ਹੈਸੀਅਤ ਵਿਚ। ਉਪਰਲੇ ਨੁਕਤੇ ਨੂੰ ਸਾਫ਼ ਕਰਨ ਲਈ ਇਹ ਬਹੁਤ ਕਾਫ਼ੀ ਹੈ।

ਨੰਦੇੜ (ਹੈਦਰਾਬਾਦ ਦੱਖਣ) ਵਿਚ–

ਨਰਬਦਾ ਨੂੰ ਲੰਘ ਕੇ ਸ਼ਾਹੀ ਕੈਂਪ ਦਰਿਆ ਤਾਪਤੀ, ਜਿਸ ਨੂੰ ਕਿ ੨੨ ਤੇ ੨੫ ਜੂਨ ੧੭੦੮ (ਨਵਾਂ ਢੰਗ) ਦੇ ਵਿਚਕਾਰ ਪਾਰ ਕੀਤਾ ਗਿਆ, ਦੇ ਕੰਢੇ ਤੇ ਬੁਰਹਾਨ ਪੁਰ ਪੁਜ ਗਿਆ। ਬੁਰਹਾਨ ਪੁਰ ਤੋਂ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਇਕ ਜ਼ਰੂਰੀ ਸੁਨੇਹਾ ਭੇਜਿਆ। ਆਪ ਉਥੇ ਕੈਂਪ ਨੂੰ ਆ ਮਿਲੇ ਤੇ ਇਸ ਦੇ ਨਾਲ ਦੱਖਣ ਨੂੰ ਅਗੇ ਟੁਰੇ। ਉਥੋਂ ਰਾਹ ਮਲਕਾਪੁਰ ਵਾਲਾ ਲਿਆ। ਬਾਣ ਗੰਗਾ ੨੦ ਅਗਸਤ ੧੭੦੮ (ਨਵਾਂ ਢੰਗ) ਨੂੰ ਪਾਰ ਕੀਤਾ ਗਿਆ ਤੇ ਚੜ੍ਹਦੇ ਸਤੰਬਰ ਕੈਂਪ ਨੰਦੇੜ ਪੁਜ ਗਿਆ।੨ ਏਥੇ ਗੁਰੂ ਸਾਹਿਬ ਨੇ ਇਕ ਵੈਸ਼ਨੂ ਬੈਰਾਗੀ ਮਾਧੋ ਦਾਸ, ਜਿਸ ਨੂੰ ਕਿ ਲਛਮਨ ਦਾਸ ਭੀ ਕਹਿੰਦੇ ਸਨ, ਨੂੰ ਸਿੰਘ ਸਜਾਇਆ। ਜਦ ਗੁਰੂ ਸਾਹਿਬ ਦੱਖਣ ਨੂੰ ਜਾ ਰਹੇ ਸਨ ਤਾ ਦਾਦੂ ਦੁਆਰਾ (ਨਰਾਇਣਾ ਰਿਆਸਤ ਜੈਪੁਰ) ਦੇ ਇਕ ਦਾਦੂਪੰਥੀ ਸਾਧੂ, ਜੈਤਰਾਮ (ਚੇਤ ਰਾਮ) ਨੇ ਆਪ ਨੂੰ ਏਸ ਬੈਰਾਗੀ ਦੇ ਡੇਰੇ ਜਾਣ ਤੋਂ ਮਨਾਹ ਕੀਤਾ ਸੀ। ਜੈਤ ਰਾਮ ਨੇ ਆਪ ਨੂੰ ਦੱਸਿਆ ਕਿ ਉਹ ਆਪਣੇ ਮਿਲਨ ਆਉਣ ਵਾਲਿਆਂ ਤੇ ਜਾਦੂ ਚਲਾ ਕੇ ਤੇ ਉਨ੍ਹਾਂ ਦਾ ਮਖੌਲ ਉਡਾ ਕੇ ਬੜਾ ਖੁਸ਼ ਹੁੰਦਾ ਹੈ। ਪਰ ਗੁਰੂ ਸਾਹਿਬ ਉਸ ਗੁਰੂ ਨਾਨਕ ਦੇ ਚੇਲੇ-ਜਾਨਸ਼ੀਨ ਸਨ

੧ ਬਹਾਦੁਰ ਸ਼ਾਹ ਨਾਮਾ, ੫ ਰਮਜ਼ਾਨ ੧੧੨੦ ਹਿ: ਅਰਵਿਨ, ਲੇਟਰ ਮੁਗ਼ਲਜ਼ ਜਿਲਦ ੧ ਪੰਨਾ ੯੦।

੨ ਅਰਵਿਨ, ਲੇਟਰ ਮੁਗ਼ਲਜ਼, ੧੫੮–੫੯।

ਜੋ ਕਿ ਕਈ ਵਾਰੀ ਇਕ ਭੁੱਲੀ ਭਟਕੀ ਆਤਮਾ ਨੂੰ ਰਾਹੇ ਪੌਣ ਲਈ ਕਈ ਸੌ ਮੀਲਾਂ ਦੇ ਸਫਰ ਤੇ ਟੁਰ ਪੈਂਦੇ ਸਨ। ਗੁਰੂ ਸਾਹਿਬ ਨੇ ਜੈਤ ਰਾਮ ਦੇ ਕਹੇ ਦਾ ਕੋਈ ਖਿਆਲ ਨਾ ਕੀਤਾ ਤੇ ਨੰਦੇੜ ਪਹੁੰਚ ਕੇ ਬੈਰਾਗੀ ਦੇ ਮਠ ਨੂੰ ਚੱਲ ਪਏ। ਮਾਧੋ ਦਾਸ ਉਥੇ ਨਹੀਂ ਸੀ। ਗੁਰੂ ਸਾਹਿਬ ਇਕੋ ਮੰਜੀ ਤੇ ਜੋ ਉਥੇ ਪਈ ਸੀ ਬੈਰਾਗੀ ਦੇ ਇੰਤਜ਼ਾਰ ਵਿਚ ਬੈਠ ਗਏ ਤੇ ਸਿੱਖ ਖਾਣੇ ਲਈ ਮਹਾਂ ਪ੍ਰਸਾਦ ਬਨਾਣ ਵਿਚ ਰੁੱਝ ਗਏ। ਵੈਸ਼ਨੋ ਬੈਰਾਗੀ ਦੇ ਜੋਸ਼ੀਲੇ ਵੈਸ਼ਨੂੰ ਚੇਲੇ ਇਸ ਤੋਂ ਡਾਢੇ ਨਰਾਜ਼ ਹੋਏ ਤੇ ਉਹ ਬੈਰਾਗੀ ਨੂੰ ਇਸ ਅਨੋਖੇ ਪ੍ਰਦੇਸੀ ਦੇ ਆਉਣ ਦੀ ਖਬਰ ਦੇਣ ਲਈ ਦੌੜ ਪਏ। ਬੈਰਾਗੀ ਗੁੱਸੇ ਨਾਲ ਲਾਲ ਪੀਲਾ ਹੋ ਗਿਆ। ਪਰ ਗੁਰੂ ਸਾਹਿਬ ਨੂੰ ਮੰਜੇ ਤੋਂ ਡੇਗਣ ਲਈ ਉਸ ਦੇ ਜਾਦੂ ਮੰਤਰ, ਭੂਤ-ਪ੍ਰੇਤ ਤੇ ਕਾਲੇ ਇਲਮ ਕਿਸੇ ਕੰਮ ਨਾ ਆਏ। ਗੁਰੂ ਸਾਹਿਬ ਦਾ ਮਨ ਬੜਾ ਡਾਢਾ ਸੀ। ਸੋ ਬੈਰਾਗੀ ਦੇ ਸਭ ਯਤਨ ਅਸਫਲ ਰਹੇ।

ਜਦੋਂ ਨੇੜੇ ਆਇਆ ਤਾਂ ਗੁਰੂ ਗੋਵਿੰਦ ਸਿੰਘ ਵਿਚ ਉਸ ਨੂੰ ਆਪਣਾ ਗੁਰੂ ਦਖਾਈ ਦਿਤਾ ਤੇ ਉਸੇ ਵੇਲੇ ਚਰਨਾਂ ਤੇ ਢਹਿ ਪਿਆ। ਅਹਿਮਦ ਸ਼ਾਹ ਬਟਾਲੀਏ ਨੇ 'ਜ਼ਿਕਰਿ ਗੁਰੂਆਂ ਵਾ ਇਬਤਦਾਇ ਸੰਘਾਂ ਵਾ ਮਜ਼ਹਬਿ ਏਸ਼ਾਂ' ਵਿਚ ਉਨ੍ਹਾਂ ਦੀ ਗੱਲ ਬਾਤ ਇਸ ਤਰ੍ਹਾਂ ਲਿਖੀ ਹੈ।

ਮਾਧੋ ਦਾਸ—ਤੁਸੀਂ ਕੌਣ ਹੋ ?

ਗੁਰੂ ਗੋਬਿੰਦ ਸਿੰਘ—ਉਹ ਜਿਸ ਨੂੰ ਤੂੰ ਜਾਣਦਾ ਏਂ।

ਮਾਧੋ ਦਾਸ—ਮੈਂ ਕੀ ਜਾਣਦਾ ਹਾਂ ?

ਗੁਰੂ ਗੋਬਿੰਦ ਸਿੰਘ—ਆਪਣੇ ਦਿਲ ਵਿਚ ਜ਼ਰਾ ਸੋਚ ਖਾਂ।

ਮਾਧੋ ਦਾਸ:—(ਕੁਝ ਠਹਿਰ ਕੇ) ਸੁ ਤੁਸੀਂ ਗੁਰੂ ਗੋਬਿੰਦ ਸਿੰਘ ਹੋ

ਗੁਰੂ ਗੋਬਿੰਦ ਸਿੰਘ:—ਹਾਂ !

ਮਾਧੋ ਦਾਸ:—ਤੁਸੀਂ ਏਥੇ ਕਿਵੇਂ ਦਰਸ਼ਨ ਦਿਤੇ ਨੇ ?

ਗੁਰੂ ਗੋਬਿੰਦ ਸਿੰਘ:—ਮੈਂ ਏਥੇ ਆਇਆ ਹਾਂ ਇਸ ਲਈ ਕਿ ਤੈਨੂੰ ਆਪਣਾ ਸਿੰਘ ਸਜਾਵਾਂ।

ਮਾਧੋ ਦਾਸ:—ਮੈਨੂੰ ਪ੍ਰਵਾਣ ਹੈ, ਮਹਾਰਾਜ ! ਮੈਂ ਤਾਂ ਤੁਹਾਡਾ ਬੰਦਾ ਹਾਂ।

ਘਮੰਡੀ ਤੇ ਅਜਿੱਤ ਬੈਰਾਗੀ ਮਹੰਤ ਗੁਰੂ ਸਾਹਿਬ ਦਾ ਬੰਦਾ (ਗ਼ੁਲਾਮ) ਬਣ ਗਿਆ। ਗੁਰੂ ਸਾਹਿਬ ਨੇ ਇਸ ਤਯਾਗੀ ਨੌਜਵਾਨ ਦੇ ਅੰਦਰ ਪੈਦਾ ਹੋ ਗਈ ਅਗਨੀ ਨੂੰ ਸੁਲਗਾ ਦੇਣ ਲਈ ਤੀਲੀ ਲਾ ਦਿਤੀ।

ਆਪ ਨੇ ਉਸ ਨੂੰ ਸਿੱਖਾਂ ਵਾਲੇ ਬਸਤਰ ਸ਼ਸਤਰ ਸਜਾ ਦਿਤੇ ਤੇ ਪੌਹਲ ਦੀ ਪੂਰਨ ਰਹਿਤ ਮਰਯਾਦਾ ਅਨੁਸਾਰ ਉਸਨੂੰ ਖ਼ਾਲਸੇ ਦਾ ਅਮਰ ਕਰਨ ਵਾਲਾ ਅੰਮ੍ਰਿਤ ਛਕਾ ਦਿਤਾ। ਉਸਦਾ ਨਵਾਂ ਨਾਮ ਬੰਦਾ ਸਿੰਘ ਰੱਖਿਆ ਗਿਆ, ਪਰ ਉਸਦੇ ਜਿਉਂਦਿਆਂ ਤੇ ਉਸਦੇ ਪਿਛੋਂ ਉਸ ਨੂੰ ਉਸ ਦੇ ਆਪੇ ਚੁਣੇ ਖ਼ਿਤਾਬ ਬੰਦੇ ਦੇ ਨਾਮ ਨਾਲ ਹੀ ਆਮ ਕਰਕੇ ਯਾਦ ਕੀਤਾ ਜਾਂਦਾ ਸੀ ਤੇ ਇਤਿਹਾਸ ਕਾਰਾਂ ਨੇ ਭੀ ਇਹੀ ਨਾਮ ਲਿਖਤ ਵਿੱਚ ਲਿਆਂਦਾ ਹੈ। ੧

ਗੁਰੂ ਸਾਹਿਬ ਦਾ ਚਲਾਣਾ—

ਗੁਰੂ ਸਾਹਿਬ ਦੇ ਦੱਖਣ ਦੇ ਸਫ਼ਰ ਵਿੱਚ ਸਰਹੰਦ ਦੇ ਦੋ ਪਠਾਣਾਂ ਨੇ ਚੋਰੀ ੨ ਆਪ ਦਾ ਪਿੱਛਾ ਕੀਤਾ। ਬਾਦਸ਼ਾਹ ਬਹਾਦੁਰ ਸ਼ਾਹ ਤੇ ਗੁਰੂ ਸਾਹਿਬ ਵਿਚਕਾਰ ਵਧੇਰੇ ਨਜ਼ਦੀਕੀ ਸੰਬੰਧ ਵਧਦੇ ਜਾਣ ਨਾਲ ਸਰਹੰਦ ਦੇ ਨਵਾਬ ਵਜ਼ੀਰ ਖ਼ਾਂ ਨੂੰ ਖ਼ਤਰਾ ਭਾਸਣ ਲਗ ਪਿਆ। ਗੁਰੂ ਸਾਹਿਬ ਦੇ ਸਿੱਖਾਂ ਤੇ ਹੋਏ ਅਤਯਾਚਾਰਾਂ ਵਿਚੋਂ ਬਹੁਤਿਆਂ ਦੀ ਜ਼ਿਮੇਵਾਰੀ ਉਸੇ ਦੇ ਸਿਰ ਸੀ। ਗੁਰੂ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਉਸੇ ਦੇ ਹੁਕਮ ਨਾਲ ਜ਼ਿੰਦਾ ਦੀਵਾਰ ਵਿਚ ਚੁਣਿਆ ਗਿਆ ਤੇ ਮੁੜ ਕਤਲ ਕੀਤਾ ਗਿਆ ਸੀ, ਤੇ ਉਸੇ ਦੀ ਦਗ਼ੇਬਾਜ਼ ਫ਼ੌਜ ਨਾਲ ਲੜਦੇ ਹੋਏ ਆਪ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਵਿਚ ਸ਼ਹੀਦ ਹੋਏ ਸਨ। ਸੁ ਇਨ੍ਹਾਂ ਦੋਸਤਾਨਾ ਤਅੱਲੁਕਾਤ ਤੋਂ ਸਭ ਤੋਂ ਵਧੇਰੇ ਉਹ ਡਰਦਾ ਸੀ ਕਿਉਂਕਿ ਇਹ ਗੱਲ ਆਮ ਉਡੀ ਹੋਈ ਸੀ ਕਿ ਗੁਰੂ ਸਾਹਿਬ ਬਾਦਸ਼ਾਹ ਨਾਲ ਇਸੇ ਲਈ ਜਾ ਰਹੇ ਹਨ ਤਾਂ ਕਿ ਕੋਈ

੧ ਪੂਰੇ ਵਿਸਥਾਰ ਤੇ ਪ੍ਰਮਾਣਾਂ ਲਈ ਵੇਖੋ ਗੰਡਾ ਸਿੰਘ, 'ਬੰਦਾ ਸਿੰਘ ਬਹਾਦੁਰ', ੧੨-੧੭।

ਤਰੀਕਾ ਲਭਿਆ ਜਾਏ ਜਿਸ ਦੇ ਨਾਲ ਉਨ੍ਹਾਂ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲਿਆ ਜਾ ਸਕੇ। ੧ ਬਖਤ ਮੱਲ ਦੇ ਲਿਖਣ ਅਨੁਸਾਰ ਬਹਾਦੁਰ ਸ਼ਾਹ ਨੇ ਆਪਣੀ ਹਕੂਮਤ ਦੇ ਆਰੰਭ ਵਿੱਚ ਵਜ਼ੀਰ ਖ਼ਾਂ ਦੇ ਨਾਂ ਫ਼ਰਮਾਨ ਜਾਰੀ ਕੀਤਾ ਸੀ ਕਿ ਉਹ ਗੁਰੂ ਸਾਹਿਬ ਨੂੰ ਤਿੰਨ ਸੌ ਰੁਪੈਆ ਰੋਜ਼ ਦਿਆ ਕਰੇ। ਉਸੇ ਵੇਲੇ ਤੋਂ ਵਜ਼ੀਰ ਖਾਂ ਗੁਰੂ ਸਾਹਿਬ ਤੋਂ ਛੁਟਕਾਰਾ ਪਾਉਣ ਲਈ ਕਿਸੇ ਮੌਕੇ ਦੀ ਤਾੜ ਵਿਚ ਸੀ। ਉਸ ਨੇ ਗੁਰੂ ਸਾਹਿਬ ਨੂੰ ਕਤਲ ਕਰਨ ਲਈ ਇਕ ਪਠਾਣ ਲਾਇਆ। ਪਰ ਸਾਜ਼ਸ਼ ਸਫ਼ਲ ਨਾ ਹੋ ਸਕੀ ਤੇ ਪਠਾਣ ਗੁਰੂ ਸਾਹਿਬ ਦੇ ਹਥੋਂ ਮਾਰਿਆ ਗਿਆ। ਵਜ਼ੀਰ ਖ਼ਾਂ ਨੇ ਉਸ ਪਠਾਣ ਦੇ ਪੁੱਤਰਾਂ ਦੇ ਜਜ਼ਬਾਤ ਨੂੰ ਸੁਖਾਲੇ ਹੀ ਭੜਕਾ ਦਿਤਾ ਤੇ ਗੁਰੂ ਸਾਹਿਬ ਦੇ ਵਿਰੁਧ ਉਕਸਾ ਕੇ ਦੱਖਣ ਨੂੰ ਭੇਜਿਆ ਤਾਂ ਜੋ ਮੌਕਾ ਮਿਲਣ ਪੁਰ ਆਪ ਨੂੰ ਕਤਲ ਕਰ ਦੇਣ। ੨'ਚਤਰ ਜੁਗੀ' ਤੋਂ ਪਤਾ ਲਗਦਾ ਹੈ ਕਿ ਇਹ ਪਠਾਣ ਪਹਿਲੋਂ ਦਿੱਲੀ ਗਏ ਤੇ ਉਨ੍ਹਾਂ ਦੇ ਮਹਿਲ ਮਾਤਾ ਸੁੰਦਰੀ ਜੀ ਤੋਂ ਉਨ੍ਹਾਂ ਦੇ ਮੁਕਾਮ ਦਾ ਪਤਾ ਕਰਕੇ ਆਪਣੀ ਕਾਤਲਾਨਾ ਸਾਜ਼ਿਸ਼ ਨੂੰ ਪੂਰਾ ਕਰਨ ਲਈ ਦੱਖਣ ਵੱਲ ਨੂੰ ਤੁਰ ਪਏ।

ਮਲੂਮ ਹੁੰਦਾ ਹੈ ਕਿ ਗੁਰੂ ਸਾਹਿਬ ਤੇ ਸਿਖ ਇਨ੍ਹਾਂ ਪਠਾਣਾਂ ਨੂੰ ਜਾਣਦੇ ਸਨ। ਸੋ ਜਦ ਕਦੇ ਉਹ ਗੁਰੂ ਸਾਹਿਬ ਪਾਸ ਆਏ ਕਿਸੇ ਨੂੰ ਭੀ ਉਨ੍ਹਾਂ ਸਬੰਧੀ ਕੋਈ ਸ਼ੱਕ ਨ ਗੁਜ਼ਰਿਆ। 'ਸ੍ਰੀ ਗਰੂ ਸੋਭਾ' ੩ ਅਨੁਸਾਰ ਉਹ ਦੂਜੇ ਤੀਜੇ ਦਿਨ ਗਰੂ ਸਾਹਿਬ ਪਾਸ ਆਉਂਦੇ। ਪਰ ਉਨ੍ਹਾਂ ਦਾ ਦਾਅ ਨਾ ਲੱਗ ਸਕਿਆ। ਆਖ਼ਿਰ ਇਕ ਦਿਨ ਸ਼ਾਮ ਨੂੰ ਰਹਿਰਾਸ ਪਿੱਛੋਂ ਜਦ ਕਿ ਗਰੂ ਸਾਹਿਬ ਜ਼ਰਾ ਆਰਾਮ ਕਰ ਰਹੇ ਸਨ ਤੇ ਆਪ ਦੇ ਸੇਵਕ ਨੂੰ ਜ਼ਰਾ ਊਂਘ ਆ ਗਈ ਤਾਂ ਇਨ੍ਹਾਂ ਵਿਚੋਂ ਇੱਕ ਪਠਾਣ ਹੌਲੀ ਜਹੇ ਅੱਗੇ ਹੋਇਆ ਤੇ ਆਪਦੀ ਖੱਬੀ ਵੱਖੀ ਵਿੱਚ ਦਿਲ ਦੇ ਜ਼ਰਾ ਹੇਠਾਂ ਛੁਰਾ ਖੋਭ

੧ ਖੁਸ਼ਵਕਤ ਰਾਏ, 'ਤਾਰੀਖੇ ਸਿੱਖਾਂ' ੬੪.

੨ ਖਾਲਸਾ ਨਾਮਾ: ੧੨-੧੯, ਚਤੁਰਜੁਗੀ ਵਿੱਚ ਭੀ ਇਸ ਗੱਲ ਦਾ ਜ਼ਿਕਰ ਹੈ ਕਿ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਵਾਲੇ ਸਰਹੰਦ ਦੇ ਰਹਿਣ ਵਾਲੇ ਸਨ।

੩ ਸੈਨਾ ਪਤ, ੧੦੧-੦੨।

ਦਿਤਾ। ਪਰ ਉਸ ਦੇ ਹੋਰ ਵਾਰ ਕਰਨ ਦੇ ਪਹਿਲੋਂ ਗੁਰੂ ਸਾਹਿਬ ਨੇ ਭਗਉਤੀ ਨਾਲ ਹੀ ਉਸਨੂੰ ਟਿਕਾਣੇ ਲਾ ਦਿੱਤਾ, ਤੇ ਉਸਦੇ ਭੱਜੇ ਜਾਂਦੇ ਸਾਥੀ ਨੂੰ ਸਿਖਾਂ ਦੀਆਂ ਤਲਵਾਰਾਂ ਨੇ ਬੰਨੇ ਲਾ ਛੱਡਿਆ। ੧

ਜਦ ਬਹਾਦੁਰ ਸ਼ਾਹ ਨੇ ਇਹ ਖ਼ਬਰ ਸੁਣੀ ਤਾਂ ਉਸ ਨੇ ਆਪਣੇ ਇਕ ਫ਼ਰੰਗੀ ਡਾਕਟਰ ਕੋਲ (ਜਾਂ ਕਾਲ) ਨੂੰ ਗੁਰੂ ਸਾਹਿਬ ਦੇ ਇਲਾਜ ਲਈ ਭੇਜਿਆ। ੨ ਕੁਝ ਦਿਨਾਂ ਵਿਚ ਜ਼ਖ਼ਮ ਭਰ ਗਿਆ ਤੇ ਗੁਰੂ ਸਾਹਿਬ ਟੁਰਨ ਫਿਰਨ ਦੇ ਕਾਬਲ ਹੋ ਗਏ। ਪਰ ਮਲੂਮ ਹੁੰਦਾ ਹੈ ਕਿ ਜ਼ਖ਼ਮ ਅੰਦਰੋਂ ਅਜੇ ਅੱਲਾ ਸੀ ਕਿ ਇਕ ਦਿਨ ਗੁਰੂ ਸਾਹਿਬ ਨੇ ਇਕ ਸਖ਼ਤ ਕਮਾਨ ਦਾ ਜੋਰ ਨਾਲ ਖਿਚ ਕੇ ਚਿੱਲਾ ਚਾੜ੍ਹਿਆ ਤਾਂ ਉਹ ਜ਼ਖ਼ਮ ਮੁੜ ਖੁਲ੍ਹ ਗਿਆ ਤੇ ਲਹੂ ਦੇ ਜ਼ਿਆਦਾ ਵਗਣ ਨੇ ਗੁਰੂ ਸਾਹਿਬ ਨੂੰ ਬਹੁਤ ਕਮਜ਼ੋਰ ਕਰ ਦਿਤਾ। ਅੱਧੀ ਰਾਤ ਦੇ ਜ਼ਰਾ ਪਿਛੋਂ ਆਪ ਨੇ ਆਖ਼ਰੀ ਫ਼ਤਹ, ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹ, ਗਜਾਈ ਤੇ ਕਤਕ ਸੁਦੀ ੫, ਸੰਮਤ ੧੭੬੫ ਬਿਕ੍ਰਮੀ, ਮੁਤਾਬਿਕ ੭ ਅਕਤੂਬਰ ਸੰਨ ੧੭੦੮ ਈ:, ਦੀ ਸਵੇਰ ਦੀਆਂ ਆਰੰਭਕ ਘੜੀਆਂ ਵਿਚ ਜੋਤੀ ਜੋਤ ਸਮਾ ਗਏ। ੩

੧ ਇਸ ਵਿਸ਼ੇ ਦੇ ਲਿਖਾਰੀ ਹਮਲੇ ਦੀ ਤਹਿ ਵਿਚ ਛੁਪੇ ਭੇਦ ਬਾਰੇ ਕਈ ਖਿਆਲ ਪ੍ਰਗਟ ਕਰਦੇ ਹਨ। ਕਈ ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਆਪ ਪਠਾਣਾਂ ਨੂੰ ਆਪਣੇ ਬਾਪ ਦਾ ਬਦਲਾ ਲੈਣ ਲਈ ਚੱਕਿਆ, ਪਰ ਤਾਰੀਖ ਬਹਾਦੁਰ ਸ਼ਾਹੀ ਵਿਚ ਲਿਖਿਆ ਹੈ, "ਗੁਰੂ ਸਾਹਿਬ ਦੇ ਮੂੰਹੋਂ ਕੁਝ ਅਜੇਹੇ ਲਫਜ਼ ਨਿਕਲੇ ਜਿਨ੍ਹਾਂ ਨੂੰ ਕਿ ਇਕ ਮੋਮਨ ਦੇ ਕੰਨ ਬਰਦਾਸ਼ਤ ਨਹੀਂ ਸਨ ਕਰ ਸਕਦੇ। ਸੋ ਗੁਸੇ ਵਿਚ ਭਰਿਆ ਇਕ ਅਫਗਾਨ ਅੱਗੇ ਵਧਿਆ ਤੇ ਗੁਰੂ ਸਾਹਿਬ ਦੀ ਸ਼ਖਸੀਅਤ ਤੇ ਮਾਨ ਆਬਰੂ ਦਾ ਖਿਆਲ ਨਾ ਕਰਦੇ ਹੋਏ ਉਸਨੇ ਗੁਰੂ ਸਾਹਿਬ ਤੇ ਚਾਕੂ ਦੇ ਦੋ ਤਿੰਨ ਵਾਰ ਕੀਤੇ ਤੇ ਕਤਲ ਕਰ ਦਿਤਾ।" ਦੌਲਤ ਰਾਇ ਆਪਣੀ ਸਵਾਨੇਹ ਉਮਰੀ ਗੁਰੂ ਗੋਬਿੰਦ ਸਿੰਘ ਵਿਚ ਬਾਦਸ਼ਾਹ ਤੇ ਇਲਜ਼ਾਮ ਲਾਉਂਦਾ ਹੈ ਕਿ ਉਸਨੇ ਗੁਰੂ ਸਾਹਿਬ ਤੋਂ ਛੁਟਕਾਰਾ ਪਾਣ ਲਈ ਉਨ੍ਹਾਂ ਦੇ ਕਤਲ ਦਾ ਪ੍ਰਬੰਧ ਕੀਤਾ। ਕਈ ਲਿਖਾਰੀ ਕਹਿੰਦੇ ਹਨ ਕਿ ਇਹ ਉਸ ਝਗੜੇ ਦਾ ਨਤੀਜਾ ਸੀ ਜੋ ਘੋੜੇ ਖ੍ਰੀਦਣ ਵੇਲੇ ਹਿਸਾਬ ਕਰਨ ਵਿਚ ਪੈਦਾ ਹੋਗਿਆ, ਪਰ ਇਹ ਖਿਆਲ ਸਿੱਖ ਤੇ ਗ਼ੈਰ ਸਿਖ ਲਿਖਾਰੀਆਂ ਵਲੋਂ ਕਈ ਅੱਡੋ ਅੱਡ ਮਤਲਬ ਲਈ ਪੇਸ਼ ਕੀਤੇ ਗਏ ਹਨ ਪਰ ਇਹ ਤਵਾਰੀਖੀ ਖੋਜ ਦੀ ਕਸੌਟੀ ਤੇ ਪੂਰੇ ਨਹੀਂ ਉਤਰ ਸਕਦੇ। ਸੋ ਇਨ੍ਹਾਂ ਨੂੰ ਮੰਨਣ ਯੋਗ ਨ ਸਮਝਕੇ ਛਡ ਦੇਣਾ ਚਾਹੀਦਾ ਹੈ।

੨ ਧਿਆਨ ਸਿੰਘ, ਦਸਵੇਂ ਪਾਤਸ਼ਾਹ ਕਾ ਅੰਤਮ ਕੌਤਕ।

੩ ਸ੍ਰੀ ਗੁਰੂ ਸੋਭਾ ਆਦਿ।

ਬੰਦਾ ਬਹਾਦੁਰ ਦਾ ਅਸਲ ਨਾਂ

ਮਈ ੧੯੩੪ ਵਿਚ ਮੇਰੇ ਟਰੈਕਟ ਬੰਦਾ ਸਿੰਘ, ਦੀ ਮਾਰਟਰ (Banda Singh, the Martyr) ਤੇ ਅਪ੍ਰੈਲ ੧੯੩੫ ਵਿਚ ਬੰਦਾ ਸਿੰਘ ਬਹਾਦੁਰ (Banda Singh Bahadur) ਪ੍ਰਕਾਸ਼ਤ ਹੋਣ ਪਰ ਕਈ ਇਕ ਸਜਣਾਂ ਨੂੰ ਬੰਦਾ ਦੇ ਨਾਲ 'ਸਿੰਘ' ਸ਼ਬਦ ਕੁਝ ਓਪਰਾ ਜਿਹਾ ਜਾਪਿਆ। ਜਿਸ ਦਾ ਵੱਡਾ ਕਾਰਣ ਇਹ ਹੈ ਕਿ ਆਮ ਪੁਸਤਕਾਂ ਵਿਚ ਜੋੜੀਆਂ ਕਿ ਆਮ ਲੋਕਾਂ ਦੇ ਪੜ੍ਹਣ ਵਿਚ ਆਉਂਦੀਆਂ ਹਨ ਬੰਦਾ ਸਿੰਘ ਦਾ ਨਾਮ, ਉਨ੍ਹਾਂ ਦੀ ਗੁਰੂ–ਪ੍ਰੇਮ ਵਿਚ ਲੀਨ ਹੋਕੇ ਆਪ ਧਾਰਣ ਕੀਤੀ ਪਦਵੀ 'ਬੰਦਾ' ਕਰਕੇ ਲਿਖਿਆ ਹੋਇਆ ਹੈ। ਇਹ 'ਬੰਦਾ' ਨਾਮ ਹਰ ਇਕ ਦੀ ਜ਼ਬਾਨ ਤੇ ਚੜ੍ਹਿਆ ਹੋਇਆ ਹੋਣ ਕਰਕੇ ਤੇ ਹਰ ਪਾਸਿਓਂ ਇਹ ਹੀ ਸੁਣਿਆ ਜਾਣ ਕਰਕੇ ਦਿਮਾਗ ਤੇ ਕੰਨ ਇਸੇ ਨਾਲ ਹਿਲ-ਮਿਲ ਗਏ। ੧੯੦੯ ਵਿਚ ਜਦ ਮੈਕਾਲਿਫ ਸਾਹਿਬ ਨੇ ਆਪਣੀ ਪ੍ਰਸਿਧ ਪੁਸਤਕ (The Sikh Religion) ਲਿਖੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੱਖਣ ਵਿਚ ਨੰਦੇੜ ਦੇ ਅਸਥਾਨ ਪਰ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਤ ਛਕਾ ਕੇ ਸਿੰਘ ਸਜਾਉਣ ਦਾ ਹਾਲ ਲਿਖਿਆ ਤਾਂ ਉਨ੍ਹਾਂ ਨੇ 'ਬੰਦਾ' ਨੂੰ ਕੇਵਲ ਉਨ੍ਹਾਂ ਦੀ ਪਦਵੀ ਹੀ ਸਮਝ ਕੇ ਉਨ੍ਹਾਂ ਨੂੰ 'ਸਿੰਘ' ਨਾਮ ਦੇਣਾ ਜ਼ਰੂਰੀ ਸਮਝਿਆ। ਪੁਰਾਤਨ ਫ਼ਾਰਸੀ ਲਿਖਤਾਂ ਉਨ੍ਹਾਂ ਦੀ ਨਜ਼ਰੇ ਨਹੀਂ ਸਨ ਪਈਆਂ, ਇਸ ਲਈ ਬੰਦਾ ਸਿੰਘ ਨਾਮ ਸੰਬੰਧੀ ਨਾ ਤਾਂ ਉਨ੍ਹਾਂ ਨੂੰ ਪਤਾ ਹੀ ਲੱਗਾ ਤੇ ਨਾ ਹੀ ਪੁਰਾਤਨ

ਇਤਿਹਾਸ ਦੀ ਰੋਸ਼ਨੀ ਵਿਚ ਉਨ੍ਹਾਂ ਨੂੰ ਇਸ ਨਾਮ ਦਾ ਖ਼ਿਆਲ ਆਇਆ ਕਿ ਉਹ ਇਸ ਸੰਬੰਧੀ ਹੋਰ ਖੋਜ ਦੀ ਜ਼ਰੂਰਤ ਸਮਝਦੇ। ਮੈਕਾਲਿਫ਼ ਸਾਹਿਬ ਲਈ 'ਬੰਦਾ' ਨੂੰ ਅੰਮ੍ਰਿਤ ਛਕ ਕੇ ਸਿੰਘ ਸਜਣ ਪਿਛੋਂ ਸਿੰਘ ਨਾਮ ਤੋਂ ਬਗੈਰ ਰਹਿਣ ਦੇਣਾ ਭੀ ਮੁਸ਼ਕਲ ਸੀ। ਇਸ ਲਈ ਉਨ੍ਹਾਂ ਨੇ ਆਪਣੇ ਸਹਾਇਕਾਂ ਦੀ ਸਹਾਇਤਾ ਨਾਲ 'ਗੁਰਬਖ਼ਸ਼ ਸਿੰਘ' ਨਾਮ ਰੱਖ ਦਿੱਤਾ।

ਪੰਦਰਾਂ ਸੋਲਾਂ ਸਾਲ 'ਗੁਰਬਖਸ਼ ਸਿੰਘ' ਨਾਮ ਮੈਕਾਲਿਫ ਸਾਹਿਬ ਦੀ ਕਿਤਾਬ ਤਕ ਹੀ ਮਹਿਦੂਦ ਰਿਹਾ, ਪਰ ਜਦ ਭਾਈ ਪਰਮਾਨੰਦ ਨੇ 'ਬੀਰ ਬੈਰਾਗੀ' ਨਾਮੀ ਪੁਸਤਕ ਵਿਚ ਬੰਦਾ ਸਿੰਘ, ਮਾਤਾ ਸੁੰਦਰੀ ਜੀ ਅਤੇ ਖਾਲਸੇ ਵਿਰੁਧ ਕੁਝ ਇਤਿਹਾਸ-ਵਿਰੁਧ ਤੇ ਅਯੋਗ ਗੱਲਾਂ ਲਿਖੀਆਂ ਤਾਂ ਸਿਖਾਂ ਵਿਚ ਜੋਸ਼ ਦੀ ਇਕ ਲਹਿਰ ਫੈਲ ਗਈ। ਉਨ੍ਹਾਂ ਨੇ ਉਸ ਨੂੰ ਸਿਖ ਸਾਬਤ ਕਰਨ ਲਈ ਮੈਕਾਲਿਫ ਆਦਿ ਦਾ ਸਹਾਰਾ ਲਿਆ ਤੇ ਇਸ ਤਰ੍ਹਾਂ 'ਗੁਰਬਖਸ਼ ਸਿੰਘ' ਪ੍ਰਚਲਤ ਤੇ ਪ੍ਰਚਾਰਿਤ ਹੋ ਗਿਆ ਤੇ ਬਾਬਾ 'ਗੁਰਬਖਸ਼ ਸਿੰਘ ਬੰਦਾ ਬਹਾਦੁਰ' ਲਿਖਿਆ ਜਾਣ ਲਗ ਪਿਆ।

ਇਨ੍ਹਾਂ ਹਾਲਤਾਂ ਵਿਚ ਇਹ ਕੁਦਰਤੀ ਗੱਲ ਸੀ ਕਿ ੧੯੩੪-੩੫ ਵਿਚ ਮੇਰੀਆਂ ਪੁਸਤਕਾਂ ਪਰ 'ਬੰਦਾ ਸਿੰਘ' ਨਾਮ ਕੁਝ ਓਪਰਾ ਜਿਹਾ ਭਾਸਦਾ। ਕਈ ਸਜਣਾਂ ਨੇ ਇਸ ਸਬੰਧੀ ਮੇਰੇ ਪਾਸੋਂ ਜ਼ਬਾਨੀ ਤੇ ਲਿਖਤੀ ਪੁੱਛ ਗਿੱਛ ਭੀ ਕੀਤੀ ਅਤੇ ਮੇਰਾ ਉੱਤਰ ਪੁਜਣ ਪਰ ਉਨ੍ਹਾਂ ਦੀ ਪੂਰੀ ਤਸੱਲੀ ਹੋ ਗਈ।

ਮਈ ੧੯੩੪ ਵਿਚ ਮੇਰਾ ਟਰੈਕਟ 'ਬੰਦਾ ਸਿੰਘ, ਦੀ ਮਾਰਟਰ' ਪ੍ਰਕਾਸ਼ਿਤ ਹੋਣ ਪਿਛੋਂ ੧੬ ਜੁਲਾਈ ੧੯੩੪ ਦੇ ਮੌਜੀ ਅਖ਼ਬਾਰ ਵਿਚ 'ਇਕ ਇਤਹਾਸ ਪ੍ਰੇਮੀ ਜੀ' ਵਲੋਂ ਇਸ ਸੰਬੰਧੀ ਇਕ ਸ਼ੰਕਾ-ਲੇਖ ਪ੍ਰਕਾਸ਼ਤ ਕਰਵਾਇਆ ਗਿਆ, ਪਰ ਚੂੰਕਿ ਮੈਨੂੰ ਉਨ੍ਹਾਂ ਇਹ ਅਖਬਾਰ ਨਾ ਭੇਜਿਆ ਤੇ ਭਿਜਵਾਇਆ, ਤੇ ਆਪ ਮੈਂ ਇਹ ਅਖਬਾਰ ਪੜ੍ਹਿਆ ਨਹੀਂ ਸੀ, ਇਸ ਲਈ ੧੧ ਮਾਰਚ ੧੯੩੫ ਤਕ ਮੈਨੂੰ ਇਸ ਲੇਖ ਦਾ ਪਤਾ ਹੀ ਨਾ ਲੱਗਾ ਤੇ ਮੈਂ ਉੱਤਰ ਨਾ ਦੇ ਸਕਿਆ। ਇਨ੍ਹਾਂ ਦਿਨਾਂ ਵਿਚ ਮੇਰੀ ਵੱਡੀ

ਕਿਤਾਬ 'ਬੰਦਾ ਸਿੰਘ ਬਹਾਦੁਰ' ਪ੍ਰਕਾਸ਼ਤ ਹੋ ਰਹੀ ਸੀ ਤੇ ਐਡੀਟਰ 'ਮੌਜੀ' ਨਾਲ ਗੱਲ ਬਾਤ ਪਿਛੋਂ ਉਨ੍ਹਾਂ ਦੀ ਤਸੱਲੀ ਹੋ ਜਾਣ ਪਰ ਉਨ੍ਹਾਂ ਭੀ ਅੱਠ ਮਹੀਨੇ ਪਿਛੋਂ ਮੇਰੀ ਵਲੋਂ ਅਖ਼ਬਾਰ ਵਿਚ ਉੱਤਰ ਲਿਖੇ ਜਾਣ ਦੀ ਜ਼ਰੂਰਤ ਨਾ ਸਮਝੀ।

ਹੁਣ 'ਬੰਦਾ ਸਿੰਘ ਬਹਾਦਰ' ਪ੍ਰਕਾਸ਼ਤ ਹੋ ਜਾਣ ਦੇ ਚੌਦਾਂ ਮਹੀਨੇ ਪਿੱਛੋਂ ਓਸੇ 'ਇਕ ਇਤਿਹਾਸ ਪ੍ਰੇਮੀ ਜੀ' ਨੇ ਮੇਰੇ ਨਾਲ ਜ਼ਬਾਨੀ ਯਾ ਲਿਖਤੀ ਵਿਚਾਰ ਕਰ ਲੈਣ ਦੀ ਥਾਂ ਫਿਰ 'ਅਕਾਲੀ ਪਤ੍ਰਕਾ' ਦੇ ੨੧ ਜੂਨ ੧੯੩੬ ਦੇ ਸੰਡੇ ਐਡੀਸ਼ਨ ਵਿਚ ਇਕ ਲੇਖ 'ਕੀ ਬੰਦਾ ਬਹਾਦੁਰ ਦਾ ਨਾਉਂ ਬੰਦਾ ਸਿੰਘ ਸੀ ?' ਲਿਖਿਆ ਹੈ। ਹੋ ਸਕਦਾ ਹੈ ਕਿ 'ਇਕ ਇਤਿਹਾਸ ਪ੍ਰੇਮੀ ਜੀ' ਦੇ ਸ਼ੰਕਾ-ਲੇਖਾਂ ਦੇ ਅਸਰ ਹੇਠਾਂ ਯਾ ਓਸੇ ਤਰ੍ਹਾਂ ਹੋਰ ਭੀ ਕਿਸੇ ਸੱਜਣ ਨੂੰ ਬੰਦਾ ਸਿੰਘ ਨਾਮ ਸੰਬੰਧੀ ਭੁਲੇਖਾ ਯਾ ਸ਼ੱਕ ਹੋਵੇ, ਇਸ ਲਈ ਹਮੇਸ਼ਾ ਵਾਸਤੇ ਇਸ ਸਵਾਲ ਨੂੰ ਹੱਲ ਕਰਨ ਤੇ ਸ਼ੱਕ ਨੂੰ ਦੂਰ ਕਰਨ ਲਈ ਮੈਂ ਇਹ ਲੇਖ ਲਿਖ ਰਿਹਾ ਹਾਂ।

ਬੰਦਾ ਸਿੰਘ ਨਾਮ ਦੀ ਗਵਾਹੀ—

ਇਤਿਹਾਸਕ ਖੋਜ ਦਾ ਇਹ ਪਹਿਲਾ ਅਸੂਲ ਹੈ ਕਿ ਕਿਸੇ ਗੱਲ ਦੀ ਪੜਤਾਲ ਕਰਨ ਲੱਗਿਆਂ ਉਸ ਦੇ ਜ਼ਿਆਦਾ ਤੋਂ ਜ਼ਿਆਦਾ ਨਜ਼ਦੀਕ ਜਾਇਆ ਜਾਵੇ। ਇਸੇ ਅਸੂਲ ਨੂੰ ਸਾਹਮਣੇ ਰੱਖ ਕੇ ਜਿਸ ਵੇਲੇ ਮੈਨੂੰ ਪੁਰਾਤਨ ਲਿਖਤਾਂ ਤੋਂ ਇਹ ਯਕੀਨ ਹੋ ਗਿਆ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਬੈਰਾਗੀ ਨੂੰ ਅੰਮ੍ਰਿਤ ਛਕਾ ਕੇ ਬਾਕਾਇਦਾ ਸਿੰਘ ਸਜਾਇਆ ਸੀ ਤਾਂ ਮੈਂ ਉਨ੍ਹਾਂ ਦੇ ਨਾਮ ਸੰਬੰਧੀ ਪੜਤਾਲ ਆਰੰਭੀ। ਸਾਰੀਆਂ ਪੁਰਾਣੀਆਂ ਫ਼ਾਰਸੀ, ਉਰਦੂ, ਗੁਰਮੁਖੀ ਲਿਖਤਾਂ ਵਿਚ ਉਨ੍ਹਾਂ ਦੇ ਤਿੰਨ ਨਾਮ ਮਿਲੇ—

(੧) ਬੰਦਾ ਯਾ ਗੁਰੂ ਬੰਦਾ;
(੨) ਗੋਬਿੰਦ, ਗੋਬਿੰਦਾ ਯਾ ਗੁਰੂ ਗੋਬਿੰਦ;
(੩) ਬੰਦਾ (ਸਕ—ਸਗ—ਸਿੰਗ) ਸਿੰਘ।

ਚੌਥਾ ਨਵਾਂ ਨਾਮ 'ਗੁਰਬਖ਼ਸ਼ ਸਿੰਘ' ਪਹਿਲੀ ਵਾਰੀ ਮਿਸਟਰ ਮੈਕਾਲਿਫ ਨੇ ਆਪਣੀ ਕਿਤਾਬ 'ਦੀ ਸਿੱਖ ਰਿਲਿਜਨ' (SikhReligion, Vol.5) ਦੇ ਸਫ਼ਾ ੨੩੮ ਪਰ ਲਿਖਿਆ ਹੈ ਤੇ ਇਸ ਨਾਮ ਦੀ ਉਮਰ ਕੇਵਲ ੨੬ ਕੁ ਵਰ੍ਹੇ ਹੈ।

ਗੋਬਿੰਦ, ਗੋਬਿੰਦਾ ਯਾ ਗੁਰੂ ਗੋਬਿੰਦ–

ਇਹ ਨਾਮ ਲਿਖਾਰੀਆਂ ਨੇ ਕੇਵਲ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਟਪਲਾ ਖਾ ਕੇ ਲਿਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੱਖਣ ਨੂੰ ਜਾਣ ਤੋਂ ਪਹਿਲਾਂ ਪੰਜਾਬ ਵਿਚ ਜੰਗ ਕਰ ਰਹੇ ਸਨ ਅਤੇ ਦੱਖਣ ਵਿਚੋਂ ਹੀ ਸਿਖਾਂ ਦੇ ਇੱਕ ਆਗੂ ਨੇ ਆ ਕੇ ਫਿਰ ਪੰਜਾਬ ਵਿਚ ਜੰਗ ਅਰੰਭ ਦਿੱਤੇ। ਇਸ ਲਈ ਜਿਨ੍ਹਾਂ ਨੂੰ ਗੁਰੂ ਮਹਾਰਾਜ ਦੇ ਦੱਖਣ ਵਿਚ ਜੋਤੀ ਜੋਤ ਸਮਾ ਜਾਣ ਦਾ ਪਤਾ ਨਹੀਂ ਸੀ ਉਨ੍ਹਾਂ ਨੇ ਇਹ ਸਮਝਕੇ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਆ ਕੇ ਮੁੜ ਜੰਗ ਆਰੰਭ ਦਿੱਤੇ ਹਨ, ਬਾਬਾ ਬੰਦਾ ਸਿੰਘ ਦਾ ਨਾਮ ਗੋਬਿੰਦ ਯਾ ਗੁਰੂ ਗੋਬਿੰਦ ਆਦਿ ਲਿਖਿਆ ਹੈ, ਤੇ ਕਈਆਂ ਨੇ ਫਾਰਸੀ ਵਿਚ ਲਿਖੇ ਹੋਏ 'ਕੁਰੂ (ਗੁਰੂ)' ਯਾ 'ਕੁਰ (ਗੁਰ) ਬੰਦਾ' ਨੂੰ ਕੋਬਿੰਦ ਯਾ ਗੋਬਿੰਦ ਪੜ੍ਹ ਲਿਆ ।

ਬੰਦਾ ਯਾ ਗੁਰੂ ਬੰਦਾ–

ਆਮ ਲਿਖਾਰੀਆਂ ਨੇ ਆਪ ਦਾ ਨਾਮ ਬੰਦਾ ਯਾ ਗੁਰੂ ਬੰਦਾ ਲਿਖਿਆ ਹੈ। ਹਰ ਇਕ ਲਿਖ਼ਾਰੀ ਨੂੰ ਇਹ ਹੀ ਪਤਾ ਸੀ ਕਿ ਸਿੱਖਾਂ ਦੇ ਮੁਖੀ ਆਗੂ ਨੂੰ ਗੁਰੂ ਕਹਿੰਦੇ ਹਨ, ਜਿਵੇਂ ਕਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ 'ਗੁਰੂ' ਪਦਵੀ ਚਲੀ ਆ ਰਹੀ ਸੀ । ਇਹ ਗੱਲ ਆਮ ਮੁਸਲਮਾਨ ਤੇ ਹਿੰਦੂ ਲਿਖਾਰੀਆਂ ਨੂੰ ਪਤਾ ਨਹੀਂ ਸੀ ਲੱਗੀ ਕਿ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਉਣ ਵੇਲੇ ਗੁਰਿਆਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦੇ ਗਏ ਹਨ ਤੇ ਸਿਖਾਂ ਦੇ ਦੇਹ-ਧਾਰੀ ਗੁਰੂ ਹੋਰ ਨਹੀਂ ਹੋਣਗੇ, ਅਤੇ ਚੂੰਕਿ ਬੰਦਾ ਸਿੰਘ ਨੇ ਆਕੇ ਗੁਰੂ ਗੋਬਿੰਦ ਸਿੰਘ ਜੀ ਦੇ ਬਾਦ ਫਿਰ ਉਨ੍ਹਾਂ ਦਾ ਜੰਗੀ ਕੰਮ

ਆਰੰਭ ਦਿੱਤਾ ਤੇ ਸਿਖ ਭੀ ਉਨ੍ਹਾਂ ਨਾਲ ਆ ਰਲੇ ਸਨ ਇਸ ਲਈ ਉਨ੍ਹਾਂ ਨੇ ਬੰਦਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਤੋਂ ਬਾਦ ਅਗਲਾ ਗੁਰੂ ਸਮਝਕੇ 'ਗੁਰੂ ਬੰਦਾ' ਲਿਖਿਆ ਹੈ, ਨਹੀਂ ਤਾਂ ਲਿਖਾਰੀਆਂ ਨੇ ਉਨ੍ਹਾਂ ਦਾ ਆਪਣਾ ਨਾਮ ਬੰਦਾ ਹੀ ਲਿਖਿਆ ਹੈ, ਗੁਰਬਖਸ਼ ਸਿੰਘ ਨਹੀਂ ।

ਮੈਕਾਲਫ ਸਾਹਿਬ ਵਲੋਂ 'ਗੁਰਬਖ਼ਸ਼ ਸਿੰਘ' ਨਾਮ ਲਿਖੇ ਜਾਣ ਤੋਂ ਪਹਿਲਾਂ ਦੋ ਸੌ ਸਾਲ ਤਕ ਸਾਰੇ ਇਤਿਹਾਸਕਾਰ ਬੰਦਾ ਸਿੰਘ ਨੂੰ 'ਬੰਦਾ' ਹੀ ਲਿਖਦੇ ਆਏ ਹਨ, ਗੁਰਬਖ਼ਸ਼ ਸਿੰਘ ਕਿਸੇ ਨਹੀਂ ਲਿਖਿਆ । ਖ਼ੁਦ ਮੈਕਾਲਿਫ਼ ਸਾਹਿਬ ਨੇ ਭੀ ਸਿਰਫ਼ ਇਕ ਥਾਂ ਤੋਂ ਬਿਨਾਂ ਹਰ ਜਗ੍ਹਾ ਬੰਦਾ ਹੀ ਲਿਖਿਆ ਹੈ ।

ਬੰਦਾ (ਸਿੰਗ) ਸਿੰਘ–

ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੇ ਇਤਿਹਾਸਾਂ ਵਿਚੋਂ ਅਧੀ ਕੁ ਦਰਜਨ ਐਸੇ ਹਨ ਜਿਨ੍ਹਾਂ ਵਿਚ ਆਪਦਾ ਨਾਮ 'ਬੰਦਾ ਸਿੰਘ' ਇਸ ਤਰ੍ਹਾਂ ਲਿਖਿਆ ਹੈ–ਬੰਦਾ ਸਕ, ਸਿੰਗ । ਦੇਖੋ ਅਹਿਵਾਲਿ-ਸੁਲਾਤੀਨ, ਦਸਤੂਰੁਲ ਅਮਲ, ਨਜ਼ਹਤ-ਉਲ-ਜ਼ਮਾਇਰ, ਰੁਕੱਾਤ, ਆਦਿ । ਇਨ੍ਹਾਂ ਤੋਂ ਪਿਛਲਿਆਂ ਨੇ ਇਨ੍ਹਾਂ ਦੇ ਸ਼ਬਦ 'ਬੰਦਾ' ਤੋਂ ਬਾਹਦ ਦੇ 'ਸਿੰਗ' ਨੂੰ (ਜਿਸ ਦਾ ਸ਼ੁੱਧ ਉੱਚਾਰਣ 'ਸਿੰਘ' ਹੈ) ਪੜ੍ਹਨ ਵਿਚ ਗਲਤੀ ਖਾਧੀ ਹੈ ਤੇ 'ਸਿੰਘ' ਨੂੰ 'ਸਕ' ਯਾ 'ਸਗ' (ਅਰਥਾਤ ਕੁੱਤਾ) ਪੜ੍ਹਿਆ ਹੈ ਤੇ ਗਾਲੀ ਜਾਣ ਕੇ ਛੱਡ ਦਿਤਾ । ਇਸ ਕਰਕੇ ਉਨ੍ਹਾਂ ਦਾ ਨਾਮ 'ਬੰਦਾ ਸਿੰਘ' ਦੀ ਥਾਂ ਖਾਲੀ 'ਬੰਦਾ' ਹੀ ਰਹਿ ਗਿਆ ।

ਪੁਰਾਣੀਆਂ ਫ਼ਾਰਸੀ ਲਿਖਤਾਂ ਚੂੰਕਿ ਸ਼ਿਕਸਤਾ ਖ਼ਤ ਵਿਚ ਲਿਖੀਆਂ ਹੋਈਆਂ ਹਨ ਇਸ ਲਈ ਉਨ੍ਹਾਂ ਵਿਚ 'ਨੂਨ' ਦਾ ਨੁਕਤਾ ਘੱਟ ਹੀ ਕਿਧਰੇ ਦਿੱਤਾ ਹੋਇਆ ਹੈ, ਅਤੇ ਪੁਰਾਣੇ ਲਿਖਾਰੀਆਂ ਨੂੰ ਜ਼ਿਆਦਾ ਮੁਹਾਵਰਾ ਅਰਬੀ ਭਾਸ਼ਾ ਦਾ ਹੁੰਦਾ ਸੀ, ਇਸ ਲਈ ਓਹ 'ਗਾਫ਼' ਦੀ ਜਗਾ ਭੀ 'ਕਾਫ਼' ਹੀ ਲਿਖਦੇ ਸਨ । ਇਹ ਹੀ ਕਾਰਣ ਹੈ ਕਿ ਪੁਰਾਣੀਆਂ ਫ਼ਾਰਸੀ ਲਿਖਤਾਂ ਵਿਚ ਗੁਰੂ, ਅੰਗਦ, ਗੋਬਿੰਦ, ਗ੍ਰੰਥ, ਗਸ਼ਤ, ਗ੍ਰਿਫ਼ਤ, ਆਦਿ ਸ਼ਬਦ ਕੁਰੂ, ਅੰਕਦ, ਕੋਬਿੰਦ, ਕਰੰਤ, ਕਸ਼ਤ, ਕ੍ਰਿਫ਼ਤ ਲਿਖੇ ਮਿਲਦੇ ਹਨ ।

ਜਿਵੇਂ ਫ਼ਾਰਸੀ ਲਿਖਤਾਂ ਵਿਚ, ਜੱਸਾ, ਕਰੋੜਾ, ਚੜ੍ਹਤ, ਬਘੇਲ (ਬਖੇਲ), ਗੋਬਿੰਦ (ਕੋ ਬੰਦ) ਆਦਿ ਨਾਮਾਂ ਦੇ ਬਾਦ 'ਸਕ', 'ਸੱਗ' 'ਸਿੰਗ' ਸ਼ਬਦਾਂ ਦਾ ਸਹੀ ਉਚਾਰਣ 'ਸਿੰਘ' ਹੈ ਇਸੇ ਤਰ੍ਹਾਂ ਪੁਰਾਣੀਆਂ ਲਿਖਤਾਂ ਵਿਚ 'ਬੰਦਾ' ਤੋਂ ਬਾਦ ਇਨ੍ਹਾਂ ਸ਼ਬਦਾਂ ਦਾ ਅਸਲੀ ਉਚਾਰਣ 'ਸਿੰਘ' ਹੋਣ ਕਰਕੇ ਅਸਲੀ ਠੀਕ ਨਾਮ 'ਬੰਦਾ ਸਿੰਘ' ਹੈ।

ਇੱਥੇ ਮੈਂ ਇਹ ਭੀ ਦੱਸ ਦੇਣਾ ਚਾਹੁੰਦਾ ਹਾਂ ਕਿ ਇਸ ਵਿਚ ਕੋਈ ਸ਼ਕ ਨਹੀਂ ਕਿ ਕਈ ਮੁਤਅੱਸਬ ਲਿਖਾਰੀਆਂ ਨੇ ਸਿੱਖਾਂ ਨੂੰ 'ਸੱਗ' ਅਰਥਾਤ ਕੁੱਤੇ ਲਿਖਿਆ ਹੈ, ਪਰ ਓਹ ਲਫ਼ਜ਼ 'ਸਗ' ਯਾ ਤਾਂ ਇੱਕਲਾ ਆਇਆ ਹੈ ਯਾ ਕਿਸੇ ਨਾਮ ਤੋਂ ਪਹਿਲੋਂ, ਕਿਸੇ ਨਾਮ ਦੇ ਪਿੱਛੇ ਕਿਧਰੇ ਨਹੀਂ ਆਇਆ। ਇਸ ਲਈ ਏਥੇ ਇਸ ਪ੍ਰਕਾਰ ਦਾ ਭੁਲੇਖਾ ਲਗ ਸਕਣ ਦੀ ਭੀ ਕੋਈ ਗੁੰਜਾਇਸ਼ ਨਹੀਂ।

ਭਾਈ ਗਿਆਨ ਸਿੰਘ ਸੰਬੰਧੀ—

ਭਾਈ ਗਿਆਨ ਸਿੰਘ ਦੀਆਂ ਪੁਸਤਕਾਂ ਵਿਚ ਕਿਧਰੇ ਕਿਧਰੇ ਵਿਗਿਆਨਕ ਇਤਿਹਾਸ ਦੇ ਨੁਕਤਾ ਨਿਗਾਹ ਤੋਂ ਕੁਝ ਘਾਟੇ ਹੋਣ ਦੇ ਬਾਵਜੂਦ ਭੀ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪ ਪਹਿਲੇ ਤੇ ਇਕੱਲੇ ਹੀ ਇਤਿਹਾਸਕਾਰ ਹਨ, ਜਿਨ੍ਹਾਂ ਨੇ ਬਾਕਾਇਦਾ ਤੌਰ ਤੇ ਸਿਖ ਇਤਿਹਾਸ ਨੂੰ ਸਿਲਸਿਲੇ ਵਾਰ ਲਿਖਿਆ ਹੈ। ਹਾਲ ਤਕ ਭੀ ਸਿਖ ਕੌਮ ਵਿਚ ਇਸ ਨੁਕਤੇ ਤੋਂ ਕੋਈ ਲਿਖਾਰੀ ਭਾਈ ਗਿਆਨ ਸਿੰਘ ਦਾ ਮੁਕਾਬਲਾ ਨਹੀਂ ਕਰ ਸਕਦਾ। ਭਾਈ ਸੰਤੋਖ ਸਿੰਘ ਜੀ ਨੇ ਛੇ ਹਜ਼ਾਰ ਸਫੇ ਦਾ ਮਹਾਨ ਗ੍ਰੰਥ 'ਸੂਰਜ ਪ੍ਰਕਾਸ਼' ਲਿਖਿਆ ਹੈ ਪਰ ਉਹ ਗੁਰੂ ਸਾਹਿਬਾਂ ਦੇ ਹਾਲ ਤਕ ਹੀ ਹੈ। ਭਾਈ ਰਤਨ ਸਿੰਘ ਜੀ ਦਾ 'ਪ੍ਰਾਚੀਨ ਪੰਥ ਪ੍ਰਕਾਸ਼' ਨਾ ਗੁਰੂ ਸਾਹਿਬਾਂ ਸੰਬੰਧੀ ਕੁਝ ਦਸਦਾ ਹੈ, ਤੇ ਨਾ ਹੀ ਮਿਸਲਾਂ, ਸਿਖ ਰਾਜ ਤੇ ਉਸਦੇ ਬਾਦ ਸੰਬੰਧੀ ਕੁਝ ਹਾਲ। ਇਹ ਅਠਾਰ੍ਹਵੀਂ ਸਦੀ ਦੇ ਕੁਝ ਕੁ ਸਮੇਂ ਦੇ ਹਾਲਾਤ ਦਿੰਦਾ ਹੈ। ਭਾਈ ਗਿਆਨ ਸਿੰਘ ਜੀ ਦੇ ਗ੍ਰੰਥ ਤੋਂ ਬਗੈਰ ਪੂਰਣ ਸਿਖ ਇਤਿਹਾਸ ਸੰਬੰਧੀ ਸਿੱਖਾਂ ਦੇ ਪੱਲੇ ਹੈ ਕੀ? ਉਨ੍ਹਾਂ ਦੇ ਗ੍ਰੰਥਾਂ

ਨੇ ਸਿੰਘ ਸਭਾ ਲਹਿਰ ਦੇ ਆਰੰਭ ਵਿਚ ਜੋ ਕੰਮ ਕੀਤਾ ਅਤੇ ਹਾਲ ਤਕ ਕਰ ਰਹੇ ਹਨ, ਉਹ ਆਪਣੀ ਮਿਸਾਲ ਆਪ ਹੀ ਹੈ। ਉਨ੍ਹਾਂ ਦੀਆਂ ਪੁਸਤਕਾਂ ਵਿਚ ਕਿਧਰੇ ੨ ਤਰੁਟੀਆਂ ਨੂੰ ਲੈ ਕੇ ਕਲਮ ਦੀ ਇਕ ਝਰੀਟ ਨਾਲ ਉਨ੍ਹਾਂ ਦੀ ਹਰ ਗੱਲ ਨੂੰ ਨਿੰਦ ਸੁਟਣਾ ਕ੍ਰਿਤਘਨਤਾ ਹੈ।

ਮੈਂ ਭਾਈ ਗਿਆਨ ਸਿੰਘ ਜੀ ਦੀ 'ਬੰਦਾ ਸਿੰਘ' ਨਾਮ ਵਾਲੀ ਲਿਖਤ ਨੂੰ ਪੁਰਾਤਨ ਇਤਿਹਾਸਕ ਲਿਖਤਾ ਅਨੁਕੂਲ ਤੇ ਠੀਕ ਮੰਨਦਾ ਹਾਂ ਤੇ ਏਸੇ ਕਰਕੇ ਉਸ ਦਾ ਹਵਾਲਾ ਦਿੱਤਾ ਹੈ। ਇਸ ਗਲ ਤੋਂ ਕੋਈ ਭੀ ਇਨਕਾਰ ਨਹੀਂ ਕਰ ਸਕਦਾ ਕਿ ਭਾਈ ਗਿਆਨ ਸਿੰਘ ਦੀ ਲਿਖਤ ਪੁਸਤਕ 'ਗੁਰਬਖਸ਼ ਸਿੰਘ' ਨਾਮ ਦੀ ਪ੍ਰੋੜ੍ਹਤਾ ਲਈ ਪੇਸ਼ ਕੀਤੀਆਂ ਜਾਂਦੀਆਂ ਸਾਰੀਆਂ ਪੁਸਤਕਾਂ ਤੇ ਟਰੈਕਟਾਂ ਨਾਲੋਂ ੬੦–੭੦ ਵਰ੍ਹੇ ਪੁਰਾਣੀ ਹੈ, ਤੇ ਮੈਕਾਲਿਫ ਦੀ ਪੁਸਤਕ ਨਾਲੋਂ ੩੦–੪੦ ਵਰ੍ਹੇ ਪਹਿਲੋਂ ਦੀ ਲਿਖੀ ਹੋਈ ਹੈ।

'ਗੁਰਬਖ਼ਸ਼ ਸਿੰਘ'—

ਜਿਵੇਂ ਮੈਂ ਪਿਛੇ ਲਿਖ ਆਇਆ ਹਾਂ, ਇਹ ਨਾਮ ਪਹਿਲੇ ਪਹਿਲ ੧੯੦੯ ਵਿਚ ਮੈਕਾਲਿਫ ਸਾਹਿਬ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਤੇ ਬਾਕੀ ਸਭ ਪੁਸਤਕਾਂ ਤੇ ਟਰੈਕਟਾਂ ਨੇ ਇਸੇ ਦੀ ਨਕਲ ਕੀਤੀ ਹੈ, ਇਸ ਲਈ ਉਨ੍ਹਾਂ ਦਾ ਹਵਾਲਾ ਪੇਸ਼ ਕਰਨਾ ਕੋਈ ਅਰਥ ਨਹੀਂ ਰਖਦਾ, ਕਿਉਂਕਿ ਨਾ ਤਾਂ ਮੈਕਾਲਿਫ ਸਾਹਿਬ ਦੀ ਕਿਤਾਬ ਹੀ ਉਪਰ ਦਿੱਤੀਆਂ ਸਮਕਾਲੀ ਲਿਖਤਾਂ, ਤੇ ਭਾਈ ਗਿਆਨ ਸਿੰਘ ਦੇ ਪੰਥ ਪ੍ਰਕਾਸ਼ ਤੇ ਤਵਾਰੀਖ ਗੁਰੂ ਖਾਲਸਾ ਨਾਲੋਂ ਪਹਿਲੋਂ ਦੀ ਹੈ ਤੇ ਨਾ ਹੀ ਹੋਰ ਦੂਸਰੀਆਂ ਪੁਸਤਕਾਂ ਤੇ ਟਰੈਕਟ।

'ਗੁਰਬਖਸ਼ ਸਿੰਘ' ਨਾਮ ਦੀ ਪ੍ਰੋੜ੍ਹਤਾ ਵਿਚ ਕਈ ਵਾਰੀ ਸ: ਕਰਮ ਸਿੰਘ ਜੀ ਲਿਖਤ 'ਬੰਦਾ ਕੌਨ ਥਾ' ਪੇਸ਼ ਕੀਤੀ ਜਾਂਦੀ ਹੈ, ਪਰ ਸਾਰੀ ਕਿਤਾਬ ਵਿਚ ਸ: ਕਰਮ ਸਿੰਘ ਜੀ ਨੇ ਕਿਧਰੇ ਇਕ ਵਾਰੀ ਭੀ 'ਗੁਰਬਖ਼ਸ਼ ਸਿੰਘ' ਨਾਮ ਦਾ ਜ਼ਿਕਰ ਤਕ ਨਹੀਂ ਕੀਤਾ ਤੇ ਇਸੇ ਕਰਕੇ ਹਵਾਲਾ ਦੇਣ ਵਾਲਿਆਂ

ਨੂੰ ਕਿਤਾਬ ਦੇ ਮੁਢ ਵਿਚ ਪ੍ਰਕਾਸ਼ਕਾਂ ਵਲੋਂ ਲਗਾਈ ਗਈ ਤਸਵੀਰ ਪਰ ਅੰਗ੍ਰੇਜ਼ੀ ਸ਼ਬਦਾਂ ਵਿਚ ਲਿਖੇ Banda Bahadur alias Curbakhsh Singh ਦਾ ਆਸਰਾ ਲੈਣਾ ਪੈਂਦਾ ਹੈ। ਬਾਵਜੂਦ ਇਸ ਦੇ ਕਿ ਸ: ਕਰਮ ਸਿੰਘ ਜੀ ਨੇ ਇਹ ਕਿਤਾਬ ਭਾਈ ਪਰਮਾਨੰਦ ਦੇ ਜਵਾਬ ਵਿਚ ਲਿੱਖੀ ਸੀ ਉਨ੍ਹਾਂ ਨੇ. ਸਾਰੀ ਕਿਤਾਬ ਵਿਚ ਆਪਣੀ ਕਲਮ ਨਾਲ ਉਨ੍ਹਾਂ ਦਾ ਨਾਮ 'ਗੁਰਬਖ਼ਸ਼ ਸਿੰਘ' ਲਿਖਣਾ ਤਾਂ ਕਿਧਰੇ ਰਿਹਾ, ਇਹ ਭੀ ਨਹੀਂ ਲਿਖਿਆ ਕਿ ਉਨ੍ਹਾਂ ਨੇ ਅੰਮ੍ਰਿਤ ਛਕਿਆ ਸੀ। ਕਿਤਾਬ ਵਿਚ ਦਿੱਤੀ ਤਸਵੀਰ ਤੇ ਉਸ ਉੱਪਰ ਲਿਖੇ 'ਗੁਰਬਖ਼ਸ਼ ਸਿੰਘ' ਨਾਮ ਨਾਲ ਸ: ਕਰਮ ਸਿੰਘ ਜੀ ਦਾ ਕੋਈ ਸੰਬੰਧ ਨਹੀਂ। ਇਹ ਤਸਵੀਰ ਕਿਤਾਬ ਦੇ ਪਬਲਿਸ਼ਰਜ਼ ਅਕਾਲੀ ਏਜੰਸੀ ਨੇ ਛਪਵਾ ਕੇ ਆਪੇ ਲਵਾਈ ਹੋਈ ਹੈ ਜੇ ਸ: ਕਰਮ ਸਿੰਘ ਜੀ ਉਨ੍ਹਾਂ ਦਾ ਇਹ ਨਾਮ ਮੰਨਦੇ ਹੁੰਦੇ ਤਾਂ ਕੀ ਓਹ ਉਨ੍ਹਾਂ ਦੇ ਅੰਮ੍ਰਿਤ ਛਕਣ ਤੋਂ ਬਾਦ ਉਨ੍ਹਾਂ ਦਾ 'ਗੁਰਬਖ਼ਸ਼ ਸਿੰਘ' ਨਾਮ ਇੱਕ ਵਾਰੀ ਭੀ ਨਾ ਲਿਖਦੇ ? ਕਿਤਾਬ ਦੇ ਮਜ਼ਮੂਨ ਦੇ ਬਿਲਕੁਲ ਉਲਟ ਤਸਵੀਰਾਂ ਦਾ ਪ੍ਰਕਾਸ਼ਕਾਂ ਵਲੋਂ ਲਗਾਇਆ ਜਾਣਾ ਕੋਈ ਨਵੀਂ ਤੇ ਹੈਰਾਨੀ ਵਾਲੀ ਗੱਲ ਨਹੀਂ। ਖੁਦ ਮੇਰੀ ਆਪਣੀ ਹਿੰਦੀ ਕਿਤਾਬ "ਗੁਰੂ ਗੋਬਿੰਦ ਸਿੰਘ ਜੀ ਕੇ ਸਾਹਿਬਜ਼ਾਦੋਂ ਕੇ ਜੀਵਨ ਬਿਰਤਾਂਤ" ਵਿਚ ਪ੍ਰਕਾਸ਼ਕਾਂ ਵਲੋਂ ਪੁਸਤਕ ਦੇ ਮਜ਼ਮੂਨ ਵਿਰੁਧ ਤਸਵੀਰ ਬਿਨਾਂ ਮੈਨੂੰ ਪੁੱਛਣ ਦੇ ਲਗਾ ਦਿਤੀ ਗਈ ਸੀ।

ਖੁਦ ਮੈਕਾਲਿਫ ਨੇ ਭੀ ਕੇਵਲ ਇੱਕੋ ਥਾਂ ਹੀ 'ਗੁਰਬਖ਼ਸ਼ ਸਿੰਘ' ਲਿਖਿਆ ਹੈ ਤੇ ਓਸੇ ਕਿਤਾਬ ਵਿਚ ਬਾਕੀ ਹੋਰ ਸਬ ਜਗਾ 'ਬੰਦਾ' ਹੀ ਲਿਖਿਆ ਹੈ।

ਇਕ ਸਿਖ ਵਿਦਵਾਨ ਦੇ ਕਥਨ ਅਨੁਸਾਰ ਸਿੱਖਾਂ ਲਈ 'ਗੁਰਬਖਸ਼ ਸਿੰਘ' ਨਾਮ ਹਿੰਦੂਆਂ ਦੇ 'ਕੁਸ਼ੱਲ ਗੋਤ੍ਰ' ਵਾਂਗੂੰ ਹੋ ਗਿਆ ਹੈ। 'ਜਿਸ ਦਾ ਕੋਈ ਗੋਤ੍ਰ ਨਾ, ਉਸਦਾ ਕੁਸ਼ਲ ਗੋਤ੍ਰ', ਜਿਸ ਦਾ ਕੋਈ ਨਾਮ ਨਾ ਜਚਿਆ ਉਸਦਾ 'ਗੁਰਬਖਸ਼ ਸਿੰਘ' ਨਾਮ। ਭਾਈ ਰਾਮ ਕੋਰ ਜੀ ਦਾ ਨਾਮ ਗੁਰਬਖਸ਼ ਸਿੰਘ ਹੋਇਆ ਹੀ ਸਹੀ, ਇਕ ਉਦਾਸੀ ਸਾਧੂ ਦੇ ਨਾਮ ਦੀ

ਲੋੜ ਪਈ, 'ਗੁਰਬਖਸ਼ ਸਿੰਘ' ਕਹਿ ਦਿੱਤਾ, ਬੰਦਾ ਸਿੰਘ ਦਾ ਨਾਮ 'ਗੁਰਬਖਸ਼ ਸਿੰਘ'! ਤੇ ਥੋੜ੍ਹੀ ਦੇਰੀ ਹੋਈ ਹੈ ਇਕ ਸੱਜਨ ਨੇ ਭਾਈ ਨੰਦ ਲਾਲ ਜੀ ਦਾ ਨਾਮ ਭੀ 'ਗੁਰਬਖਸ਼ ਸਿੰਘ' ਲਿਖ ਦਿੱਤਾ ਸੀ।

'ਇਕ ਇਤਹਾਸ ਪ੍ਰੇਮੀ ਜੀ' ਮੇਰੇ ਟਰੈਕਟ 'ਸਿਖ ਇਤਿਹਾਸ' ਵਲ ਇਸ਼ਾਰਾ ਕਰਕੇ ਕਹਿੰਦੇ ਹਨ ਕਿ ਉਸ ਵਿਚ ਮੈਂ 'ਗੁਰਬਖ਼ਸ਼ ਸਿੰਘ' ਲਿਖਿਆ ਹੈ। ੧੯੩੨ ਵਿਚ ਉਪ੍ਰੋਕਤ ਟਰੈਕਟ ਲਿਖਣ ਵੇਲੇ ਮੈਂ ਬੰਦਾ ਸਿੰਘ ਦੇ ਜੀਵਨ ਸੰਬੰਧੀ ਹਰ ਇਕ ਨੁਕਤੇ ਦੀ ਪੂਰੀ ਪੂਰੀ ਖੋਜ ਨਹੀਂ ਸੀ ਕੀਤੀ, ਇਸ ਲਈ ਇਸ ਮਜ਼ਮੂਨ ਸੰਬੰਧੀ ਖੋਜ-ਰਹਿਤ ਆਮ ਲਿਖਾਰੀਆਂ ਵਾਂਙੂ ਮੈਂ ਭੀ ਭੁੱਲ ਕਰ ਦਿੱਤੀ ਸੀ, ਜਿਸਨੂੰ ਮੈਂ ੧੯੩੩ ਦੇ ਪੰਜਾਬ ਤੋਂ ਕਲਕੱਤੇ ਤਕ ਦੇ ਦੌਰੇ ਤੋਂ ਬਾਦ ਸੋਧ ਲਿਆ ਹੈ। ਕੇਵਲ ਇਹ ਹੀ ਨਹੀਂ ਬਲਕਿ 'ਬੰਦਾ ਸਿੰਘ, ਦੀ ਮਾਰਟਰ' (Banda Singh,the Martyr) ਤੇ 'ਬੰਦਾ ਸਿੰਘ ਬਹਾਦਰ' (Banda Singh Bahadur) ਵਿਚ ਮੈਂ ਹੋਰ ਕਈ ਪੁਰਾਣੀਆਂ ਚਲੀਆਂ ਆ ਰਹੀਆਂ ਭੁੱਲਾਂ ਨਵੀਂ ਇਤਿਹਾਸਕ ਖੋਜ ਦੀ ਰੋਸ਼ਨੀ ਵਿਚ ਠੀਕ ਕਰ ਦਿੱਤੀਆਂ ਹਨ। ਇਕ ਈਮਾਨਦਾਰ ਲਿਖਾਰੀ ਤੇ ਖਾਸ ਕਰ ਇਤਿਹਾਸ-ਲਿਖਾਰੀ ਨੂੰ ਕਦੇ ਭੀ ਆਪਣੀ ਭੁੱਲ ਮੰਨਣ ਤੇ ਸੋਧ ਲੈਣ ਵਿਚ ਸੰਕੋਚ ਨਹੀਂ ਹੁੰਦਾ।

ਮੈਂ ਬੰਦਾ ਸਿੰਘ ਦੇ ਮੈਕਾਲਿਫ ਸਾਹਿਬ ਦੀ ਕਿਤਾਬ ਵਿਚ ਦਿੱਤੇ ਗਏ 'ਗੁਰਬਖਸ਼ ਸਿੰਘ' ਨਾਮ ਨੂੰ ਛੁਪਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਮੈਂ ਆਪਣੀ ਕਿਤਾਬ 'ਬੰਦਾ ਸਿੰਘ ਬਹਾਦੁਰ' ਦੇ ਪੰਨਾ ੧੭ ਤੇ ਇਕ ਫੁਟ-ਨੋਟ ਵਿਚ ਸਾਫ ਮੈਕਾਲਿਫ ਸਾਹਿਬ ਤੇ ਸਰਦਾਰ ਬਹਾਦਰ ਭਾਈ ਕਾਨ੍ਹ ਸਿੰਘ ਦਾ ਹਵਾਲਾ ਦੇ ਦਿਤਾ ਹੋਇਆ ਹੈ। ਪਰ ਮੈਂ ਵਰਤਿਆ ਓਹੀ (ਬੰਦਾ ਸਿੰਘ) ਨਾਮ ਹੈ ਜਿਸ ਨੂੰ ਕਿ ਮੈਂ ਜ਼ਿਆਦਾ ਇਤਿਹਾਸ ਅਨੁਕੂਲ ਹੋਣ ਕਰਕੇ ਠੀਕ ਸਮਝਦਾ ਹਾਂ।

ਅੱਧਾ ਨਾਮ

ਇਤਿਹਾਸਕ ਹਵਾਲਿਆਂ ਤੋਂ ਬਾਦ 'ਇਕ ਇਤਿਹਾਸ ਪ੍ਰੇਮੀ ਜੀ'

ਦਲੀਲ ਦੇ ਪੱਖ ਵਲ ਆਉਂਦੇ ਹਨ। ਆਪ ਲਿਖਦੇ ਹਨ "ਜੇ ਇਕ ਸਾਧਾਰਨ ਸਿਖ ਨੂੰ ਅਸੀਂ ਅੱਧੇ ਨਾਮ ਤੋਂ ਸਦੀਏ ਤਾਂ ਉਹ ਆਪਣੀ ਕਿਤਨੀ ਬੇਇੱਜ਼ਤੀ ਸਮਝਦਾ ਹੈ ? ਫੇਰ ਸਮਝ ਨਹੀਂ ਆਉਂਦੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਇਆ ਬੰਦਾ ਬਹਾਦੁਰ ਵਰਗਾ ਮੰਨਿਆ ਪਰਮੰਨਿਆ ਸਿੱਖ ਤੇ ਜਰਨੈਲ ਕਿਸ ਤਰਾਂ ਬਰਦਾਸ਼ਤ ਕਰ ਸਕਦਾ ਸੀ ਕਿ ਉਸ ਨੂੰ ਜਦ ਉਹ ਇਤਨੀ ਉੱਚੀ ਪੋਜ਼ੀਸ਼ਨ ਵਿਚ ਹੋਵੇ ਲੋਕ ਤੇ ਲਿਖਾਰੀ ਬੰਦਾ ਕਰਕੇ ਅੱਧੇ ਨਾਮ ਨਾਲ ਸੱਦ ਕੇ ਉਸ ਦੇ ਸਤਿਕਾਰ ਦੀ ਥਾਂ ਉਸ ਦਾ ਤ੍ਰਿਸਕਾਰ ਕਰਦੇ ?"

ਮੈਨੂੰ ਤਾਂ ਇਸ ਵਿਚ ਕੋਈ ਐਸੀ ਗੱਲ ਨਜ਼ਰ ਨਹੀਂ ਆਉਂਦੀ ਜਿਹੜੀ ਸਮਝ ਵਿਚ ਨਾ ਆਉਂਦੀ ਹੋਵੇ। 'ਬੇਇੱਜ਼ਤੀ' ਤੇ 'ਨਾ ਬਰਦਾਸ਼ਤ ਕਰਨ' ਦਾ ਤਾਂ ਸਵਾਲ ਹੀ ਨਹੀਂ ਉਠਦਾ, ਕਿਉਂਕਿ ਐਸੀ ਕੋਈ ਸਮਕਾਲੀ ਗਵਾਹੀ ਮੌਜੂਦ ਨਹੀਂ ਜਿਸ ਤੋਂ ਇਹ ਪਤਾ ਲਗ ਸਕੇ ਕਿ ਸਿੱਖ ਉਸ ਨੂੰ ਅੱਧੇ ਨਾਮ (ਬੰਦਾ) ਨਾਲ ਬੁਲਾਉਂਦੇ ਸਨ। ਪਰ ਜੇ ਸਿਖ ਉਸ ਨੂੰ 'ਬੰਦਾ' ਕਰਕੇ ਬੁਲਾਉਂਦੇ ਭੀ ਹੋਣ ਤਾਂ ਭੀ ਉਹ ਇਸ ਵਿਚ ਬੇਇੱਜ਼ਤੀ ਨਹੀਂ ਸੀ ਸਮਝ ਸਕਦਾ, ਕਿਉਂਕਿ ਇਹ ਆਮ ਅੱਧੇ ਨਾਮਾਂ ਦੀ ਤਰਾਂ ਅੱਧਾ ਨਾਮ ਨਹੀਂ ਸੀ, ਬਲਕਿ ਇਹ ਗੁਰੂ-ਪਰੇਮ ਵਿਚ ਮਸਤ ਹੋ ਕੇ ਉਸ ਦੀ ਆਪ ਧਾਰਣ ਕੀਤੀ ਹੋਈ ਪਦਵੀ ਸੀ ਜਿਸ ਵਿਚ ਕਿ ਉਹ ਫ਼ਖਰ ਸਮਝਦਾ ਸੀ। ਇਹ ਪਦਵੀ ਉਸ ਨੇ ਪਹਿਲੇ ਖ਼ੁਦ ਧਾਰਣ ਕੀਤੀ ਤੇ ਫੇਰ ਉਸ ਦੇ ਮੁਕਤੀ-ਦਾਤਾ ਗੁਰੂ ਨੇ ਦੁਹਰਾ ਕੇ ਇਸ ਨਾਲ ਉਸ ਨੂੰ ਗਿੱਦੜੋਂ ਸ਼ੇਰ ਤੇ ਚਿੜੀਓਂ ਬਾਜ਼ ਬਣਾ ਦਿੱਤਾ ਸੀ। ਇਹ ਗੁਰੂ-ਦਰੋਂ ਪ੍ਰਾਪਤ ਹੋਇਆ ਪ੍ਰੇਮ ਭਰਿਆ ਸ਼ਬਦ ਉਸ ਲਈ ਤ੍ਰਿਸਕਾਰ ਦਾ ਕਾਰਣ ਕਿਵੇਂ ਹੋ ਸਕਦਾ ਸੀ ?

ਏਥੇ ਇਹ ਦੱਸ ਦੇਣਾ ਭੀ ਕੁਥਾਂਵੇਂ ਨਹੀਂ ਹੋਵੇਗਾ ਕਿ ਬੰਦਾ ਸਿੰਘ ਦੀ ਮੌਤ ਤੋਂ ਬਾਦ ਤੱਤ-ਖਾਲਸੇ ਤੇ ਬੰਦਈ-ਖਾਲਸੇ ਦੇ ਵਿਚਕਾਰ ਹੋਏ ਝਗੜੇ ਦੇ ਕਾਰਣ ਤੱਤ-ਖਾਲਸਿਆਂ, ਉਨ੍ਹਾਂ ਦੇ ਪੁਤ੍ਰਾਂ ਪੋਤਰਿਆਂ ਤੇ ਅਨੁਯਾਈਆਂ ਰਾਹੀਂ ਹੋਏ ਪਾਰਟੀ ਪਰਾਪੇਗੈਂਡੇ ਦੇ ਕਾਰਣ ਭੁਲੇਖੇ ਵਿਚ ਪੈ ਕੇ ਆਪਣੀ

ਅਗਿਆਨਤਾ ਦੇ ਕਾਰਣ ਪਿਛਲੇਰੇ ਸਿਖ ਲਿਖਾਰੀਆਂ ਨੇ ਭੀ ਬੰਦਾ ਸਿੰਘ ਨਾਲ ਕੋਈ ਖਾਸ ਸਤਿਕਾਰ ਦਾ ਵਰਤਾਓ ਨਹੀਂ ਕੀਤਾ, ਬਲਕਿ ਕਈ ਥਾਈਂ ਬੜੇ ਕੋੜੇ ਸ਼ਬਦ ਵਰਤੇ ਹਨ ਜੋ ਗਾਲੀਆਂ ਦੇ ਬਰਾਬਰ ਹੀ ਹਨ। ਇਸ ਲਈ ਉਨ੍ਹਾਂ ਪਾਸੋਂ ਭੀ ਉਨ੍ਹਾਂ ਦਾ ਅੱਧਾ ਨਾਮ ਲਿਖਣ ਤੋਂ ਡਰਨ ਯਾ ਸੰਕੋਚ ਕਰਨ ਦੀ ਕੋਈ ਬਹੁਤੀ ਆਸ ਨਹੀਂ ਕੀਤੀ ਜਾ ਸਕਦੀ।

ਇਤਿਹਾਸਾਂ ਵਿਚ ਅੱਧਾ ਨਾਮ—

ਇਸ ਤੋਂ ਬਾਦ ਆਪ ਸਵਾਲ ਕਰਦੇ ਹਨ "ਕੀ ਕਿਸੇ ਹੋਰ ਮਾਣਨੀਯ ਸਿੱਖ ਦਾ ਵੀ ਅੱਧਾ ਨਾਮ ਇਤਿਹਾਸ ਵਿਚ ਆਇਆ ਹੈ ਜਿਸ ਤਰ੍ਹਾਂ ਬੰਦਾ ਬਹਾਦਰ ਦਾ ਨਾਮ?" ਜਿਨ੍ਹਾਂ ਨੇ ਥੋੜਾ ਜੇਹਾ ਭੀ ਪ੍ਰੇਮ ਇਤਿਹਾਸ ਪੜ੍ਹਨ ਨਾਲ ਕੀਤਾ ਹੈ ਉਨ੍ਹਾਂ ਨੂੰ ਭੀ ਪਤਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਮੇਂ ਬੰਦਾ ਸਿੰਘ ਬਹਾਦਰ ਵਰਗੇ ਮੰਨੇ ਪ੍ਰਮੰਨੇ ਸਿੱਖ ਤੇ ਜਰਨੈਲ ਦਾ ਹੀ ਅੱਧਾ ਨਾਮ ਇਤਿਹਾਸਾਂ ਵਿਚ ਨਹੀਂ ਆਇਆ, ਬਲਕਿ ਗੁਰੂ ਮਹਾਰਾਜ ਦੇ ਆਪਣੇ ਸਮੇਂ ਦੇ ਤੇ ਬਾਦ ਦੇ ਫ਼ਾਰਸੀ ਤੇ ਅੰਗ੍ਰੇਜ਼ੀ ਦੇ ੮੦–੯੦ ਫ਼ੀ ਸਦੀ ਇਤਿਹਾਸਾਂ ਵਿਚ ਖ਼ੁਦ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ 'ਗੋਬਿੰਦ' ਤੇ 'ਗੁਰੂ ਗੋਬਿੰਦ' ਕਰਕੇ ਲਿਖਿਆ ਹੈ। ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਜੱਸਾ ਸਿੰਘ ਰਾਮਗੜ੍ਹੀਏ ਤੇ ਹੋਰ ਕਈ ਸਰਦਾਰਾਂ ਦੇ ਨਾਮ 'ਜੱਸਾ ਕਲਾਲ' ਤੇ 'ਜੱਸਾ ਠੋਕਾ' ਆਦਿ ਲਿਖੇ ਹੋਏ ਹਨ। ਮਹਾਰਾਜਾ ਰਣਜੀਤ ਸਿੰਘ ਜੀ ਨੂੰ ਉਨ੍ਹਾਂ ਦੇ ਆਮ ਸਮਕਾਲੀ ਅੰਗ੍ਰੇਜ਼ ਇਤਿਹਾਸਕਾਰਾਂ ਨੇ 'ਰਣਜੀਤ' ਹੀ ਲਿਖਿਆ ਹੈ, ਤੇ ਇਸ ਕਿਸਮ ਦੀਆਂ ਹੋਰ ਭੀ ਕਈ ਮਿਸਾਲਾਂ ਮਿਲ ਸਕਦੀਆਂ ਹਨ।

ਪੂਰਾ ਨਾਮ ਬਦਲਨਾ—

ਆਖੀਰੀ ਦਲੀਲ 'ਇਕ ਇਤਿਹਾਸ ਪ੍ਰੇਮੀ ਜੀ' ਇਹ ਦਿੰਦੇ ਹਨ ਕਿ "ਸਿਖ ਧਰਮ ਵਿਚ ਅੰਮ੍ਰਿਤ ਛਕਾ ਕੇ ਉਸ ਦਾ ਪੂਰਾ ਨਾਉਂ ਬਦਲੀ ਦਾ ਹੈ ਜਿਸ ਦਾ ਪਹਿਲਾ ਨਾਉਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਨਾ

ਲਿਆ ਗਿਆ ਹੋਵੇ।"

ਅੰਮ੍ਰਿਤ ਛਕਣ ਪਰ ਹਰਇਕ ਗੈਰ ਸਿਖ ਦਾ ਪੂਰਾ ਨਾਮ ਬਦਲਨ ਦੀ ਰਸਮ ਕੋਈ ਪੁਰਾਣੀ ਰਸਮ ਨਹੀਂ। ਗੁਰੂ ਸਾਹਿਬ, ਬੰਦਾ ਸਿੰਘ, ਮਿਸਲਾਂ ਤੇ ਸਿਖ ਰਾਜ ਦੇ ਸਮੇਂ ਇਸ ਦੇ ਪ੍ਰਚਲਤ ਹੋਣ ਦਾ ਇਤਿਹਾਸ ਵਿਚ ਕੋਈ ਸਬੂਤ ਨਹੀਂ। ਹੋਰ ਤਾਂ ਇਕ ਪਾਸੇ ਰਿਹਾ ਕਈ ਵਾਰੀ ਮੁਸਲਮਾਨਾਂ ਵਿਚੋਂ ਸਿੰਘ ਸਜਿਆਂ ਦਾ ਭੀ ਪੂਰਾ ਨਾਮ ਨਹੀਂ ਸੀ ਬਦਲਿਆ ਜਾਂਦਾ। ਬਾਬਾ ਬੰਦਾ ਸਿੰਘ ਬਹਾਦੁਰ ਨੇ ਸਨ ੧੭੧੦ ਨੂੰ ਸਰਹੰਦ ਫਤੇ ਕਰਨ ਪਿਛੋਂ ਕਈ ਹਿੰਦੂ ਤੇ ਮੁਸਲਮਾਨਾਂ ਦੇ ਨਾਲ ਦੀਨਦਾਰ ਖਾਨ ਤੇ ਮੀਰ ਨਸੀਰੁੱਦੀਨ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਤੇ ਉਨ੍ਹਾਂ ਦਾ ਪੂਰਾ ਨਾਮ ਬਦਲਨ ਦੀ ਥਾਂ ਉਨ੍ਹਾਂ ਦੇ ਨਾਮ ਦੀਨਦਾਰ ਸਿੰਘ ਤੇ ਮੀਰ ਨਸੀਰ ਸਿੰਘ ਹੀ ਕਰ ਦਿੱਤੇ ਸਨ। ਪੁਰਾਤਨ ਇਤਿਹਾਸਕ ਗ੍ਰੰਥਾਂ ਵਿਚੋਂ ਕੋਈ ਐਸੀ ਗਵਾਹੀ ਨਹੀਂ ਮਿਲਦੀ ਕਿ ਗੁਰੂ ਸਾਹਿਬ, ਚਾਰ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਬੇ-ਅੰਤ ਸ਼ਹੀਦਾਂ, ਮਿਸਲਾਂ ਦੇ ਜਥੇਦਾਰਾਂ ਤੇ ਸਰਦਾਰਾਂ ਨੂੰ ਅੰਮ੍ਰਿਤ ਛਕਾਉਣ ਵੇਲੇ ਉਨ੍ਹਾਂ ਦੇ ਪੂਰੇ ਨਾਮ ਇਸ ਲਈ ਨਹੀਂ ਸੀ ਬਦਲੇ ਗਏ ਕਿ ਅੰਮ੍ਰਿਤ ਛਕਣ ਤੋਂ ਪਹਿਲਾਂ ਉਨ੍ਹਾਂ ਦੇ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਰਖੇ ਗਏ ਹੋਏ ਸਨ ?

ਨਾਮ ਬਦਲਾਉਣ ਸੰਬੰਧੀ ਹਵਾਲੇ ਲਈ 'ਗੁਰਮਤ ਸੁਧਾਕਰ' ਦੇ ਨਾਲ ਹੀ 'ਇਕ ਇਤਿਹਾਸ ਪ੍ਰੇਮੀ ਜੀ' 'ਰਹਿਤਨਾਮੇ' ਦਾ ਹਵਾਲਾ ਦਿੰਦੇ ਹਨ। ਜਿਥੋਂ ਤਕ ਮੈਨੂੰ ਪਤਾ ਹੈ ਨਾਮ ਬਦਲਾਉਣ ਸੰਬੰਧੀ ਰਸਮ ਦਾ ਕਿਸੇ ਭੀ ਪੁਰਾਣੇ ਰਹਿਤ ਨਾਮੇ ਵਿਚ ਜ਼ਿਕਰ ਨਹੀਂ ਆਉਂਦਾ। 'ਗੁਰਮਤ ਸੁਧਾਕਰ' ਸੰਬੰਧੀ ਇਤਨਾ ਹੀ ਕਹਿ ਦੇਣਾ ਕਾਫ਼ੀ ਹੈ ਕਿ ਇਹ ਕੋਈ ਗੁਰੂ ਗੋਬਿੰਦ ਸਿੰਘ ਜੀ ਦੀ ਸਮਕਾਲੀ ਲਿਖ਼ਤ ਨਹੀਂ।

ਕੀ "ਬੰਦਾ ਸਿੰਘ ਬਹਾਦਰ" ਪੁਸਤਕ ਦਾ ਅਧਾਰ "ਬੰਦਾ ਕੌਣ ਥਾ" ਤੇ ਹੈ ?

'ਇਕ ਇਤਿਹਾਸ ਪ੍ਰੇਮੀ ਜੀ' ਲਿਖਦੇ ਹਨ "ਜਿਸ ਪੁਸਤਕ ਅਥਵਾ 'ਬੰਦਾ ਕੌਣ ਥਾ' ਦੇ ਅਧਾਰ ਤੇ ਹੀ ਇਹ ਅੰਗ੍ਰੇਜ਼ੀ ਦੀ ਪੁਸਤਕ 'ਬੰਦਾ ਸਿੰਘ ਬਹਾਦਰ' ਲਿਖੀ ਗਈ ਹੈ, ਉਹ ਭਾਈ ਗੁਰਬਖਸ਼ ਸਿੰਘ ਜੀ ਨਾਉਂ ਹੋਣਾ ਮੰਨਦੀ ਹੈ।"

ਇਹ ਤਾਂ ਮੈਂ ਉੱਪਰ ਵਿਸਥਾਰ ਨਾਲ ਦਸ ਹੀ ਆਇਆ ਹਾਂ ਕਿ 'ਬੰਦਾ ਕੌਨ ਥਾਂ' ਪੁਸਤਕ ਵਿਚ ਕਿਧਰੇ ਭੀ ਸ: ਕਰਮ ਸਿੰਘ ਜੀ ਨੇ ਉਨ੍ਹਾਂ ਦਾ ਨਾਮ 'ਗੁਰਬਖ਼ਸ਼ ਸਿੰਘ' ਨਹੀਂ ਲਿਖਿਆ ਤੇ ਪਬਲਿਸ਼ਰਜ਼ ਵਲੋਂ ਕਿਤਾਬ ਵਿਚ ਲਗਾ ਦਿਤੀ ਗਈ ਤਸਵੀਰ ਉੱਪਰ ਲਿਖ ਦਿਤੇ ਨਾਮ ਨੂੰ ਸ: ਕਰਮ ਸਿੰਘ ਦੇ ਨਾਮ ਮੜ੍ਹਨਾ ਇਨਸਾਫ ਨਹੀਂ।

ਜਿਨ੍ਹਾਂ ਪੁਸਤਕਾਂ ਦੇ ਅਧਾਰ ਤੇ ਮੈਂ ਆਪਣੀ ਕਿਤਾਬ ਲਿਖੀ ਹੈ, ਉਨ੍ਹਾਂ ਦੀ ਸੂਚੀ (Bibliography) ਕਿਤਾਬ ਦੇ ਪਿੱਛੇ ਸਫਾ ੨੭੭ ਤੋਂ ੨੯੧ ਤਕ ਛਪੀ ਹੋਈ ਹੈ। ਇਸ ਦੇ ਹੁੰਦਿਆਂ ਕਿਸੇ ਨੂੰ ਇਸ ਸੰਬੰਧੀ ਕੋਈ ਭੁਲੇਖਾ ਨਹੀਂ ਸੀ ਰਹਿਣਾ ਚਾਹੀਦਾ ਕਿ 'ਬੰਦਾ ਸਿੰਘ ਬਹਾਦਰ' ਕਿਨ੍ਹਾਂ ਪੁਸਤਕਾਂ ਦੇ ਅਧਾਰ ਤੇ ਲਿਖੀ ਹੋਈ ਹੈ।

ਦੂਸਰੀ ਗੱਲ ਇਹ ਕਿ ਦੋਨਾਂ ਕਿਤਾਬਾਂ ਵਿਚ ਇਕ ਬੜਾ ਭਾਰੀ ਮਤ-ਭੇਦ ਹੈ। 'ਬੰਦਾ ਕੌਨ ਥਾ' ਵਿਚ ਇਹ ਆਰੰਭਕ ਗੱਲ ਹੀ ਨਹੀਂ ਆਈ ਕਿ ਉਨ੍ਹਾਂ ਨੇ ਅੰਮ੍ਰਿਤ ਭੀ ਛਕਿਆ ਹੈ, ਪਰ ਮੇਰੀ ਕਿਤਾਬ ਆਰੰਭ ਹੀ ਇਸ ਗੱਲ ਨੂੰ ਸਾਮ੍ਹਣੇ ਰੱਖ ਕੇ ਹੁੰਦੀ ਹੈ।

ਮੈਂ 'ਬੰਦਾ ਸਿੰਘ ਬਹਾਦੁਰ' ਲਿਖਣ ਵਿਚ ੧੩੨ ਫ਼ਾਰਸੀ ਉਰਦੂ, ਗੁਰਮੁਖੀ ਤੇ ਅੰਗੇਜ਼ੀ ਪੁਸਤਕਾਂ ਤੋਂ ਖਾਸ ਕਰਕੇ ਸਹਾਇਤਾ ਲਈ ਹੈ, ਪੜ੍ਹੀਆਂ ਭਾਵੇਂ ਹੋਰ ਕਈ ਹਨ, ਤੇ 'ਬੰਦਾ ਕੌਨ ਥਾ' ਤੋਂ ਸਭ ਤੋਂ ਘੱਟ ਸਹਾਇਤਾ ਲਈ ਹੈ। ਇਤਫ਼ਾਕ ਨਾਲ 'ਬੰਦਾ ਸਿੰਘ ਬਹਾਦੁਰ' ਲਿਖਣ

ਵੇਲੇ ਇਹ ਕਿਤਾਬ ਮੇਰੇ ਪਾਸ ਮੌਜੂਦ ਹੀ ਨਹੀਂ ਸੀ ਤੇ ੧੯੨੯-੩੦ ਤੋਂ ਬਾਦ ਮੁੜ ਇਸ ਨੂੰ ਮੈਂ 'ਬੰਦਾ ਸਿੰਘ ਬਹਾਦੁਰ' ਦੇ ਪਰੂਫ ਪੜ੍ਹਨ ਵੇਲੇ ਹੀ ਪੜ੍ਹਿਆ ਤੇ ਕਿਧਰੇ ਕਿਧਰੇ ਹਿਮਾਇਤੀ ਹਵਾਲੇ ਦਿਤੇ ਹਨ। 'ਬੰਦਾ ਸਿੰਘ ਬਹਾਦੁਰ' ਲਿਖਣ ਵਿਚ ਮੇਰਾ ਜ਼ਿਆਦਾ ਅਧਾਰ ਖੁਦਾਬਖਸ਼ ਔਰੀਐਂਟਲ ਪਬਲਿਕ ਲਾਇਬ੍ਰੇਰੀ ਬਾਂਕੀਪੁਰ, ਬ੍ਰਿਟਿਸ਼ ਮਿਯੂਜ਼ੀਅਮ ਲੰਡਨ, ਖਾਲਸਾ ਕਾਲਜ ਅੰਮ੍ਰਿਤਸਰ, ਪੰਜਾਬ ਪਬਲਿਕ ਲਾਇਬ੍ਰੇਰੀ ਲਾਹੌਰ ਤੇ ਮੇਰੀ ਆਪਣੀ ਪ੍ਰਾਈਵੇਟ ਲਾਇਬ੍ਰੇਰੀ ਆਦਿ ਦੇ ਸਮਕਾਲੀ ਤੇ ਪੁਰਾਣੇ ਫਾਰਸੀ ਨੁਸਖਿਆਂ ਪਰ ਯਾ ਇੰਪੀਰੀਅਲ ਲਾਇਬ੍ਰੇਰੀ ਕਲਕੱਤਾ ਆਦਿ ਦੀਆਂ ਪੁਰਾਣੀਆਂ ਕਿਤਾਬਾਂ ਤੇ ਭਾਈ ਰਤਨ ਸਿੰਘ ਭੰਗੂ ਦੇ ਪ੍ਰਾਚੀਨ ਪੰਥ ਪ੍ਰਕਾਸ਼ ਆਦਿ ਪਰ ਹੈ, 'ਬੰਦਾ ਕੌਨ ਥਾ' ਤੇ ਹੀ ਨਹੀਂ। ਅਤੇ ਜਿਨ੍ਹਾਂ ਪੁਰਾਤਨ ਅਣਛਪੀਆਂ ਲਿਖਤਾਂ ਤੇ ਛਪੀਆਂ ਪੁਸਤਕਾਂ ਦੇ ਅਧਾਰ ਤੇ ਮੈਂ ਇਹ ਕਿਤਾਬ ਲਿਖੀ ਹੈ ਉਨ੍ਹਾਂ ਸਾਰੀਆਂ ਵਿਚ ਉਪ੍ਰੋਕਤ ਨਾਮ 'ਬੰਦਾ' ਯਾ 'ਬੰਦਾ ਸਿੰਘ' ਕਰਕੇ ਹੀ ਲਿਖਿਆ ਹੋਇਆ ਹੈ, 'ਗੁਰਬਖਸ਼ ਸਿੰਘ' ਨਹੀਂ।

ਸਿੱਟਾ—

ਉਪਰਲੇ ਲੇਖ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਬਾਬਾ ਬੰਦਾ ਸਿੰਘ ਨੂੰ ਮੈਕਾਲਿਫ ਸਾਹਿਬ ਦੀ ਪੁਸਤਕ 'ਦੀ ਸਿਖ ਰਿਲਿਜਨ' (The Sikh Religion) ਵਿਚ ਦਿੱਤਾ ਗਿਆ 'ਗੁਰਬਖਸ਼ ਸਿੰਘ' ਨਾਮ ਕੇਵਲ ੨੬ ਕੁ ਵਰ੍ਹੇ ਤੋਂ ਹੀ ਆਰੰਭ ਹੋਇਆ ਹੈ ਤੇ ਇਸਤੋਂ ਪਹਿਲੇ ਦੀ ਕਿਸੇ ਪੁਰਾਤਨ ਲਿਖਤ ਵਿਚ ਨਹੀਂ ਆਉਂਦਾ, ਅਤੇ 'ਬੰਦਾ ਸਿੰਘ' ਨਾਮ ਹੀ ਇਤਿਹਾਸਕ ਲਿਖਤਾਂ ਅਨੁਕੂਲ ਹੋਣ ਕਰਕੇ ਠੀਕ ਹੈ।

ਨਾਦਰ ਸ਼ਾਹ ਦਾ ਹੱਲਾ

੧੮-੨੦ ਨਵੰਬਰ ੧੭੩੮ ਨੂੰ ਪਿਸ਼ਾਵਰ ਤੇ ਕਬਜ਼ਾ ਕਰ ਕੇ ੧੨ ਦਸੰਬਰ ਨੂੰ ਨਾਦਰ ਸ਼ਾਹ ਈਰਾਨੀ ਹਿੰਦੁਸਤਾਨ ਵਲ ਚੜ੍ਹ ਤੁਰਿਆ੧। ੮ ਜਨਵਰੀ ੧੭੩੯ ਨੂੰ ਵਜ਼ੀਰਾਬਾਦ ਦੇ ਪੱਤਣੋਂ ਝਨਾਂ ਪਾਰ ਹੋਇਆ। ਜਦ ਨਾਦਰਸ਼ਾਹ ਨੇ ਐਮਨਾਬਾਦ ਦੇ ਪਾਸ ਕਲੰਦਰ ਖ਼ਾਨ ਨੂੰ ਹਰਾ ਮਾਰਿਆ ਤੇ ਕੱਚੀ ਮਿਰਜ਼ਾ ਗੜ੍ਹੀ ਤੇ ਕਬਜ਼ਾ ਕਰ ਲਿਆ ਤਾਂ ਟਾਕਰੇ ਲਈ ਗਿਆ ਹੋਇਆ ਲਾਹੌਰ ਦਾ ਹਾਕਮ ਜ਼ਰੀਆ ਖ਼ਾਨ ਖ਼ਾਨ-ਬਹਾਦਰ ਪਿੱਛੇ ਨੂੰ ਹੱਟ ਆਇਆ। ਰਾਵੀ ਦੇ ਕੰਢੇ ਵੱਡੀਆਂ ਵੱਡੀਆਂ ਤੋਪਾਂ ਚੜ੍ਹਾ ਕੇ ਮੋਰਚੇ ਲਾ ਦਿੱਤੇ। ੧੦ ਜਨਵਰੀ ਨੂੰ ਨਾਦਰ ਸ਼ਾਹ ਸ਼ਾਹ-ਦੌਲਾ ਦੇ ਪੁਲੋਂ ਲੰਘ ਇਕ ਲੰਮਾ ਚੱਕਰ ਦੇ ਕੇ ਬਹੁਤ ਹੇਠੋਂ ਜਾ ਕੇ ਰਾਵੀਓਂ ਪਾਰ ਹੋਇਆ ਤੇ ਸ਼ਾਲਾ-ਮਾਰ ਬਾਗ ਆ ਡੇਰੇ ਲਾਏ। ੧੧ ਜਨਵਰੀ ਨੂੰ ਲੜਾਈ ਸ਼ੁਰੂ ਹੋਈ ਪਰ ਜ਼ਕਰੀਆ ਖਾਨ ਦੇ ਸਿਪਾਹੀਆਂ ਦੇ ਪੈਰ ਹਿੱਲ ਹਿੱਲ ਜਾਣ ਤੇ ਫ਼ਤਹ ਦੀ ਕੋਈ ਆਸ ਨਾ ਦਿਸੇ। ਓਧਰੋਂ ਈਰਾਨੀਆਂ ਦੇ ਮੁਹੈਲਾਂ ਨੇ ਅਦੀਨਾ ਨਗਰੋਂ ਜ਼ਕਰੀਆ ਖ਼ਾਨ ਦੀ ਮਦਦ ਲਈ ਆ ਰਹੀ ਫ਼ੌਜ ਨੂੰ ਰਸਤੇ ਵਿਚ ਜਾ ਘੇਰਿਆ ਤੇ ਪੈਰੋਂ ਕਢ ਦਿੱਤਾ, ਜਿਸ ਕਰ ਕੇ ਖਾਨ ਬਹਾਦੁਰ ਦਾ ਹੋਰ ਭੀ ਦਿਲ ਟੁੱਟ ਗਿਆ ਤੇ ਉਸ ਨੇ ਕਿਫ਼ਾਇਤ ਖਾਨ ਵਕੀਲ ਨੂੰ

੧ ਵੇਖੋ ਕਨ੍ਹੱਈਆ ਲਾਲ—ਤਾਰੀਖਿ ਪੰਜਾਬ; ਅਨੰਦ ਰਾਮ ਮੁਖ਼ਲਿਸ-ਤਜ਼ਕਰਾ; ਹਰਚਰਨ ਦਾਸ—ਚਾਹਾਰ ਗੁਲਸ਼ਨਿ ਸ਼ੁਜਾਈ; ਗੁਲਾਮ ਅਲੀ—ਇਮਾਦੁੱਸਆਦਤ; ਤਾਰੀਖਿ ਜਹਾਂ ਕੁਸ਼ਾਇ ਨਾਦਰੀ।

ਨਾਦਰ ਸ਼ਾਹ ਪਾਸ ਸੁਲਹ ਲਈ ਬੇਨਤੀ ਕਰਨ ਲਈ ਭੇਜਿਆ। ੧੨ ਜਨਵਰੀ ਨੂੰ ਜ਼ਕਰੀਆ ਖਾਨ ਆਪ ਭੀ ਹਾਜ਼ਰ ਹੋਇਆ ਤੇ ਕਿਲ੍ਹੇ ਦੀਆਂ ਕੁੰਜੀਆਂ ਹਵਾਲੇ ਕਰ ਦਿਤੀਆਂ ਤੇ ਕੁਝ ਹਾਥੀ ਤੇ ਹੋਰ ਤੋਹਫ਼ੇ ਪੇਸ਼ ਕੀਤੇ। ਨਾਦਰ ਸ਼ਾਹ ਜ਼ਕਰੀਆ ਖਾਨ ਨਾਲ ਨਰਮੀ ਨਾਲ ਪੇਸ਼ ਆਇਆ, ਪਰ ਸ਼ਹਿਰ ਉਤੇ ੨੦ ਲੱਖ ਰੁਪਇਆ ਚੱਟੀ ਲਾ ਦਿੱਤੀ ਜੋ ਕੁਝ ਤਾਂ ਸਰਕਾਰੀ ਖਜ਼ਾਨੇ ਵਿਚੋਂ ਦਿੱਤੀ ਤੇ ਬਾਕੀ ਸ਼ਹਿਰ ਦੇ ਧਨਾਢ ਲੋਕਾਂ ਪਾਸੋਂ ਵਸੂਲ ਕੀਤੀ ਗਈ। ਨਾਦਰ ਸ਼ਾਹ ਦੇ ਸਿਪਾਹੀਆਂ ਨੇ ਸ਼ਹਿਰ ਵਿਚ ਲੁਟ ਮਚਾ ਦਿੱਤੀ ਜੋ ੧੪ ਜਨਵਰੀ ਨੂੰ ਖ਼ਾਨ ਬਹਾਦਰ ਨੇ ਮਿਨਤ-ਸਮਾਜਤ ਕਰ ਕੇ ਬੰਦ ਕਰਵਾਈ। ਲੁਟ ਮਾਰ ਤਾਂ ਈਰਾਨੀਆਂ ਦਾ ਵੱਡਾ ਕੰਮ ਸੀ ਅਤੇ ਜੇ ਖਾਨ ਬਹਾਦਰ ਨਾਦਰ ਨੂੰ ਜਾ ਕੇ ਨਾ ਮਿਲਦਾ ਤਾਂ ਕੋਈ ਵਡੀ ਗੱਲ ਨਹੀਂ ਸੀ ਕਿ ਵਜ਼ੀਰਾਬਾਦ, ਐਮਨਾਬਾਦ ਤੇ ਗੁਜਰਾਤ ਵਾਂਗੂ ਲਾਹੌਰ ਭੀ ਸਾੜ ਫੂਕ ਕੇ ਤਬਾਹ ਕਰ ਦਿੱਤਾ ਜਾਂਦਾ ਤੇ ਅਬਲਾ ਇਸਤ੍ਰੀਆਂ ਦੀ ਬੇ-ਇੱਜ਼ਤੀਕੀਤੀ ਜਾਂਦੀ ੧।

ਨਾਦਰ ਸ਼ਾਹ ੧੬ ਦਿਨ ਲਾਹੌਰ ਰਿਹਾ ਤੇ ਦਰਿਆਵਾਂ ਦੇ ਘਾਟਾਂ ਉੱਤੇ ਬੇੜੀਆਂ ਆਦਿ ਦਾ ਪ੍ਰਬੰਧ ਤੇ ਈਰਾਨੀਆਂ ਦੇ ਆਉਣ ਜਾਣ ਲਈ ਰਾਹ ਪੱਕੇ ਕਰ ਕੇ ੨੬ ਜਨਵਰੀ ਨੂੰ ਦਿੱਲੀ ਨੂੰ ਚਾਲੇ ਪਾਏ। ੫ ਫ਼ਰਵਰੀ ਨੂੰ ਸਰਹੰਦ ਪੁਜਾ ਤੇ ਰਾਜਪੁਰਾ, ਅੰਬਾਲਾ, ਥਾਨੇਸਰ ਤੇ ਅਜ਼ੀਮਾ ਬਾਦ ਵਿਚ ਦੀ ਹੁੰਦਾ ਹੋਇਆ ੧੩ ਫ਼ਰਵਰੀ ਮੰਗਲਵਾਰ ਨੂੰ ਮੁਹੰਮਦ ਸ਼ਾਹ ਰੰਗੀਲੇ ਦੀ ਫ਼ੌਜ ਨਾਲ ਜਾ ਲੜਿਆ। ਚੰਗੀ ਗਹਿ ਗੱਚ ਲੜਾਈ ਹੋਈ। ਢਾਈ ਕੁ ਹਜ਼ਾਰ ਈਰਾਨੀ ਮਾਰੇ ਗਏ ਇਤਨੇ ਕੁ ਈ ਫੱਟੜ ਹੋਏ, ਪਰ ਮੁਗ਼ਲ ਫ਼ੌਜ ਦਾ ਈਰਾਨੀਆਂ ਨਾਲੋਂ ਛੇ ਸੱਤ ਗੁਣਾਂ ਜ਼ਿਆਦਾ ਨੁਕਸਾਨ ਹੋਇਆ। ੨੪ ਮਾਰਚ ਨੂੰ ਬਾਦਸ਼ਾਹ ਮੁਹੰਮਦ ਸ਼ਾਹ ਕੈਦ ਕੀਤਾ ਗਿਆ ਤੇ ਪਹਿਲੀ ਮਾਰਚ ਨੂੰ ਕਰਨਾਲੋਂ ਚੱਲ ਕੇ ੯ ਨੂੰ ਨਾਦਰ ਸ਼ਾਹ ਦਿੱਲੀ ਪੁੱਜਾ। ੧੦ ਮਾਰਚ ਸਨਿਚਰ ਵਾਰ ਨੂੰ ਈਦੁਜ਼ਹਾ ਦੀ ਸ਼ਾਮ ਨੂੰ ਬਲਵਾ ਹੋ ਜਾਣ ਦੇ ਕਾਰਣ

੧ ਆਨੰਦ ਰਾਮ ਮੁਖਲਿਸ—ਤਜ਼ਕਰਾ।

ਰਾਤ ਨੂੰ ਬਹੁਤ ਸਾਰੇ ਈਰਾਨੀ ਸਿਪਾਹੀ ਮਾਰੇ ਗਏ। ਐਤਵਾਰ ੧੧ ਮਾਰਚ, ਫੱਗਣ ਸ਼ੁਦੀ ੧੩, ਨੂੰ ਹੋਲੀ ਦਾ ਆਰੰਭ ਸੀ। ਇਸੀ ਦਿਨ ਦਿੱਲੀ ਵਿਚ ਕਤਲ-ਆਮ ਹੋਈ ਅਤੇ ਉਹ ਉਹ ਅਨਰਥ ਹੋਏ ਕਿ ਗੁਲਾਲ ਦੀ ਥਾਂ ਦਿੱਲੀ ਵਾਲਿਆਂ ਦੇ ਖ਼ੂਨ ਦੇ ਘਰਾਲੇ ਵਗ ਤੁਰੇ। ਲੋਕਾਂ ਦੇ ਘਰਾਂ ਨੂੰ ਅੱਗ ਲਾ ਦਿੱਤੀ ਗਈ ਅਤੇ ਔਰਤਾਂ ਤੇ ਬੱਚੇ ਗ਼ੁਲਾਮ ਬਣਾਏ ਗਏ। ਦਿੱਲੀ ਦੇ ਇਰਦ ਗਿਰਦ ਚਾਲੀ ਚਾਲੀ ਕੋਹ ਇਲਾਕਾ ਈਰਾਨੀਆਂ ਨੇ ਲੁਟ ਮਾਰ ਕੇ ਉਜਾੜ ਪੁਜਾੜ ਦਿੱਤਾ। ਦੂਜੇ ਪਾਸੇ ਕਰਨਾਲ ਦੀ ਲੜਾਈ ਪਿੱਛੋਂ ਨਾਦਰ ਸ਼ਾਹ ਨੇ ਜੇਹੜਾ ਈਰਾਨੀ ਫ਼ੌਜ ਦਾ ਇਕ ਦਸਤਾ ਥਾਨੇਸਰ ਵਲ ਨੂੰ ਲੁੱਟਣ ਲਈ ਭੇਜਿਆ ਸੀ ਉਸ ਨੇ ਥਾਨੇਸਰ, ਪਾਨੀਪਤ ਤੇ ਸੋਨੀਪਤ ਆਦਿ ਸ਼ਹਿਰ ਲੁਟ ਕੇ ਤਬਾਹ ਕਰ ਦਿੱਤੇ।

੨੬ ਮਾਰਚ ਨੂੰ ਨਾਦਰ ਸ਼ਾਹ ਨੇ ਆਪਣੇ ਛੋਟੇ ਪੁਤ੍ਰ ਨਸਰੁੱਲਾ ਖ਼ਾਨ ਦੀ ਸ਼ਾਦੀ ਸ਼ਾਹੀ ਖ਼ਾਨਦਾਨ ਦੀ ਇਕ ਮੁਗ਼ਲ ਸ਼ਾਹਜ਼ਾਦੀ ਨਾਲ ਕੀਤੀ ਤੇ ਮੁਹੰਮਦ ਸ਼ਾਹ ਨੂੰ ਦਿੱਲੀ ਦੀ ਹਕੂਮਤ ਦੇ ਕੇ ਆਪ ਅਰਬਾਂ ਰੁਪਇਆਂ ਦਾ ਮਾਲ, ਜਿਸ ਵਿਚ ੪੦-੪੫ ਕਰੋੜ ਤਾਂ ਨਕਦੀ ਹੀ ਦੱਸੀ ਦੀ ਹੈ, ਹੀਰੇ ਜਵਾਹਰਾਤ, ਸੋਨਾ, ਚਾਂਦੀ, ਹੀਰੇ-ਮੋਤੀਆਂ ਮੜ੍ਹਿਆ ਤਖ਼ਤ-ਤਾਊਸ, ਕੋਹ ਨੂਰ ਹੀਰਾ ਤੇ ਹੋਰ ਅਨੇਕਾਂ ਬਹੁ-ਮੁਲੀਆਂ ਚੀਜ਼ਾਂ ਲੈ ਕੇ ੪-੫ ਮਈ ਮੁਤਾਬਕ ੭ ਸਿਫਰ ੧੧੫੨ ਹਿਜਰੀ ਨੂੰ ਦਿਲੀਓਂ ਆਪਣੀ ਵਲੈਤ ਨੂੰ ਮੁੜ ਪਿਆ। ਮੁਹੰਮਦ ਸ਼ਾਹ ਨੇ ਅਟਕੋਂ ਪਾਰ ਦਾ ਇਲਾਕਾ, ਸਿੰਧ ਤੇ ਠੱਟਾ ਅਤੇ ਪੰਜਾਬ ਦੇ ਚਾਰ ਮਹਾਲ ਗੁਜਰਾਤ ਪਸਰੂਰ ਸਿਆਲਕੋਟ ਤੇ ਔਰੰਗਾਬਾਦ ਭੀ ਨਾਦਰ-ਸ਼ਾਹ ਨੂੰ ਦੇ ਦਿੱਤੇ। ੧

ਸਿੰਘਾਂ ਦੇ ਨਾਦਰ ਸ਼ਾਹ ਪਰ ਛਾਪੇ—

ਜਦ ਨਾਦਰ ਸ਼ਾਹ ਦਿਲੀ ਨੂੰ ਜਾਂਦਾ ਹੋਇਆ ਲਾਹੌਰ ਪੁੱਜਾ ਸੀ

੧ ਲਤੀਫ਼–ਹਿਸਟਰੀ ਔਫ਼ ਦੀ ਪੰਜਾਬ, ੨੦੬-੭

ਅਤੇ ਜ਼ਕਰੀਆ ਖ਼ਾਨ ਖ਼ਾਨ-ਬਹਾਦਰ ਨੇ ਉਸ ਦੀ ਈਨ ਮੰਨ ਲਈ ਸੀ, ਤਾਂ ਸਿੰਘ ਉਸ ਵੇਲੇ ਕੁਝ ਤਾਂ ਅੱਗੇ ਹੀ ਨਵਾਬ ਕਪੂਰ ਸਿੰਘ ਦੀ ਜੱਥੇਦਾਰੀ ਹੇਠ ਲਖੀ ਜੰਗਲ ਨੂੰ ਚਲੇ ਗਏ ਹੋਏ ਸਨ ਤੇ ਜੋ ਕਿਧਰੇ ੨ ਮਾਝੇ ਵਿਚ ਸਨ ਉਹ ਵੀ ਮੁਕਤਸਰ ਵਲ ਨੂੰ ਉਤਰ ਗਏ। ਇੱਥੇ ਨਵਾਬ ਕਪੂਰ ਸਿੰਘ ਜੀ ਦੇ ਨਾਲ ਹੀ ਜੱਸਾ ਸਿੰਘ ਆਲੂਵਾਲੀਆ ਭੀ ਸੀ। ਨਾਦਰ ਸ਼ਾਹ ਦੇ ਹੱਲੇ ਦੇ ਕਾਰਣ ਮੁਗ਼ਲਾਂ ਦੀ ਟੁੱਟ ਰਹੀ ਤਾਕਤ ਤੇ ਦੇਸ ਵਿਚ ਰਾਜ-ਰੌਲੇ ਨੂੰ ਸਿੰਘ ਦੇਖ ਰਹੇ ਸਨ। ਹੁਣ ਉਨ੍ਹਾਂ ਭੀ ਮੌਕਾ ਤਾੜ ਕੇ ਬਾਹਰ ਨਿਕਲਨ ਦੀ ਸੋਚੀ। ਇਤਨੇ ਨੂੰ ਨਾਦਰਸ਼ਾਹ ਭੀ ਦਿੱਲੀ ਤੋਂ ਮੁੜ ਪਿਆ। ਸਿੰਘ ਕਾਫ਼ੀ ਦੇਰ ਤੋਂ ਰਸਦ ਪਾਣੀ ਤੋਂ ਟੁੱਟੇ ਹੋਏ ਸਨ। ਬਸ ਨਾਦਰ ਸ਼ਾਹ ਨੂੰ ਮੁੜਦਾ ਦੇਖ ਕੇ ਸਿੰਘਾਂ ਨੂੰ ਤਰੋ-ਤਰੀ ਗੱਫੇ ਹਥ ਲਗਣ ਦੀ ਆਸ ਹੋ ਗਈ।

ਨਵਾਬ ਕਪੂਰ ਸਿੰਘ ਨੇ ਸਿੰਘ ਸਰਦਾਰਾਂ ਨੂੰ ਇਕੱਠਾ ਕਰਕੇ ਕਿਹਾ ਕਿ ਹੁਣ ਤਾਂ ਸਿੰਘਾਂ ਦੀ ਚੰਗੀ ਮੌਜ ਬਣ ਜਾਊ। ਨਾਦਰ ਸਾਡੇ ਲਈ ਦਿੱਲੀ ਤੋਂ ਚੋਖਾ ਮਾਲ ਲਈ ਆਉਂਦਾ ਹੈ। ਸਰਦਾਰ ਜੱਸਾ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ "ਸਤ ਹੈ, ਸਤ ਹੈ, ਮਹਾਰਾਜ" ਅਤੇ ਖ਼ੁਸ਼ੀ ਵਿਚ ਲੱਗੇ ਤਿਆਰੀਆਂ ਕਰਨ੧। ਸੋ ਉਨ੍ਹਾਂ ਨੇ ਬਾਹਰ ਨਿਕਲ ਕੇ ਸੱਜੇ ਖੱਬੇ ਤੇ ਪਿੱਛਿਓਂ ਛਾਪੇ ਮਾਰਨੇ ਆਰੰਭ ਕਰ ਦਿਤੇ ਅਤੇ ਜੋ ਹੱਥ ਲਗਦਾ ਲੈ ਕੇ ਹਰਨ ਹੋ ਜਾਂਦੇ੨। ਸਿੱਖਾਂ ਨੂੰ ਦੇਖ ਕੇ ਹੋਰ ਭੀ ਬਹੁਤ ਸਾਰੇ ਜਾਂਗਲੀਆਂ ਤੇ ਜੱਟਾਂ ਨੂੰ ਲੁਟ ਦਾ ਚਾ ਕੁਦ ਆਇਆ ਤੇ ਮਾਰਾਂ ਮਾਰਨ ਲਈ ਪਿੱਛੇ ਲਗ ਤੁਰੇ।

ਨਾਦਰ ਸ਼ਾਹ ਲਾਹੌਰੋਂ ਦਿਲੀ ਨੂੰ ਜਾਂਦਾ ਹੋਇਆ ਵੱਡੀ ਸੜਕ ਉੱਪਰ ਤੇ ਆਲੇ ਦੁਆਲੇ ਦੇ ਜਲੰਧਰ੩ ਆਦਿ ਸ਼ਹਿਰ ਤਾਂ ਅੱਗੇ ਹੀ

੧ ਭੰਗੂ ਰਤਨ ਸਿੰਘ ਸ਼ਹੀਦ–ਪ੍ਰਾਚੀਨ ਪੰਥ ਪ੍ਰਕਾਸ਼, ੨੮੦।

੨ Narang—Transformation of Sikhism, 133.

੩ ਤਿਲੋਕ ਦਾਸ ਦੀ ਹਿੰਦੀ ਕਵਿਤਾ, ਜਰਨਲ ਔਫ ਦੀ ਏਸ਼ੀਆਟਿਕ ਸੋਸਾਇਟੀ ਔਫ਼ ਬੰਗਾਲ, ੧੯੬੭।

ਲੁਟ ਪੁਟ ਕੇ ਲੈ ਗਿਆ ਸੀ, ਇਸ ਲਈ ਹੁਣ ਸਰਹੰਦੋਂ ਸੱਜੇ ਹਥ ਪਹਾੜਾਂ ਦੇ ਹੇਠ ਹੇਠ ਸਿਆਲਕੋਟ ਵਲ ਨੂੰ ਹੋ ਪਿਆ। ਇਧਰੋਂ ਉਸ ਨੂੰ ਕੁਝ ਹੋਰ ਲੁਟ ਦੀ ਆਸ ਸੀ੧। ਸ਼ਾਇਦ ਸਿੱਖਾਂ ਦੇ ਛਾਪਿਆਂ ਨੇ ਸਾਫ਼ ਮਦਾਨ ਵਿਚ ਦੀ ਲੰਘਣਾ ਔਖਾ ਕਰ ਦਿਤਾ ਹੋਵੇ ਤੇ ਗਰਮੀ ਤੋਂ ਬਚਣ ਦਾ ਵੀ ਕੁਝ ਖਿਆਲ ਹੋ ਗਿਆ ਹੋਵੇ। ਪਰ ਨਾਦਰਸ਼ਾਹ ਦੀਆਂ ਇਹ ਵਿਚਾਰਾਂ ਉਸ ਨੂੰ ਬਹੁਤ ਮਹਿੰਗੀਆਂ ਪਈਆਂ, ਕਿਉਂਕਿ ਸਿੰਘਾਂ ਲਈ ਉਸ ਦੀ ਫ਼ੌਜ ਤੋਂ ਖਜ਼ਾਨਾ ਖੋਹ-ਖਿੰਜ ਕੇ ਪਹਾੜਾਂ ਵਿਚ ਇੱਕਲਵਾਂਜੇ ਹੋ ਜਾਣਾ ਹੋਰ ਭੀ ਸੁਖਾਲਾ ਹੋ ਗਿਆ ਅਤੇ ਉਨ੍ਹਾਂ ਨੇ ਵਧ ਵਧ ਕੇ ਮਾਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਸਰਹੰਦ ਤੋਂ ਲੈ ਕੇ ਝਨਾਂ ਦੇ ਕੰਢੇ ਤਕ ਨਾਰਦ ਸ਼ਾਹ ਦੀ ਦਿੱਲੀ ਦੀ ਲੁਟ ਦਾ ਭਾਰ ਸਿੰਘਾਂ ਨੇ ਕਾਫ਼ੀ ਹੌਲਾ ਕਰ ਦਿਤਾ ੨।

ਸਿੰਘਾਂ ਸੰਬੰਧੀ ਨਾਦਰ ਸ਼ਾਹ ਦੀ ਪੇਸ਼ੀਨਗੋਈ–

ਈਰਾਨ, ਅਫ਼ਗਾਨਿਸਤਾਨ ਤੇ ਹਿੰਦੋਸਤਾਨ ਨੂੰ ਲੁਟ ਮਾਰ ਲਿਆਵਣ ਵਾਲਾ ਨਾਦਰ ਸ਼ਾਹ ਜੰਗਲਾਂ ਵਿਚ ਫਾਕੇ ਕਟ ਕੇ ਗੁਜ਼ਾਰਾ ਕਰਨ ਵਾਲੇ ਸਿੰਘਾਂ ਦੇ ਹੱਥੋਂ ਘਬਰਾ ਉੱਠਿਆ ਅਤੇ ਪਹਿਲਾ ਸਵਾਲ ਜੋ ਉਸ ਨੇ ਜ਼ਕਰੀਆ ਖ਼ਾਨ ਖ਼ਾਨ-ਬਹਾਦੁਰ ਦੇ ਮੁੜ ਮਿਲਣ ਪਰ ਕੀਤਾ, ਉਹ ਇਹ ਸੀ ਕਿ 'ਇਹ ਕੌਣ ਤੇ ਕਿਸ ਤਰ੍ਹਾਂ ਦੇ ਲੋਕ ਹਨ, ਜਿਨ੍ਹਾਂ ਮੇਰੀ ਦਿੱਲੀ ਦੇ ਮਾਲ ਨਾਲ ਲੱਦੀ ਹੋਈ ਫ਼ੌਜ ਦਾ ਪਿੱਛਾ ਲੁਟ ਮਾਰਿਆ ਹੈ ਅਤੇ ਜਿਨ੍ਹਾਂ ਦੇ ਡਰ ਨਾਲ ਰਾਹ ਵਿਚ ਮਾਰਚ ਵੇਲੇ ਮੇਰੀ ਫ਼ੌਜ ਦੀ ਤਰਤੀਬ ਟੁੱਟ ਟੁੱਟ ਜਾਂਦੀ ਹੈ ? ਇਨ੍ਹਾਂ ਦਾ ਘਰ ਘਾਟ

੧ Memoirs of Khojeh Abdul Karim, Bayan waqei, p. 2.

੨ Ferster—Travels, i, 272; Gordon—Sikhs 58, Thornton—History of the Punjab, i. 184, M'Gregor, Cunningham—History of the Sikhs.

ਕਿੱਥੇ ਹੈ ਅਤੇ ਮੁਲਕ ਕਿੱਥੇ? ਮੈਨੂੰ ਪਤਾ ਦੱਸੋ ਤਾ ਕਿ ਮੈਂ ਉਸ ਦੀ ਸੁਆਹ ਉਡਾ ਦਿਆਂ ਤੇ ਇਨ੍ਹਾਂ ਦਾ ਨਾਮ ਨਿਸ਼ਾਨ ਮਿਟਾ ਦੇਵਾਂ।' ਜ਼ਕਰੀਆ ਖਾਨ ਨੇ ਜਵਾਬ ਦਿੱਤਾ ਕਿ 'ਇਹ ਇਕ ਹਿੰਦੂ ਅਤੇ ਮੁਸਲਿਮ ਤੋਂ ਨਿਰਾਲੇ ਹੀ ਸਿਖ ਮਜ਼ਹਬ ਦੇ ਪੈਰੋਕਾਰ ਹਨ। ਜੰਗਲ ਇਨ੍ਹਾਂ ਦਾ ਮੁਲਕ ਹੈ ਤੇ ਘੋੜਿਆਂ ਦੀਆਂ ਕਾਠੀਆਂ ਇਨ੍ਹਾਂ ਦੇ ਘਰ। ਇਹ ਖੜੇ ਖੜੇ ਹੀ ਸੌਂਦੇ ਹਨ ਤੇ ਤੁਰੇ ਤੁਰੇ ਜਾਂਦੇ ਖਾਂਦੇ ਹਨ। ਲੂਣ ਤੇ ਘਿਓ ਦਾ ਸਵਾਦ ਨਹੀਂ ਜਾਣਦੇ। ਨਾ ਹਾੜ੍ਹ ਨੂੰ ਪਾਣੀ ਟੋਲਦੇ ਹਨ, ਨਾ ਸਿਆਲ ਨੂੰ ਸੇਕਣ ਲਈ ਅੱਗ। ਅਸੀਂ ਇਨ੍ਹਾਂ ਨੂੰ ਦੁਖ ਦੇ ਦੇ ਕੇ ਮਾਰਦੇ ਹਾਂ ਪਰ ਇਹ ਸੁਖ ਕਰ ਕੇ ਮੰਨਦੇ ਹਨ। ਪੀਸਿਆ ਹੋਇਆ ਅਨਾਜ ਨਹੀਂ ਖਾਂਦੇ, ਅਤੇ ਭੁਖੇ ਭਾਣੇ ਹੀ ਦੌੜੇ ਜਾਂਦੇ ਭੀ ਸਖਤ ਜੰਗ ਕਰਦੇ ਜਾਂਦੇ ਹਨ। ਇਕੱਲਾ ਇਕੱਲਾ ਸੌ ਸੌ ਨਾਲ ਲੜਨ ਨੂੰ ਤਿਆਰ ਹੋ ਜਾਂਦਾ ਹੈ ਅਤੇ ਮੌਤ ਤੋਂ ਤਾਂ ਉੱਕੇ ਹੀ ਨਹੀਂ ਡਰਦੇ। ਅਸੀ ਇਨ੍ਹਾਂ ਨੂੰ ਮਾਰ ਮਾਰ ਕੇ ਥੱਕ ਗਏ ਪਰ ਇਹ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰ ਰਹੇ ਹਨ।' ਇਹ ਸੁਣ ਕੇ ਨਾਦਰਸ਼ਾਹ ਨੇ ਪੁਛਿਆ ਕਿ 'ਇਹ ਉੱਮਤ ਕਿਸ ਪੀਰ ਦੀ ਹਨ?' ਜ਼ਕਰੀਆ ਖਾਨ ਨੇ ਨਾਦਰਸ਼ਾਹ ਨੂੰ ਸਿੱਖਾਂ ਦੀ ਉਤਪਤੀ ਦਾ ਹਾਲ ਦੱਸਦੇ ਹੋਏ ਕਿਹਾ ਕਿ ਇਨ੍ਹਾਂ ਦਾ ਮੁਰਸ਼ਦ ਬਾਬਾ ਨਾਨਕ ਹੈ ਜੋ ਇਕ ਕਰਾਮਾਤੀ ਫ਼ਕੀਰ ਸੀ। ਇਸ ਦੇ ਪੰਜਵੇਂ ਜਾ-ਨਸ਼ੀਨ ਗੁਰੂ ਅਰਜਨ ਤੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਬਾਦਸ਼ਾਹ ਜਹਾਂਗੀਰ ਤੇ ਔਰੰਗਜ਼ੇਬ ਨੇ ਧਾਰਮਕ ਤੇ ਰਾਜਸੀ ਕਾਰਨਾਂ ਕਰ ਕੇ ਮਰਵਾ ਦਿੱਤਾ ਸੀ ਅਤੇ ਇਨ੍ਹਾਂ ਦੇ ਦਸਵੇਂ ਪੀਰ ਦੇ ਦੋ ਪੁਤਰ ਲੜਾਈ ਵਿਚ ਮਾਰੇ ਗਏ ਸਨ ਤੇ ਦੋ ਸੂਬੇਦਾਰ ਸਰਹੰਦ ਨੇ ਜ਼ਿਬਹ ਕਰਵਾ ਦਿਤੇ ਸਨ ਤੇ ਇਨ੍ਹਾਂ ਦੇ ਇਕ ਵਡੇ ਆਗੂ ਨੂੰ ਫ਼ਰਖ਼ਸੀਅਰ ਨੇ ਦਿੱਲੀ ਵਿਚ ਮਰਵਾ ਦਿੱਤਾ ਸੀ ਅਤੇ ਅਨੇਕਾਂ ਸਿਖ ਅਸਾਂ ਪਕੜ ਪਕੜ ਕੇ ਮਾਰੇ ਹਨ ਪਰ ਇਹ ਵਧਦੇ ਹੀ ਜਾ ਰਹੇ ਹਨ। ਇਹ ਸੁਣ ਕੇ ਨਾਦਰ ਸ਼ਾਹ ਮੁਸਕਰਾ ਪਿਆ ਤੇ ਕਹਿਣ ਲਗਾ, "ਤਾਂ

ਫ਼ਿਰ ਇਨ੍ਹਾਂ ਤੋਂ ਡਰਨਾ ਚਾਹੀਦਾ ਹੈ। ਉਹ ਸਮਾ ਲਾਗੇ ਹੀ ਹੈ ਜਦ ਇਹ ਸਿਰ ਕੱਢਣਗੇ ਤੇ ਇਸ ਮੁਲਕ ਦੇ ਵਾਲੀ ਬਣ ਜਾਣਗੇ।"੧

੯ ਰਬੀ-ਉਲ-ਅੱਵਲ ਨੂੰ ਨਾਦਰ ਸ਼ਾਹ ਕੱਲੂਵਾਲ ਪੁੱਜਾ ਤੇ ੧੪ ਨੂੰ ਡੇਰਾ-ਡੰਡਾ ਚੁਕ ਕੇ ਅਖਨੂਰ ਦੇ ਪੱਤਣੋਂ ਪੁਲ ਬਣਾ ਕੇ ਝਨਾਂ ਪਾਰ ਕਰਨਾ ਆਰੰਭ ਕੀਤਾ।੨ ਝਨਾਂ ਵਿਚ ਬੜਾ ਸਖਤ ਹੜ੍ਹ ਆਇਆ ਹੋਇਆ ਸੀ। ਪਿੰਡਾਂ ਦੇ ਲੋਕਾਂ ਨੇ ਜੋ ਨਾਦਰੀ ਲੁਟ ਤੋਂ ਡਰਦੇ ਭਜ ਗਏ ਹੋਏ ਸਨ ਅੱਧੀ ਰਾਤ ਨੂੰ ਦਰਖਤ ਵੱਢ ਕੇ ਦਰਿਆ ਵਿਚ ਠੇਲ੍ਹ ਦਿੱਤੇ ਜੋ ਇਸ ਜ਼ੋਰ ਨਾਲ ਪੁਲ ਵਿਚ ਆ ਕੇ ਵੱਜੇ ਕਿ ਬੇੜੀਆਂ ਦੀ ਲੜੀ ਟੁੱਟ ਗਈ ਤੇ ਬਹੁਤ ਸਾਰੇ ਈਰਾਨੀ ਦਰਿਆ ਵਿਚ ਰੁੜ੍ਹ ਗਏ। ਨਾਦਰ ਨੂੰ ਪੁਲ ਦੀ ਮੁਰੰਮਤ ਦੀ ਜਦ ਕੋਈ ਆਸ ਨਾ ਦਿਸੀ ਤਾਂ ਉਸ ਨੇ ਬੇੜੀਆਂ ਰਾਹੀਂ ਆਪਣੀ ਫ਼ੌਜ ਪਾਰ ਕਰਨੀ ਆਰੰਭੀ ੩। ਨਾਦਰ ਨੇ ਇਥੇ ਅਬਦੁਲ-ਹਸਨ ਯੱਕਾਬਾਸ਼ੀ ਨੂੰ ਹੁਕਮ ਦੇ ਕੇ ਸਾਰੇ ਈਰਾਨੀ ਸਿਪਾਹੀਆਂ ਦੀ ਤਲਾਸ਼ੀ ਲਈ, ਤੇ ਜੋ ਭੀ ਦਿੱਲੀ ਯਾ ਕਿਸੇ ਦੂਜੀ ਲੁਟ ਦਾ ਮਾਲ ਸੀ ਉਨ੍ਹਾਂ ਪਾਸੋਂ ਸਭ ਸ਼ਾਹੀ ਖਜ਼ਾਨੇ ਦਾਖਲ ਕੀਤਾ ਅਤੇ ਕਿਸੇ ਕੋਲ ਇਕ ਟੁਟੀ ਕੌਡੀ ਭੀ ਨਾ ਛੱਡੀ। ਜਾਂਦੀ ਵਾਰੀ ਨਾਦਰ ਸ਼ਾਹ ਨੇ ਗੁਜਰਾਤ, ਪਸਰੂਰ, ਸਿਆਲ ਕੋਟ ਤੇ ਔਰੰਗਾਬਾਦ ਦੇ ਜ਼ਿਲੇ ੨੦ ਲੱਖ ਸਾਲਾਨਾ ਲੈਣਾ ਕਰ ਕੇ ਜ਼ਕਰੀਆ ਖਾਨ ਦੇ ਹਵਾਲੇ ਕੀਤੇ। ਦੀਵਾਨ ਲਖਪਤ ਰਾਇ ਦੀ ਅਰਜ਼ ਮੰਨ ਕੇ੪ ਸਾਰੇ ਹਿੰਦੁਸਤਾਨੀ ਕੈਦੀ ਛੱਡ ਦਿਤੇ ਤੇ ਮੁਹੰਮਦ ਸ਼ਾਹ ਦੇ ਮੁਗਲ ਸਿਪਾਹੀਆਂ ਨੂੰ ਦਰਿਆ ਵਿਚ ਰੁੜ੍ਹ ਗਿਆ

੧ ਲਤੀਫ–ਹਿਸਟਰੀ ਔਫ਼ ਦੀ ਪੰਜਾਬ ੨੧੨, M'Gregor, History of the Sikhs, p. 115; Gordon–Sikhs, 58, Malcolm–Sketch of thc Sikhs, 86; Amritsar Dist. Gaztteer, 1892-3 p. 18; ਭੰਗੂ ਰਤਨ ਸਿੰਘ ਸ਼ਹੀਦ–ਪ੍ਰਾਚੀਨ ਪੰਥ ਪ੍ਰਕਾਸ਼।

੨ ਲਤੀਫ–History of the Punjab..

੩ Memoirs of Khojeh Abdul Karim.

੪ ਖੁਸ਼ਵਕਤ ਰਾਏ–ਤਵਾਰੀਖ ਸਿੱਖਾਂ।

ਹੋਇਆ ਸੋਨਾ ਬਖਸ਼ ਕੇ ਯੂਸਫਜ਼ਈ ਇਲਾਕੇ ਵਿਚ ਦੀ ਹੁੰਦਾ ਹੋਇਆ ਆਪਣੀ ਵਲਾਇਤ ਨੂੰ ਮੁੜ ਗਿਆ।

ਸਿੰਘਾਂ ਦਾ ਪਹਿਲਾ ਕਿਲਾ—

ਨਾਦਰਸ਼ਾਹੀ ਖਜ਼ਾਨੇ ਦੀ ਲੁਟ ਵਿਚ ਸਰਦਾਰ ਜੱਸਾ ਸਿੰਘ ਨੂੰ ਤਰੋ-ਤਰੀ ਗੱਫਾ ਹੱਥ ਲੱਗਾ ਤੇ ਉਹ ਆਪਣੇ ਆਪ ਨੂੰ ਸਰਦਾਰਾਂ ਵਿਚ ਗਿਣਨ ਲੱਗ ਪਿਆ। ਪਰ ਕਿਲ੍ਹੇ ਯਾ ਭੋਏਂ ਤੋਂ ਬਿਨਾਂ ਸਰਦਾਰੀ ਕਾਹਦੀ? ਸੁ ਹੁਣ ਉਸ ਨੇ ਇਸ ਰਾਜ-ਰੌਲੇ ਦਾ ਫ਼ਾਇਦਾ ਉਠਾ ਕੇ ਰਾਵੀ ਦੇ ਕੰਢੇ ਡੱਲੇ ਪਿੰਡ ਆਪਣੇ ਟਿਕਾਣੇ ਲਈ ਇਕ ਛੋਟੀ ਜਿਹੀ ਕੱਚੀ ਗੜ੍ਹੀ ਬਣਾ ਲਈ। ਇਹ ਖਾਲਸੇ ਦਾ ਪਹਿਲਾ ਕਿਲ੍ਹਾ ਤੇ ਖਾਲਸਾ ਰਾਜ ਦੀ ਪਹਿਲੀ ਨੀਂਹ ਸੀ। ਭਾਵੇਂ ਸਰਦਾਰ ਜੱਸਾ ਸਿੰਘ ਨੇ ਆਪਣਾ ਕਿਲਾ ਬਣਾ ਲਿਆ, ਪਰ ਓਹ ਸਮਝਦੇ ਆਪਣੇ ਆਪ ਨੂੰ ਨਵਾਬ ਕਪੂਰ ਸਿੰਘ ਦੇ ਅਨੁਸਾਰੀ ਹੀ ਰਹੇ ਤੇ ਆਪਣੇ ਆਪ ਨੂੰ ਉਨ੍ਹਾਂ ਤੋਂ ਅੱਡ ਨਹੀਂ ਕੀਤਾ। ਸਾਰੀਆਂ ਮੁਹਿੰਮਾਂ ਵਿਚ ਉਨ੍ਹਾਂ ਦੀ ਜਥੇਦਾਰੀ ਹੇਠਾਂ ਹੀ ਸ਼ਾਮਲ ਹੁੰਦੇ ਰਹੇ।

ਸਿੰਘਾਂ ਪਰ ਸਖ਼ਤੀ—

ਭਾਵੇਂ ਜ਼ਕਰੀਆ ਖ਼ਾਨ ਨੇ ਸਿੰਘਾਂ ਨਾਲ ਅੱਗੇ ਭੀ ਕੋਈ ਖ਼ੈਰ ਨਹੀਂ ਗੁਜ਼ਾਰੀ ਸੀ, ਪਰ ਹੁਣ ਨਾਦਰ ਸ਼ਾਹ ਦੇ ਕਹਿਣ ਤੇ ਉਸ ਨੂੰ ਬਹੁਤ ਨਮੋਸ਼ੀ ਆਈ ਤੇ ਚਿੜ ਚੜ੍ਹ ਗਈ। ਸੋ ਉਸ ਨੇ ਇਕ ਵੱਢੋਂ ਹੀ ਖਾਲਸੇ ਦੀ ਕਤਲ-ਆਮ ਆਰੰਭ ਦਿੱਤੀ। ਇਹ ਦੂਸਰੀ ਕਤਲ-ਆਮ ਸੀ ਜੋ ਸੰਮਤ ੧੭੯੬ ਤੋਂ ੧੮੦੨ ਬਿਕ੍ਰਮੀ ਅਰਥਾਤ ੧੭੩੯ ਤੋਂ ੧੭੪੫ ਈਸਵੀ ਤਕ ਰਹੀ। ਪਿਛਲੀ ਕਤਲਾਮ ਵਿਚ ਸਿੰਘ ਐਸੇ ਪ੍ਰਬੰਧ ਨਾਲ ਨਹੀਂ ਮਾਰੇ ਗਏ ਸਨ ਜਿਵੇਂ ਕਿ ਇਨ੍ਹਾਂ ਛਿਆਂ ਵਰ੍ਹਿਆਂ ਵਿਚ।

ਖਾਨ ਬਹਾਦਰ ਨੇ ਸਾਰੇ ਇਲਾਕਿਆਂ ਦੇ ਚੌਧਰੀਆਂ ਦੇ ਨਾਮ ਪਰਵਾਨੇ ਜਾਰੀ ਕਰ ਦਿੱਤੇ ਤੇ ਮੁਲਖੱਈਏ ਦੇ ਸਿਰਕੱਢਾਂ ਨੂੰ ਬੁਲਾ ਕੇ

ਤਾਕੀਦ ਕੀਤੀ ਕਿ ਕਿਸੇ ਪਿੰਡ ਵਿਚ ਕੋਈ ਸਿੰਘ ਰਹਿਣੇ ਨਾ ਪਾਵੇ ਅਤੇ ਉਨ੍ਹਾਂ ਨੂੰ ਟੋਲ ਟੋਲ ਮਾਰਿਆ ਜਾਵੇ, ਤੇ ਢੰਡੋਰਾ ਪਿਟਵਾ ਦਿੱਤਾ ਕਿ ਜੋ ਸਿੰਘਾਂ ਨੂੰ ਮਾਰੇਗਾ ਯਾ ਉਨ੍ਹਾਂ ਦਾ ਨਿਸ਼ਾਨ ਪਤਾ ਦੱਸੇਗਾ ਉਸ ਨੂੰ ਫੜੌਣ ਵਾਲੇ ਨੂੰ ਦਸ ਤੇ ਮਰਵੌਣ ਵਾਲੇ ਨੂੰ ਪੰਜਾਹ ਰੁਪਏ ਸਰਕਾਰੋਂ ਇਨਾਮ ਦਿੱਤਾ ਜਾਊ। ਸ੍ਰੀ ਅੰਮ੍ਰਿਤਸਰ ਚੌਕੀਆਂ ਬਠਾ ਦਿੱਤੀਆਂ ਕਿ ਕੋਈ ਆਦਮੀ ਸਰੋਵਰ ਵਿਚ ਅਸ਼ਨਾਨ ਨ ਕਰਨਾ ਪਾਵੇ ਅਤੇ ਜੋ ਕਰਦਾ ਯਾ ਕਰ ਗਿਆ ਮਲੂਮ ਹੋਵੇ ਓਸ ਨੂੰ ਬਿਨਾਂ ਪੁਛ ਪ੍ਰਤੀਤ ਦੇ ਮਾਰ ਦਿੱਤਾ ਜਾਵੇ। ਦੁਆਬੇ ਵਿਚ ਅਦੀਨਾ ਬੇਗ ਖਾਨ ਦੇ ਨਾਮ ਹੁਕਮ ਜਾਰੀ ਹੋਇਆ ਕਿ ਸਿੰਘਾਂ ਨੂੰ ਕਾਬੂ ਕਰੇ। ਇਲਾਕੇ ਵਿਚ ਗਸ਼ਤੀ ਫੌਜ ਫਿਰਨ ਲਗ ਪਈ ਜੋ ਪਿੰਡੋ ਪਿੰਡ ਫਿਰ ਕੇ ਸਿੰਘਾਂ ਨੂੰ ਮਾਰਦੀ। ਹੁਣ ਸਿੰਘਾਂ ਦੇ ਭਾ ਦੀ ਬੜੀ ਔਖੀ ਬਣ ਗਈ। ਪਿੰਡਾਂ ਵਿਚ ਲੁਕ ਛਿਪ ਕੇ ਗੁਜ਼ਾਰਾ ਕਰਨਾ ਭੀ ਔਖਾ ਹੋ ਗਿਆ। ਕਈਆਂ ਨੇ ਕੁੰਭਲ ਬਣਾ ਲਏ, ਕਈਆਂ ਨੇ ਲਾਚਾਰ ਆ ਕੇ ਘਰ ਬਾਰ ਛਡ ਦਿੱਤੇ। ਕਈ ਤਾਂ ਪੰਜਾਬ ਹੀ ਛਡ ਗਏ ਤੇ ਦਿਲੀ ਆਗਰੇ ਤੇ ਬੀਕਾਨੇਰ ਵਿਚ ਜਾ ਕੇ ਲੁਕ ਛਿਪ ਕੇ ਯਾ ਨੌਕਰੀ ਕਰ ਕੇ ਗੁਜ਼ਾਰਾ ਕਰਨ ਲਗ ਪਏ, ਅਤੇ ਕਈ ਦੁਆਬੇ ਵਿਚ ਅਦੀਨਾ ਬੇਗ ਖ਼ਾਨ ਨਾਲ ਘੋਰ-ਮਸੋਰਾ ਕਰ ਕੇ ਝਟ ਟਪਾਉਂਦੇ। ਬਹੁਤ ਸਾਰੇ ਰਾਵੀ ਆਦਿ ਦਰਿਆਵਾਂ ਦਿਆਂ ਝੱਲਾਂ ਜੰਗਲਾਂ ਝਾੜੀਆਂ ਤੇ ਪਹਾੜੀ ਖੱਡਾਂ ਵਿਚ ਜਾ ਵੜੇ। ਬਿਨਾ ਲੂਣ ਮਿਰਚਾਂ ਹੀ ਦਰਖਤਾਂ ਦੇ ਫਲ ਫੁਲ ਤੇ ਪੱਤੇ ਭਰੂ ਭਰੂ ਕੇ ਖਾਂਦੇ ਤੇ ਉਸ ਨੂੰ 'ਸ੍ਵਾਦੀ' ਕਹਿੰਦੇ। ਜੰਗਲਾਂ ਵਿਚ ਖਾਣ ਨੂੰ ਲਭਣਾ ਹੀ ਕੀ ਹੋਇਆ? ਕਈ ਕਈ ਦਿਨ ਕੜਾਕੇ ਹੀ ਰਹਿਣ। ਸਿੰਘਾਂ ਦੇ ਜਥਿਆਂ ਦੇ ਜੱਥੇ ਫੜ ਫੜ ਕੇ ਲਾਹੌਰ ਪਹੁੰਚਾਏ ਜਾਣ ਲਗੇ ਤੇ ਉਥੇ ਬਾਜ਼ਾਰ ਨਖ਼ਾਸ ਵਿਚ ਸ਼ਹੀਦਗੰਜ ਅਸਥਾਨ ਪਰ ਕਤਲਾਏ ਜਾਣ ਲਗੇ। ਜੰਡਿਆਲੇ ਦੇ ਹਰਭਗਤ ਨਿਰੰਜਣੀਏ ਨੇ ਇਸ ਵੇਲੇ ਵਧ ਵਧ ਕੇ ਸਰਕਾਰੀ ਖਿਦਮਤ ਕੀਤੀ।

ਦੋ ਵਾਰੀ ਗਸ਼ਤੀ ਫ਼ੌਜ ਸੱਦ ਕੇ ਇਲਾਕੇ ਵਿਚ ਝਾੜੂ ਫਿਰਵਾਇਆ ਤੇ ਮੀਰਾਂ ਕੋਟ ਲੁਟਾਇਆ। ਛੀਨਿਆਂ ਦੇ ਕਰਮੇ ਨੇ ਰਾਜਾ ਸਾਂਸੀ ਦੇ ਕਈ ਬੇਦੋਸੇ ਸਿੰਘ ਮਾਰੇ। ਇਵੇਂ ਹੀ ਜੋਧਾ ਨਗਰ ਦੇ ਧਰਮ ਦਾਸ, ਨੁਸ਼ਹਿਰੇ ਦੇ ਸਾਹਿਬ ਰਾਏ ਪੰਨੂ, ਤੇ ਰਾਮੇ ਰੰਧਾਵੇ ਨੇ ਸਿੰਘਾਂ ਨੂੰ ਫੜਨ ਫੜੌਨ ਤੇ ਮਰਵੌਣ ਵਿਚ ਵਧ ਚੜ੍ਹ ਕੇ ਕਾਰ-ਗੁਜ਼ਾਰੀਵਿਖਾਈ। ੧

ਮੰਡਿਆਲੀ ਦੇ ਮੱਸਾ ਨਾਮੀ ਰੰਘੜ ਨੇ ਆਪਣਾ ਸਾਰਾ ਆਲਾ-ਦੁਆਲਾ ਛਾਣ ਮਾਰਿਆ ਤੇ ਦਰਬਾਰ ਸਾਹਿਬ ਔਣ ਵਾਲੇ ਸਿੰਘਾਂ ਨੂੰ ਫੜਨ ਮਾਰਣ ਲਈ ਇਥੇ ਆ ਡੇਰਾ ਲਾਇਆ। ਅਕਾਲ ਤਖ਼ਤ ਦੇ ਉਤੇ ਸ਼ਰਾਬ ਦੇ ਦੌਰ ਚੱਲਦੇ, ਹੁਕਾ ਪੀਤਾ ਜਾਂਦਾ ਤੇ ਸਾਮ੍ਹਣੇ ਕੰਜਰੀ ਦਾ ਮੁਜਰਾ ਹੁੰਦਾ। ਭਾਵੇਂ ਇੰਜ ਸਿੰਘਾਂ ਉੱਤੇ ਮੁਸੀਬਤਾਂ ਦੇ ਝੱਖੜ ਝੁਲ ਰਹੇ ਸਨ, ਪਰ ਕੀ ਮਜਾਲ ਕਿ ਸਿੰਘ ਹਿੰਮਤ ਹਾਰਨ। ਖਾਲਸਾ ਜੀ ਦੀ ਮਾਨਸਕ ਅਵਸਥਾ ਹਰ ਵੇਲੇ ਚੜ੍ਹਦੀਆਂ ਕਲਾਂ ਵਿਚ ਸੀ ਤੇ ਕਹਿੰਦੇ ਸੀ ਕਿ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਇਤਨੀਆਂ ਕਰੜਾਈਆਂ ਹੁੰਦਿਆਂ ਹੋਇਆਂ ਭੀ ਕਈ ਸਿੰਘ ਲੁਕ ਛਿਪ ਕੇ ਅਸ਼ਨਾਨ ਕਰ ਜਾਂਦੇ ਤੇ ਕਈ ਭਾਈ ਮੁੱਖਾ ਸਿੰਘ ਮਾੜੀ ਕੰਬੋ ਵਾਲਿਆਂ ਵਾਂਗੂ ਸ਼ੂਟ ਵੱਟੀ ਹਰਿਮੰਦਰ ਸਾਹਿਬ ਪੁਜ ਜਾਂਦੇ ਤੇ ਅਸ਼ਨਾਨ ਕਰ ਕੇ ਪਹਿਰੇਦਾਰਾਂ ਦੀਆਂ ਅੱਖਾਂ ਦੇ ਸਾਮ੍ਹਣਿਓਂ ਤਿਲਕ ਜਾਂਦੇ। ਕਈ ਉਥੇ ਹੀ ਸ਼ਹੀਦ ਹੋ ਜਾਂਦੇ ਤੇ ਕਈ ਫੜੇ ਜਾਂਦੇ। ਪਰ ਇਸ ਵੇਲੇ ਉਨ੍ਹਾਂ ਵਿਚੋਂ ਕੋਈ ਭੀ ਕੁਰਬਾਨੀ ਤੋਂ ਨਾ ਡਰਦਾ ਤੇ ਸਾਰੇ ਮੂੰਹੋਂ ਮੰਗ ਕੇ ਸ਼ਹੀਦੀਆਂ ਪ੍ਰਾਪਤ ਕਰਦੇ। ਇਸ ਵੇਲੇ ਕੋਈ ਇਕ ਭੀ ਮਿਸਾਲ ਐਸੀ ਨਹੀਂ ਕਿ ਕਿਸੇ ਅੰਮ੍ਰਿਤਸਰ ਨੂੰ ਆ ਰਹੇ ਫੜੇ ਗਏ ਸਿੰਘ ਨੇ ਆਪਣਾ ਧਰਮ

੧ Griffin—Punjab Chiefs, 499; Browne—India Tracts, 13-14; Kapurthala, Past and Present, 2; Latif—History of the Punjab, 212; ਰਤਨ ਸਿੰਘ—ਪ੍ਰਾਚੀਨ ਪੰਥ ਪ੍ਰਕਾਸ਼।

ਤਿਆਗਿਆ ਹੋਵੇ ੧ ।

੧ ਭੰਗੂ ਰਤਨ ਸਿੰਘ—ਪ੍ਰਾਚੀਨ ਪੰਥ ਪ੍ਰਕਾਸ਼ ੨੮੩—।

Malcolm ਆਪਣੀ ਕਿਤਾਬ Sketch of the Sikhs ਵਿਚ p. 87-88 ਪਰ ਇਕ ਮੁਸਲਮਾਨ ਇਤਿਹਾਸਕਾਰ ਦੇ ਆਧਾਰ ਤੇ ਲਿਖਦਾ ਹੈ ਕਿ—

Though it was some time before they repossessed themselves of Amritsar, they began, immediately after they quitted their fastnesses, to flock to that holy city at the periods of their feasts. Some performed this pilgrimage in secret, and in disguise; but in general, according to a contemporary Mohammedan author, the Sikh horsemen were seen riding, at full gallop, towards "their favourite shrine of devotion. They were often slain in making this attempt, and some times taken prisoners, but they used, on such occasions, to seek, instead of avoiding, the crown of martyrdom," and the same authority states, "that an instance was never known of a Sikh, taken in his way to Amritsar, consenting to abjure his faith."

ਪਹਿਲਾ ਘਲੂ-ਘਾਰਾ

ਯਾਹੀਆ ਖ਼ਾਨ ਦਾ ਜ਼ਮਾਨਾ—

ਜ਼ਕਰੀਆ ਖ਼ਾਨ ਖ਼ਾਨ-ਬਹਾਦਰ ਦੇ ਦੋ ਪੁਤਰ ਸਨ, ਯਾਹੀਆ ਖ਼ਾਨ ਤੇ ਹਯਾਤੁਲਾ ਖ਼ਾਨ ਸ਼ਾਹ ਨਿਵਾਜ਼ ਖ਼ਾਨ। ਜ਼ਕਰੀਆ ਖ਼ਾਨ ਦੀ ਮੌਤ ਪਿਛੋਂ ਲਾਹੌਰ ਦੀ ਸੂਬੇਦਾਰੀ ਮੀਰ ਮੋਮਨ ਖ਼ਾਨ ਕਸੂਰੀਏ ਨੂੰ ਦਿਤੀ ਗਈ। ਪਰ ਛੇਤੀ ਪਿਛੋਂ ਦਿੱਲੀ ਦੇ ਵਜ਼ੀਰ ਕਮਰੁ-ਦੀਨ ਖ਼ਾਨ ਇੰਤਜ਼ਾਮ ਦੌਲਾ ਨੁਸਰਤ ਜੰਗ ਦੇ ਵਸੀਲੇ ਨਾਲ ਜ਼ਕਰੀਆ ਖ਼ਾਨ ਦਾ ਵਡਾ ਪੁਤਰ ਯਾਹੀਆ ਖ਼ਾਨ ਲਾਹੌਰ ਦਾ ਹਾਕਮ ਬਣਾਇਆ ਗਿਆ ੧। ਜਿਵੇਂ ਕਿ ਨਵੇਂ ਹਾਕਮ ਨੂੰ ਆਪਣੇ ਇਲਾਕੇ ਦੇ ਇੰਤਜ਼ਾਮ ਦਾ ਬੜਾ ਚਾਉ ਹੁੰਦਾ ਹੈ, ਤਿਵੇਂ ਹੀ ਯਾਹੀਆ ਖ਼ਾਨ ਬੜੀ ਦਿਲ ਚਸਪੀ ਲੈਣ ਲੱਗਾ ਤੇ ਜ਼ਰਾ ਵਧੇਰੇ ਗਹੁ ਨਾਲ ਸਿੰਘਾਂ ਦੇ ਮਗਰ ਪੈ ਗਿਆ। ਇਸ ਵੇਲੇ ਦੀਵਾਨ ਲਖਪਤ ਰਾਏ ਤੇ ਜਸਪਤ ਰਾਏ ਦੋਨਾਂ ਭਰਾਵਾਂ ਦਾ ਲਾਹੌਰ ਵਿਚ ਬੜਾ ਜ਼ੋਰ ਸੀ। ਲਖਪਤ ਰਾਏ ਤਾਂ ਲਾਹੌਰ ਦਾ ਵਡਾ ਵਜ਼ੀਰ ਸੀ ਤੇ ਜਸਪਤ ਰਾਏ ਐਮਨਾਬਾਦ ਦਾ ਫ਼ੌਜਦਾਰ।

ਸਿੰਘ ਇਸ ਵੇਲੇ ਦੇਸੋਂ ਕੱਢੇ ਹੋਏ ਜੰਗਲਾਂ ਤੇ ਝੱਲਾਂ ਵਿਚ ਦਿਨ-ਕਟੀ ਕਰ ਰਹੇ ਤੇ ਕਪੜੇ ਲੱਤੇ ਤੋਂ ਖਾਲੀ ਤੇ ਅੰਨ ਦਾਣੇ ਤੋਂ ਵਾਂਜੇ ਸਨ, ਤੇ ਬੜੀਆਂ ਕਸ਼ਟਣੀਆਂ ਤੇ ਮੁਸ਼ਕਲਾਂ ਨਾਲ ਅਪਣੇ ਖਾਨ ਪਾਨ ਦੀ ਗੁਜ਼ਰਾਨ ਟੋਰਦੇ ਸਨ। ਯਾਹੀਆ ਖ਼ਾਨ ਨੇ ਕੁਝ ਫ਼ੌਜੀ ਦਸਤੇ ਇਲਾਕੇ ਵਿਚ ਭੇਜੇ ਤੇ ਇਕ

੧ ਸਯਦ ਮੁਹੰਮਦ ਲਤੀਫ਼ ਲਿਖਤ ਹਿਸਟਰੀ ਆਫ਼ ਦੀ ਪੰਜਾਬ।

ਦਸਤਾ ਜਸਪਤ ਰਾਏ ਨੂੰ ਵੀ ਦਿਤਾ ਕਿ ਸਿੰਘਾਂ ਨੂੰ ਕਾਬੂ ਕਰੇ ਤੇ ਉਨ੍ਹਾਂ ਨੇ ਰਾਵੀ ਦੇ ਝਲ ਝਾੜਨੇ ਸ਼ੁਰੂ ਕਰ ਦਿਤੇ। ਚੁਨਾਂਚਿ 'ਰਸਾਲਾ ਸਾਹਿਬ-ਨੁਮਾ ਚਹਾਰ ਬਾਗੇ ਪੰਜਾਬ' ਵਿਚ ਲਿਖਿਆ ਹੈ ਕਿ 'ਬਾਦਸ਼ਾਹੀ ਫ਼ੌਜ ਉਨ੍ਹਾਂ (ਸਿੰਘਾਂ) ਤੇ ਚੜ੍ਹਾਈ ਕਰਦੀ ਤੇ ਉਹ ਹਰ ਰੋਜ਼ ਇਸਲਾਮੀ ਲਸ਼ਕਰੀਆਂ ਦੇ ਹਥੋਂ ਕਤਲ ਹੁੰਦੇ। ਹਰ ਰੋਜ਼ ਸਵੇਰੇ ਸਰਕਾਰੀ ਫ਼ੌਜ ਸਿੰਘਾਂ ਦੇ ਸ਼ਿਕਾਰ ਲਈ ਸਵਾਰ ਹੁੰਦੀ ਤੇ ਖ਼ਾਲਸਾ ਜੀ ਨੂੰ ਜੰਗਲਾਂ ਤੇ ਝੱਲਾਂ ਚੋਂ ਸ਼ਿਕਾਰ ਵਾਂਗੂ ਫੜ ਕੇ ਲਿਆਉਂਦੀ ਤੇ ਉਹ ਬੜੇ ਅਜ਼ਾਬਾਂ ਨਾਲ ਮਾਰੇ ਜਾਂਦੇ, ਚੁਨਾਂਚਿ ਉਨ੍ਹਾਂ ਦੀਆਂ ਲੋਥਾਂ ਦੇ ਢੇਰ ਲਗ ਜਾਂਦੇ ਅਤੇ ਉਨ੍ਹਾਂ ਦੇ ਕਟੇ ਹੋਏ ਸਿਰਾਂ ਨਾਲ ਲਾਹੌਰ ਆਦਿ ਵਿਚ ਮੀਨਾਰ ਉਸਾਰੇ ਜਾਂਦੇ। ਇਨ੍ਹਾਂ ਮੁਨਾਰਿਆਂ ਨੂੰ ਸਿੰਘਾਂ ਦੇ ਬੋਲੇ ਵਿਚ ਸ਼ਹੀਦ-ਗੰਜ ਕਹਿੰਦੇ ਹਨ। ਸਿੰਘ ਹਰ ਸਵੇਰੇ ਨਿਤ ਨਵੇਂ ਤੋਂ ਨਵੇਂ ਤਸੀਹੇ ਪਾਉਂਦੇ, ਪਰ ਆਪਣੇ ਹਠ ਤੋਂ ਨਾ ਮੁੜਦੇ ਤੇ 'ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ' ਤੇ ਟਿਕੇ ਰਹਿੰਦੇ। ਨਵਾਬ ਜ਼ਕਰੀਆ ਖਾਨ ਦੇ ਪੇਸ਼ਕਾਰ ਦੀਵਾਨ ਲਖਪਤ ਰਾਏ ਦਾ ਭਰਾ ਦੀਵਾਨ ਜਸਪਤ ਰਾਏ, ਦਿਨ ਰਾਤ ਇਕ ਕਰ ਕੇ ਇਸ ਹਠੀਲੇ ਫ਼ਿਰਕੇ (ਸਿੰਘਾਂ) ਦੇ ਪਿਛੇ ਪਿਆ ਹੋਇਆ ਸੀ ਤੇ ਬਹੁਤ ਸਾਰਿਆਂ ਨੂੰ ਫੜ ਤੇ ਕੈਦ ਕਰਕੇ ਖੁਆਰ ਤੇ ਕਤਲ ਕਰਦਾ ਸੀ।'

ਸਿੰਘਾਂ ਦਾ ਇਕ ਜੱਥਾ ਜਿਸ ਵਿਚ ਸਰਦਾਰ ਜੱਸਾ ਸਿੰਘ ਭੀ ਸੀ ਇਸ ਵੇਲੇ ਗੋਇੰਦਵਾਲ ਦੇ ਪਤਣੋਂ ਲੰਘ ਕੇ ਦਰਿਆ ਦੇ ਝੱਲੋ ਝੱਲ ਪਹਾੜ ਵਲ ਨੂੰ ਚੜ੍ਹੀ ਜਾ ਰਿਹਾ ਸੀ੧ ਕਿ ਖੁਖਰਾਨ ਪਿੰਡ ਦੇ ਇਕ ਬੰਦੇ ਨੇ ਜਸਪਤ ਰਾਏ ਪਾਸ ਜਾ ਕੇ ਸੂਹ ਦਿਤੀ ਕਿ ਦੋ ਹਜ਼ਾਰ ਸਿੰਘਾਂ ਦਾ ਇਕ ਜੱਥਾ ਛਾਪਾ ਮਾਰ ਕੇ ਉਸ ਦੀਆਂ ਭੇਡਾਂ ਬਕਰੀਆਂ ਹਿੱਕ ਲੈ ਗਿਆ ਹੈ ਤੇ ਰੋੜੀ ਸਾਹਿਬ ਬੈਠਾ ਭੁੰਨ ਭੁੰਨ ਕੇ ਛਕ ਰਿਹਾ ਹੈ੨। ਜਸਪਤ ਰਾਏ

੧ ਕਨ੍ਹੱਯਾ ਲਾਲ, ਤਾਰੀਖਿ ਪੰਜਾਬ ਸਫ਼ਾ ੬੯। ਰਤਨ ਸਿੰਘ, ਪੰਥ ਪ੍ਰਕਾਸ਼ ਸਫ਼ਾ ੩੭੨।

੨ ਇਬਰਤ ਨਾਮਾ, ਅਲੀ-ਉ-ਦੀਨ।

ਅਗੇ ਹੀ ਜਥੇ ਦੇ ਪਿੱਛੇ ਲੱਗਾ ਹੋਇਆ ਸੀ—ਅੱਗੇ ਅੱਗੇ ਸਿੰਘ ਸਨ ਤੇ ਮਗਰ ਮਗਰ ਜਸਪਤ ਲੱਗਾ ਆ ਰਿਹਾ ਸੀ। ਜਸਪਤ ਰਾਇ ਦੇ ਹੁਕਮ ਕਰ ਕੇ ਇਲਾਕੇ ਦੇ ਸਾਰੇ ਚੌਧਰੀ ਆਪਣੀਆਂ ਛੇੜਾਂ ਸਣੇ ਉਸ ਦੇ ਨਾਲ ਸਨ ਤੇ ਚੱਠਿਆਂ ਦੀ ਫ਼ੌਜ ਵੀ ਇਸ ਨਾਲ ਸੀ ਤੇ ਸ਼ੇਰਾ ਸਭ ਤੋਂ ਅੱਗੇ ਅੱਗੇ ਸੀ। ਸਿੰਘ ਕਈ ਦਿਨਾਂ ਦੇ ਭੁੱਖੇ ਸਨ, ਮਸੇਂ ਮਸੇਂ ਉਨ੍ਹਾਂ ਨੂੰ ਖਾਣ ਨੂੰ ਲੱਭਾ ਸੀ; ਪਰ ਵੈਰੀ ਨੇ ਸਾਹ ਨਾ ਲੈਣ ਦਿੱਤਾ ਤੇ ਓਹ ਪੇਟ ਨਾ ਭਰ ਸਕੇ। ਇਸੇ ਤਰ੍ਹਾਂ ਭੁਖੇ ਭਾਣੇ ਧਕੀਂਦੇ ਧਕਾਂਈਦੇ ਸਿੰਘ ਬੱਦੋਕੀ ਪੁਜੇ ਤੇ ਗੁਸਾਈਆਂ ਦੀ ਝਿੜੀ ਵਿਚ ਸਿਰ ਲੁਕਾ ਕੇ ਕੁਛ ਖਾਣ ਪੀਣ ਦਾ ਪਰਬੰਧ ਕਰਨ ਲਗੇ ਹੀ ਸਨ ਕਿ ਉਪਰੋਂ ਜਸਪਤ ਨੇ ਆ ਘੇਰਾ ਘਤਿਆ। ਇਹ ਦੇਖਕੇ ਸਿੰਘਾਂ ਨੇ ਸੋਚਿਆ ਕਿ ਹੁਣ ਇਸ ਵੇਲੇ ਕਿਸੇ ਪਾਸੇ ਨਿਕਲ ਜਾਣ ਦੀ ਤਾਂ ਕੋਈ ਆਸ ਨਹੀਂ ਤੇ ਭੁਖੇ ਮਰਨ ਨਾਲੋਂ ਸਿੱਧੇ ਹੋਕੇ ਲੜ ਕੇ ਕਿਉਂ ਨਾ ਮਰੀਏ? ਸੋ ਟੁੱਟ ਕੇ ਦੀਵਾਨ ਜਸਪਤ ਰਾਏ ਉੱਤੇ ਜਾ ਪਏ। ਮਾਂਗਵੀਆਂ ਧਾੜਾਂ ਨੇ ਸਿਰ-ਲੱਥ ਸੂਰਿਆਂ ਦਾ ਕੀ ਟਾਕਰਾ ਕਰਨਾ ਹੋਇਆ? ਪਹਿਲੇ ਹੱਲੇ ਹੀ ਭੱਜ ਨਿਕਲੇ ਤੇ ਦੀਵਾਨ ਨੂੰ ਆਪਣੀ ਜਾਨ ਦੀ ਪੈ ਗਈ। ਦੀਵਾਨ ਦੀ ਫ਼ੌਜ ਨੂੰ ਭਾਜੜ ਪਈ ਵੇਖ ਕੇ ਨਿਬਾਹੂ ਸਿੰਘ ਨਾਮੀ ਇਕ ਰੰਘਰੇਟਾ ਸਿੰਘ ਪੂਛਲ ਫੜ ਕੇ ਉਸ ਦੇ ਹਾਥੀ ਤੇ ਚੜ੍ਹ ਗਿਆ ਤੇ ਇਕ ਹੀ ਤੇਗੇ ਦੇ ਵਾਰ ਨਾਲ ਦੀਵਾਨ ਜਸਪਤ ਰਾਏ ਦਾ ਸਿਰ ਧੜ ਤੋਂ ਅਲੱਗ ਕਰ ਦਿਤਾ ਤੇ ਦੀਵਾਨ ਦੇ ਜ਼ੇਵਰ ਤੇ ਹੋਰ ਮਾਲ ਮਤਾ ਥੱਲੇ ਸੁਟ ਦਿੱਤਾ, ਤੇ ਫੇਰ ਸਿਰ ਲੈ ਕੇ ਹੇਠਾਂ ਉਤਰ ਆਇਆ ਜੋ ਸਿੰਘਾਂ ਨੇ ਬੱਦੋਕੀ ਗੁਸਾਈਆਂ ਦੇ ਬਾਵਾ ਕਿਰਪਾ ਰਾਮ ਦੇ ਮੰਗਣ ਪਰ ਉਸ ਨੂੰ ਦੇ ਦਿਤਾ ਜਿਸ ਦੇ ਬਦਲੇ ਬਾਵਾ ਕਿਰਪਾ ਰਾਮ ਨੇ ਉਨ੍ਹਾਂ ਨੂੰ ੫੦੦) ਰਸਦ ਪਾਣੀ ਲਈ ਭੇਟ ਕੀਤਾ। ਬਾਵਾ ਕਿਰਪਾ ਰਾਮ ਐਮਨਾਬਾਦ ਦੇ ਦੀਵਾਨਾਂ ਦੇ ਗੁਰੂ ਗੋਸਾਈਆਂ ਵਿਚੋਂ ਹੋਣਾ ਹੈ। ਭਾਈ ਪ੍ਰਿਥੀ ਦੀ ਗੁਸਾਈਆਂ ਦੀ ਗੱਦੀ ਉਤੇ ਇਸ ਵੇਲੇ ਸੰਤ ਜਗਤ ਭਗਤ ਜੀ ਸਨ। (ਦੇਖੋ ਕਰਮ ਸਿੰਘ, ਪਹਿਲਾ ਘਲੂ ਘਾਰਾ 'ਫੁਲਵਾੜੀ' ਜਿਲਦ ੪ ਅੰਕ ੧੨

ਪੰਨਾ ੯੮੯)। ਆਮ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਸਿੰਘਾਂ
ਦੇ ਜਥੇ ਨੇ ਜਸਪਤ ਰਾਇ ਨੂੰ ਖਾਸ ਐਮਨਾ ਬਾਦ ਮਾਰਿਆ ਹੈ ਪਰ
ਇਹ ਗਲ ਠੀਕ ਨਹੀਂ । ਜਸਪਤ ਰਾਇ ਬੱਦੋਕੀ ਗੁਸਾਈਆਂ ਦੀ
ਝਿੜੀ ਵਿਚ ਮਾਰਿਆ ਗਿਆ ਸੀ ਜਿਥੇ ਉਸ ਦੇ ਭਰਾ ਦੀਵਾਨ ਲਖਪਤ
ਰਾਇ ਦੀ ਬਣਵਾਈ ਹੋਈ ਜਸਪਤ ਰਾਇ ਦੀ ਸਮਾਧ ਹੁਣ ਤਕ
ਕਾਇਮ ਹੈ।

ਹੁਣ ਸਿੰਘਾਂ ਦੇ ਜਥੇ ਨੇ ਗੁਜ਼ਾਰੇ ਲਈ ਧਨ ਤੇ ਦਾਣਾ ਪੱਠਾ ਮਿਲ
ਜਾਣ ਦਾ ਚੰਗਾ ਮੌਕਾ ਹਥ ਲਗ ਗਿਆ ਦੇਖ ਕੇ ਐਮਨਾਬਾਦ ਤੇ
ਲੁਟ ਕਰ ਦਿਤੀ ਤੇ ਸ਼ਾਹੀ ਖਜ਼ਾਨੇ ਤੇ ਅੰਨ ਦਾਣੇ ਦੇ ਖਾਤਿਆਂ
ਉਤੇ ਧਾਵਾ ਬੋਲ ਦਿੱਤਾ। ਇਥੋਂ ਸਿੰਘਾਂ ਦੇ ਹਥ ਚੋਖਾ ਮਾਲ ਤੇ ਅੰਨ
ਦਾਣਾ ਆ ਗਿਆ, ਇਸ ਕਰਕੇ ਇਨ੍ਹਾਂ ਨੇ ਕਿਸੇ ਨੂੰ ਪਤਾ ਲਗਣ
ਤੋਂ ਪਹਿਲਾਂ ਹੀ ਖਿਸਕ ਜਾਣਾ ਭਲਾ ਜਾਣਿਆ । ਇਹ ਗਲ ਮਾਘ–
ਫਗਣ ੧੮੦੨, ਜਨਵਰੀ ਫ਼ਰਵਰੀ ੧੭੪੬ ਦੇ ਏੜ ਗੇੜ ਦੀ ਹੈ
ਜਦੋਂ ਕਿ ਕਣਕਾਂ ਨਿਸਰੀਆਂ ਹੋਈਆਂ ਸਨ।੧

ਦੀਵਾਨ ਲਖਪਤ ਰਾਇ ਦੀ ਸੌਂਹ,
ਲਾਹੌਰ ਦੇ ਨੌਕਰ ਚਾਕਰ ਸਿੰਘਾਂ ਦਾ ਕਤਲ–

ਜਸਪਤ ਰਾਇ ਦੇ ਮਾਰੇ ਜਾਣ ਦਾ ਪਤਾ ਜਦ ਉਸ ਦੇ ਭਰਾ
ਲਖਪਤ ਰਾਇ ਨੂੰ ਹੋਇਆ, ਤਾਂ ਗੁੱਸੇ ਨਾਲ ਬਾਉਲਾ ਹੋ ਗਿਆ, ਤੇ
ਉਸਨੇ ਆਪਣੀ ਪੱਗ ਯਾਹੀਆ ਖ਼ਾਨ ਦੇ ਪੈਰਾਂ ਤੇ ਜਾ ਸੁੱਟੀ ਤੇ ਸੌਂਹ
ਖਾ ਲਈ ਕਿ ਹੁਣ ਮੈਂ ਸਿੰਘਾਂ ਦਾ ਖੁਰਾ ਖੋਜ ਮਿਟਾ ਕੇ ਹੀ ਮੁੜ
ਪੱਗੜੀ ਸਿਰ ਤੇ ਬੰਨ੍ਹਾਂਗਾ। ਉਸ ਨੂੰ ਕਦੇ ਆਸ ਨਹੀਂ ਸੀ ਹੋ ਸਕਦੀ
ਕਿ ਮੇਰੇ ਭਰਾ ਜੈਸੇ ਦਬਦਬੇ ਵਾਲੇ ਨੂੰ ਜੰਗਲਾਂ ਵਿਚ ਲੁਕ ਛਿਪ ਕੇ

੧ ਅਲੀ-ਉੱਦੀਨ, ਇਬਰਤ ਨਾਮਾ; ਨਾਰੰਗ, ਸਿਖਾਂ ਦਾ ਪ੍ਰੀਵਰਤਨ, ੨੩੪;
ਭੰਗੂ ਰਤਨ ਸਿੰਘ ਦਾ ਪੰਥ ਪ੍ਰਕਾਸ਼, ਸਫਾ ੩੦੫।

ਰਹਿਣ ਵਾਲੇ ਸਿੰਘ ਮਾਰ ਸਕਣਗੇ। ਉਹ ਤਾਂ ਇਹ ਸਮਝੀ ਬੈਠਾ ਸੀ ਕਿ ਹੁਣ ਤਕ ਸਿੰਘ ਬਚੇ ਹੋਏ ਹੀ ਮੇਰੀ ਨਰਮੀ ਕਰ ਕੇ ਹਨ। ਜੇ ਮੈਂ ਇਹਨਾਂ ਨਾਲ ਸਖ਼ਤੀ ਕਰਦਾ ਤਾਂ ਕਦੇ ਦਾ ਇਨ੍ਹਾਂ ਦਾ ਰੇੜਕਾ ਮੁਕਾ ਛਡਦਾ। ਸੋ ਉਸ ਨੇ ਹੰਕਾਰ ਕਰ ਕੇ ਕਿਹਾ ਕਿ—"ਅੱਛਾ ਇਹ ਉਸਟੰਡ (ਪੰਥ ਖਾਲਸਾ) ਇਕ ਖਤ੍ਰੀ ਨੇ ਖੜਾ ਕੀਤਾ ਸੀ ਤੇ ਹੁਣ ਮੈਂ ਇਕ ਖਤ੍ਰੀ ਇਸਦਾ ਨਾਸ਼ ਕਰਾਂਗਾ ੧।

ਯਹੀਆ ਖ਼ਾਨ ਨੂੰ ਹੋਰ ਕੀ ਚਾਹੀਦਾ ਸੀ। ਉਸ ਨੇ ਕਿਹਾ 'ਚੰਗਾ, ਫ਼ੌਜ ਖਰਚ ਮੇਰਾ ਤੇ ਜ਼ੋਰ ਤੇਰਾ।' ਯਾਹੀਆ ਖ਼ਾਨ ਨੇ ਸਾਰੇ ਪੰਜਾਬ ਵਿਚ ਸਿੰਘਾਂ ਦੀ ਕਤਲ-ਆਮ ਦਾ ਹੁਕਮ ਦੇ ਦਿਤਾ ਕਿ ਜਿਥੇ ਕਿਤੇ ਵੀ ਕੋਈ ਸਿਖ ਮਿਲੇ ਮਾਰ ਦਿਤਾ ਜਾਵੇ ਤੇ ਗੁਰੂ ਗੋਬਿੰਦ ਸਿੰਘ ਦਾ ਨਾਮ ਲੈਣ ਵਾਲੇ ਦਾ ਪੇਟ ਪਾੜ ਦਿਤਾ ਜਾਵੇ। ਸਿਖਾਂ ਦੇ ਸਿਰ ਲਈ ਇਨਾਮ ਮੁਕੱਰਰ ਕਰ ਦਿਤੇ ਗਏ ੨।

੧ ਭੰਗੂ ਰਤਨ ਸਿੰਘ ਪੰਥ ਪ੍ਰਕਾਸ਼ ਸਫ਼ਾ ੩੦੬।

੨ The Governor Yahya Khan, now issued a general proclamation for a general massacre of all Sikhs, wherever they could be found; death was to be the punishment- of all persons who invoked the name of Guru Govind and a reward was offered for the heads of the Sikhs; thousands were put to death daily and their heads brougnt before the Subedar of Lahore for reward.

[History of the Punjab; P. 213.]

ਇਸ ਦੀ ਪੁਸ਼ਟੀ ਅਲੀਉਦੀਨ 'ਇਬਰਤ ਨਾਮੇ' ਵਿਚ ਇਸਤਰਾਂ ਕਰਦਾ ਹੈ:—

A proclamation was at the same time issued threatening to rip open the belly of any taking the name of Govind. [Transformation of Sikhism.]

ਬੋਰਨਟਨ ਹਿਸਟਰੀ ਆਫ਼ ਦੀ ਪੰਜਾਬ ਵਿਚ ਲਿਖਦਾ ਹੈ—

(ਬਾਕੀ ਦੇਖੋ ਫੁਟ ਨੋਟ ਸਫਾ ੮੨ ਉਤੇ)

ਲਖਪਤ ਰਾਏ ਯਾਹੀਆ ਖ਼ਾਨ ਦੀ ਫ਼ੌਜ ਲੈ ਕੇ ਜਥੇ ਦੇ ਮਗਰ ਗਿਆ, ਪ੍ਰੰਤੂ ਸਿਖ ਕਦੇ ਦੇ ਝੱਲਾਂ ਨੂੰ ਹਰਨ ਹੋ ਚੁਕੇ ਹੋਏ ਸਨ । ਜੋ ਲਖਪਤ ਲਾਹੌਰ ਮੁੜ ਆਇਆ ਤੇ ਆ ਕੇ ਮੁਢ ਲਾਹੌਰੋਂ ਟਕ ਧਰ ਦਿਤਾ। ਅਜ ਤਕ ਜਿੰਨੀਆਂ ਵੀ ਕਤਲਾਮਾਂ ਹੋਈਆਂ ਸਨ, ਉਨ੍ਹਾਂ ਵਿਚ ਜਥਿਆਂ ਦੇ ਸਿੰਘ ਹੀ ਮਾਰੇ ਜਾਂਦੇ ਸਨ ਪਰ ਹੁਣ ਲਖਪਤ ਰਾਏ ਨੇ ਸ਼ਹਿਰ ਦੇ ਸਿਖਾਂ ਦੀ ਭੀ ਕਤਲਾਮ ਆਰੰਭ ਦਿਤੀ। ਇਸ ਦੇ ਨਾਲ ਉਸ ਨੇ ਸ਼ਹਿਰ ਵਿਚ ਹੋਕਾ ਬੁਲਾ ਦਿਤਾ ਕਿ ਕੋਈ ਗੁਰੂ ਦੀ ਬਾਣੀ ਨਾ ਪੜ੍ਹੇ, ਤੇ ਜਿਸ ਨੂੰ ਮੈਂ ਗੁਰੂ ਦਾ ਨਾਮ ਲੈਂਦਾ ਸੁਣ ਲਿਆ ਉਸ ਦੇ ਪ੍ਰਾਣ ਕਢ ਦੇਵਾਂਗਾ, ਵਾਹਿਗੁਰੂ ਸ਼ਬਦ ਛਡ ਕੇ ਹੋਰ ਜੋ ਮਰਜ਼ੀ ਹੈ ਜਪੇ। ਗੁੜ ਨੂੰ ਕੋਈ ਗੁੜ ਨਾ ਕਹੇ, ਰੋੜੀ ਜਾਂ ਭੇਲੀ ਕਹੇ, ਕਿਉਂਕਿ ਗੁੜ ਕਹਿਆਂ ਗੁਰੂ ਚੇਤੇ ਆ ਜਾਂਦਾ ਹੈ। ਇਸੇ ਤਰਾਂ ਗ੍ਰੰਥ ਕੋਈ ਨਾ ਕਹੇ ਪੋਥੀ ਕਹੇ ੧। ਇਸਤੋਂ ਬਿਨਾਂ ਲਖਪਤ ਰਾਏ ਨੇ ਗੁਰਬਾਣੀ ਤੇ ਗੁਰ ਇਤਿਹਾਸ ਦੀਆਂ ਪੋਥੀਆਂ ਲਭ ਲਭ ਕੇ ਅੱਗ ਤੇ ਪਾਣੀ ਦੀ ਭੇਟ ਕੀਤੀਆਂ ਤੇ ਸੈਂਕੜੇ ਧਰਮਸਾਲਾਂ ਢੁਹਾ ਦਿਤੀਆਂ ੨ ।

ਕਤਲਾਮ ਐਉਂ ਅਰੰਭ ਹੋਈ–

ਸਭ ਤੋਂ ਪਹਿਲਾਂ ਲਾਹੌਰ ਤੋਂ ਟਕ ਧਰਿਆ ਗਿਆ। ਜਿਤਨੇ ਸਰਕਾਰੀ ਨੌਕਰ ਚਾਕਰ ਸਨ ਉਨ੍ਹਾਂ ਨੂੰ ਫੜ ਕੇ ਚੂਹੜਿਆਂ ਦੇ ਹਵਾਲੇ ਕਰ ਦਿੱਤਾ ਕਿ ਸੋਮਵਾਰ ਇਨ੍ਹਾਂ ਦੀਆਂ ਖੋਪਰੀਆਂ ਉਤਾਰ ਦਿਓ ।

੧ ਭੰਗੂ ਰਤਨ ਸਿੰਘ, ਪੰਥ ਪ੍ਰਕਾਸ਼ ।
੨ ਗਯਾਨ ਸਿੰਘ, ਸ਼ਮਸ਼ੇਰ ਖਾਲਸਾ ।

(ਸਫਾ ੯੧ ਦਾ ਫੁਟ ਨੋਟ)

A proclmation was issued in the name of Govornor Yahiya Khan denouncing death to all persons who invoked the name of Guru Govind (Singh) and a reward was offered for the heads of his disciples.

ਇਸ ਵੇਲੇ ਪਹਾੜ ਦੇ ਰਾਜੇ ਪਾਸ ਜੋ ਪੰਦਰਾਂ ਸਿੰਘ ਨੌਕਰ ਸਨ ਉਹ ਭੀ ਫੜੇ ਲਾਹੌਰ ਆ ਗਏ ਤੇ ਜਿਨ੍ਹਾਂ ਜਿਨ੍ਹਾਂ ਪਿੰਡਾਂ ਦੇ ਉਹ ਰਹਿਣ ਵਾਲੇ ਸਨ ਉਥੇ ਦੇ ਚੌਧਰੀ ਭੀ ਬੰਨ੍ਹ ਮੰਗਵਾਏ । ਇਨ੍ਹਾਂ ਵਿਚ ਅਮਰੀਕ ਸਿੰਘ ਰਾਜਾ ਜੰਗ ਵਾਲਾ ਤੇ ਸੱਦਾ ਸਿੰਘ ਮੋਕਲ ਭੀ ਸਨ ।

ਗਰੀਬ ਬੇਦੋਸ਼ੇ ਨੌਕਰਾਂ ਚਾਕਰਾਂ ਦੇ ਕਤਲ ਦਾ ਹੁਕਮ ਸੁਣ ਕੇ ਸਾਰੇ ਸ਼ਹਿਰ ਵਿਚ ਕਹਾਰੀ ਮਚ ਗਈ । ਸ਼ਹਿਰ ਦੇ ਪਤਵੰਤੇ ਤੇ ਸਿਰ-ਕੱਢ ਇਕੱਠੇ ਹੋਏ, ਜਿਨ੍ਹਾਂ ਵਿਚ ਖਾਸ ਕਰ ਇਹ ਲੋਕ ਉਘੇ ਸਨ:—ਦੀਵਾਨ ਕੌੜਾ ਮਲ, ਕਸ਼ਮੀਰੀ ਮਲ ਖੁਰਾਣਾ, ਦੀਵਾਨ ਲਛੀ ਰਾਮ, ਦੀਵਾਨ ਸੂਰਤ ਸਿੰਘ, ਦਿਲੇ ਰਾਮ, ਹਰੀ ਮਲ, ਬਹਿਲੂ ਮਲ, ਹਰੀ ਸਿੰਘ, ਗੁਜਰ ਸਿੰਘ ਤੇ ਭਾਈ ਦੇਸਰਾਜ । ਇਨ੍ਹਾਂ ਇਹ ਸੋਚ ਕੇ ਕਿ ਲਖਪਤ ਰਾਏ ਕਈ ਬੇਦੋਸਿਆਂ ਨੂੰ ਸੋਮਾਵਤੀ ਮੱਸਿਆ ਦੇ ਦਿਨ ਮਰਵਾ ਦੇਵੇਗਾ, ਲਖਪਤ ਰਾਏ ਦੇ ਗੁਰੂ ਭਾਈ ਜਗਤ ਭਗਤ ਨੂੰ ਲਾਹੌਰ ਲੈ ਆਏ । ਏਹ ਸਾਰੇ ਪਤਵੰਤੇ ਤੇ ਹੋਰ ਬਹੁਤ ਸਾਰੇ ਹਿੰਦੂ ਸੰਤ ਫਕੀਰ ਦੀਵਾਨ ਲਖਪਤ ਰਾਏ ਪਾਸ ਗਏ ਕਿ ਅਸੀਂ ਤੇਰੇ ਪਾਸ ਆਏ ਹਾਂ ਕਿ ਤੂੰ ਇਨ੍ਹਾਂ ਗਰੀਬ ਨੌਕਰ ਚਾਕਰ ਸਿੰਘਾਂ ਨੂੰ ਕਿਉਂ ਮਰਵਾਉਂਦਾ ਹੈਂ, ਇਨ੍ਹਾਂ ਦਾ ਕੋਈ ਦੋਸ਼ ਨਹੀਂ, ਤੂੰ ਸਾਡੀ ਖਾਤਰ ਹੀ ਇਨ੍ਹਾਂ ਨੂੰ ਬਖ਼ਸ਼ ਦੇਹ, ਤੈਨੂੰ ਸਾਡਾ ਕਿਹਾ ਮੰਨ ਲੈਣਾ ਚਾਹੀਦਾ ਹੈ ਕਿਉਂਕਿ ਅਸੀਂ ਹੁਣ ਤੇਰੇ ਪਾਸ ਆ ਚੁਕੇ ਹਾਂ, ਸਾਨੂੰ ਖਾਲੀ ਨਾ ਮੋੜ। ਪਰ ਲਖਪਤ ਕਦ ਮੰਨਣ ਵਾਲਾ ਸੀ ? ਕਹਿਣ ਲੱਗਾ ਕਿ ਤੁਸੀਂ ਤਾਂ ਕੀ ਜੇ ਰੱਬ ਭੀ ਆਪ ਚਲ ਕੇ ਆਵੇ ਤਾਂ ਭੀ ਮੈਂ ਇਨ੍ਹਾਂ ਨੂੰ ਨਹੀਂ ਛੱਡਾਂਗਾ। ਸੰਤ ਜਗਤ ਭਗਤ ਜੀ ਨੂੰ ਕਹਿਣ ਲੱਗਾ, ਤੁਹਾਨੂੰ ਇਨ੍ਹਾਂ ਗੱਲਾਂ ਦਾ ਕੀ ਪਤਾ ਹੈ ਤੁਸੀਂ ਡੇਰੇ ਹੀ ਬੈਠਿਆ ਕਰੋ। ਸੰਤਾਂ ਕਿਹਾ 'ਹੱਛਾ ਜਿਸ ਪਾਣੀਓਂ ਉੱਗੀ ਹੈਂ ਉਸੇ ਪਾਣੀ ਮਾਰਾਂਗੇ, ਤੇਰੀ ਜੜ੍ਹ ਨਾ ਰਹੂ ਤੇ ਇਹ ਪੰਥ ਦਿਨੋ ਦਿਨ ਵਧੂ'੧, ਅਤੇ

੧ ਜੱਸਾ ਸਿੰਘ ਬਿਨੋਦ ।

ਆਪ ਮਾਣਕ ਨੂੰ ਮੁੜ ਗਏ। ਨਾਲ ਦੇ ਬਹੁਤ ਸਾਰੇ ਲੋਕੀਂ ਵੀ ਨਿਰਾਸ ਹੋ ਕੇ ਮੁੜ ਪਏ, ਪਰ ਕੁਛ ਸਿਆਣੇ ਉਥੇ ਹੀ ਖੜੇ ਰਹੇ ਤੇ ਕਹਿਣ ਲਗੇ ਦੇਖ ਜੇ ਹੋਰ ਕੁਝ ਨਹੀਂ ਤਾਂ ਸੋਮਾਵਤੀ ਅਮਾਵਸ ਵਾਲੇ ਦਿਨ ਤਾਂ ਇਹ ਕਾਰਾ ਨਾ ਕਰ। ਸੋਮਾਵਤੀ ਮਸਿਆ ਕਦੇ ਭਾਗਾਂ ਨਾਲ ਆਉਂਦੀ ਹੈ ਫਿਰ ਪਤਾ ਨਹੀਂ ਸਾਡੇ ਜੀਉਂਦੇ ਜੀ ਆਵੇ ਜਾਂ ਨਾ ਆਵੇ। ਪਰ ਉਸ ਪੱਥਰ-ਦਿਲ ਉਤੇ ਇਨ੍ਹਾਂ ਬੀਬੀਆਂ ਤੇ ਧੌਲੀਆਂ ਦਾੜ੍ਹੀਆਂ ਵਾਲੇ ਬਜ਼ੁਰਗਾਂ ਦੀਆਂ ਮਿੰਨਤਾਂ ਦਾ ਭੀ ਕੁਝ ਅਸਰ ਨਾ ਹੋਇਆ ਤੇ ਉਹ ਸਿੰਘ ਕਤਲ ਕਰਵਾ ਦਿਤੇ ਗਏ੨। ਇਹ ਸੋਮਾਵਤੀ ਮਸਿਆ ੧੦ ਮਾਰਚ ਸੰਨ ੧੭੪੬, ੧੩ ਚੇਤ ਸੰਮਤ ੧੮੦੨ ਨੂੰ ਸੀ ਜਿਸ ਦਿਨ ਕਿ ਇਹ ਭਾਣਾ ਵਰਤਿਆ।

ਲਖਪਤ ਰਾਏ ਦੀ ਸਿੰਘਾਂ ਤੇ ਚੜ੍ਹਾਈ–

ਬੱਦੋਕੀ ਗੁਸਾਈਆਂ ਦੀ ਲੜਾਈ ਤੇ ਐਮਨਾਬਾਦ ਦੀ ਲੁਟ ਪਿਛੋਂ ਕੁਝ ਸਿੰਘ ਨਵਾਬ ਕਪੂਰ ਸਿੰਘ ਜੀ ਨਾਲ ਜੰਗਲ ਨੂੰ ਚਲੇ ਗਏ ਸਨ ਤੇ ਬਾਕੀ ਦੇ ਰਾਵੀ ਦੇ ਝੱਲਾਂ ਵਿਚ ਵੜ ਗਏ ਸਨ। ਲਖਪਤ ਰਾਏ ਜਦ ਲਾਹੌਰ ਦੀ ਸ਼ਹਿਰੀ ਵਸੋਂ ਦੇ ਬੇਦੋਸ਼ੇ ਨੌਕਰ ਚਾਕਰ ਸਿੰਘ ਕਤਲ ਕਰਵਾ ਚੁਕਾ ਤੇ ਆਲੇ ਦੁਆਲੇ ਦੇ ਇਲਾਕੇ ਵਿਚੋਂ ਜੋ ਕੋਈ ਲੱਭੇ ਉਨ੍ਹਾਂ ਨੂੰ ਕਤਲ ਕਰਵਾ ਕੇ ਵੇਹਲਾ ਹੋਇਆ ਤਾਂ ਉਸ ਨੇ ਫ਼ੌਜ ਦੀ ਤਿਆਰੀ ਆਰੰਭ ਦਿਤੀ। ਸਾਰੇ ਇਲਾਕੇ ਦੇ ਚੋਧਰੀਆਂ ਨੂੰ ਆਪਣੀਆਂ ਆਪਣੀਆਂ ਛੇੜਾਂ ਤਿਆਰ ਕਰਨ ਲਈ ਪਰਵਾਨੇ ਜਾਰੀ ਕੀਤੇ ਗਏ। ਮੁਲਤਾਨ, ਬਹਾਵਲ ਪੁਰ, ਕਸੂਰ, ਦੁਆਬੇ ਤੇ ਪਹਾੜੋਂ ਫ਼ੌਜਾਂ ਮੰਗਵਾ-ਈਆਂ ਗਈਆਂ ਤੇ ਹੋਰ ਨਵੀਂ ਫ਼ੌਜ ਭਰਤੀ ਕੀਤੀ ਗਈ। ਇਸ ਤਰਾਂ ਲਖਪਤ ਰਾਏ ਨੇ ਅਨਗਿਣਤ ਧਾੜਾਂ ਇਕੱਠੀਆਂ ਕਰ ਕੇ ਤੋਪਾਂ ਜ਼ੰਬੂਰੇ ਤੇ ਰਹਕਲਿਆਂ ਨਾਲ ਸਿੰਘਾਂ ਉਤੇ ਚੜ੍ਹਾਈ ਕਰ ਦਿਤੀ। ਇਸ

੨ ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼ ਸਫ਼ਾ ੩੧੬–੩੧੮।

ਵੇਲੇ ਪੰਦਰਾਂ ਕੁ ਹਜ਼ਾਰ ਸਿੰਘ ਰਾਵੀ ਦੇ ਝੱਲਾਂ ਤੇ ਕਾਹਨੂੰਵਾਣ ਦੇ ਛੰਭ ਵਿਚ ਜਮ੍ਹਾਂ ਸਨ ਤੇ ਜਥੇਦਾਰਾਂ ਵਿਚੋਂ ਪ੍ਰਸਿਧ ਸਰਦਾਰ ਜੱਸਾ ਸਿੰਘ ਜੀ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸੁਕਰਚਕੀਆ, ਸਰਦਾਰ ਸੁਖਾ ਸਿੰਘ ਮਾੜੀ ਕੰਬੋ ਵਾਲਾ ਤੇ ਸਰਦਾਰ ਗੁਰਦਿਆਲ ਸਿੰਘ ਡੱਲੇਵਾਲਾ ਨਾਲ ਸਨ।

ਦੀਵਾਨ ਲਖਪਤ ਰਾਇ ਹੁਣ ਸਿੰਘਾਂ ਦੇ ਮਗਰ ਪੈ ਗਿਆ ਤੇ ਲੱਗਾ ਝੱਲਾਂ ਨੂੰ ਝਾੜਨ। ਸਿੰਘ ਅੱਗੇ ਲਗ ਤੁਰੇ ਤੇ ਲਖਪਤ ਮਗਰ ਦਬੀ ਆਉਂਦਾ ਸੀ। ਸਿੰਘ ਇਸ ਡਾਢੇ ਕੰਡਜਾਲੇ ਬਣ ਦੇ ਭੇਤੀ ਸਨ, ਮਿਰਗਾਂ ਵਾਂਗੂ ਫਿਰੀ ਜਾਂਦੇ, ਪਰ ਸਰਕਾਰੀ ਫ਼ੌਜ ਅੰਦਰ ਨਾ ਵੜਦੀ। ਕਈ ਵੇਰ ਰਾਤ ਵੇਲੇ ਸਿੰਘ ਆਪਣੇ ਘੁਰਨਿਆਂ ਵਿਚੋਂ ਨਿਕਲਕੇ ਫ਼ੌਜ ਤੇ ਆ ਪੈਂਦੇ ਤੇ ਰਸਦ ਪਠਾ ਲੁਟ ਖੋਹਕੇ ਫਿਰ ਝੱਲਾਂ ਵਿਚ ਜਾ ਵੜਦੇ, ਜਿਸ ਨਾਲ ਸ਼ਾਹੀ ਫ਼ੌਜ ਵਿਚ ਬੜੀ ਗੜ-ਬੜੀ ਮਚ ਜਾਂਦੀ। ਕਈ ਵੇਰ ਆਪੋ ਵਿਚ ਛੋਟੀਆਂ ਮੋਟੀਆਂ ਲੜਾਈਆਂ ਵੀ ਹੋਈਆਂ, ਪਰ ਬਹੁਤਿਆਂ ਅੱਗੇ ਥੋੜਿਆਂ ਦੀ ਕੀ ਪੇਸ਼ ਜਾ ਸਕਦੀ ਹੈ? ਇਹ ਹੀ ਨਹੀਂ, ਖਾਣੇ ਦਾਣੇ ਦਾ ਸਾਮਾਨ ਵੀ ਸਿੰਘਾਂ ਪਾਸ ਜੋ ਕੁਛ ਸੀ ਉਹ ਮੁਕ ਚੁਕਾ ਹੋਇਆ ਸੀ। ਹੁਣ ਇਸ ਵੇਲੇ ਨਾ ਤਾਂ ਕੁਛ ਰਸਦ ਦਾ ਸਮਾਨ ਸੀ, ਨਾ ਗੋਲੀ ਬਾਰੂਦ ਦਾ ਕੋਈ ਪਰਬੰਧ। ਸਾਰਾ ਮੱਲ-ਗੁਜ਼ਾਰ ਵੈਰੀ ਸੀ, ਨਾ ਕਿਤੇ ਕੁਛ ਖਾਣ ਨੂੰ ਲਭਦਾ ਸੀ ਦੇ ਨਾ ਕੋਈ ਦਾਰੂ ਸਿੱਕਾ ਦੇਂਦਾ ਸੀ। ਦੂਸਰੇ ਪਾਸੇ ਲਖਪਤ ਪਾਸ ਤੋਪਾਂ ਬੰਦੂਕਾਂ ਮੌਜੂਦ ਸਨ, ਸਰਕਾਰੀ ਫ਼ੌਜਾਂ ਤੇ ਸਾਰੇ ਇਲਾਕੇ ਦੀਆਂ ਛੇੜਾਂ ਦੇ ਕਈ ਲਖ ਆਦਮੀ ਨਾਲ ਸਨ। ਰਸਦ ਪੱਠਾ ਤੇ ਗੋਲੀ ਬਾਰੂਦ ਲਾਹੌਰੋਂ ਬਾਕਾਇਦਾ ਪੁਜ ਰਿਹਾ ਸੀ। ਸਿੰਘਾਂ ਅਤੇ ਦੁਸ਼ਮਨਾਂ ਦਾ ਲੂਣ ਤੇ ਆਟੇ ਦਾ ਭੀ ਮੁਕਾਬਲਾ ਨਹੀਂ ਸੀ, ਪਰ ਫਿਰ ਵੀ ਸਿੰਘ ਕਰਤਾਰ ਦੇ ਆਸਰੇ ਡਟੇ ਹੋਏ ਸਨ।

ਅੰਤ ਸਿੰਘ ਘਾਹ ਪਤੇ ਯਾ ਸ਼ਿਕਾਰ ਮਾਰਕੇ ਖਾ ਕੇ ਗੁਜ਼ਾਰਾ ਕਰਨ ਤੇ ਆ ਰਹੇ ਸਨ ਤੇ ਨਾਲੋ ਨਾਲ ਹੌਲੀ ੨ ਅਗੇ ਪਹਾੜ ਵਲ ਵਧੀ ਜਾ ਰਹੇ ਸਨ। ਲਖਪਤ ਪਾਸਿਆਂ ਤੋਂ ਹੀ ਤੋਪਾਂ ਮਾਰ ਮਾਰ ਕੇ ਸਿੰਘਾਂ ਨੂੰ

ਅੰਦਰ ਹੀ ਭੁੰਨੀ ਜਾਂਦਾ ਸੀ। ਹੁਣ ਜਥੇਦਾਰਾਂ ਤੇ ਸਿਆਣੇ ਸਿੰਘਾਂ ਨੇ ਸੋਚਿਆ ਕਿ ਲੜਾਈ ਦੇ ਢਾਈ ਫੱਟ ਹੋਂਦੇ ਹਨ। ਇਕ ਈਨ ਮੰਨ ਕੇ ਮਿਲ ਪੈਣਾ, ਦੂਜਾ ਵੇਲਾ ਵੇਖ ਕੇ ਮੁੜ ਟਾਕਰਾ ਕਰਨ ਦੀ ਆਸ ਨਾਲ ਹਰਨ ਹੋ ਜਾਣਾ ਤੇ ਅੱਧਾ ਫਟ ਹੈ ਲੜ ਕੇ ਮਰ ਮੁੱਕਣਾ। ਪਹਿਲੇ ਦਾ ਤਾਂ ਨਾ ਹੀ ਨਾ ਲਓ। ਐਸ ਵੇਲੇ ਪਿਛਲਾ ਡੇਢ ਹਥ ਹੀ ਅਸੀਂ ਕਰ ਸਕਦੇ ਹਾਂ। ਦੁਸ਼ਮਨ ਪਾਸ ਤੋਪਾਂ ਤੇ ਰਸਾਲਾ ਹੈ, ਪਰ ਸਾਡੇ ਵਿਚੋਂ ਬਹੁਤ ਸਾਰੇ ਪੈਦਲ ਹੀ ਹਨ ਇਸ ਲਈ ਜ਼ਰੂਰੀ ਹੈ ਕਿ ਹੋਰ ਕੁਝ ਕਰਨ ਤੋਂ ਪਹਿਲਾਂ ਅਸੀਂ ਘੋੜੇ ਪ੍ਰਾਪਤ ਕਰਨ ਦਾ ਯਤਨ ਕਰੀਏ। ਸੋ ਫੈਸਲਾ ਕੀਤਾ ਗਿਆ ਕਿ ਪਹਿਲਾਂ ਭਜ ਨਿਕਲਨ ਦਾ ਬਹਾਨਾ ਕਰੀਏ ਤੇ ਫੇਰ ਝੱਟ ਪਿਛੇ ਮੁੜ ਕੇ ਡਟਵਾਂ ਮੁਕਾਬਲਾ ਕਰ ਕੇ ਘੋੜੇ ਖੱਸ ਲਈਏ । ਸੋ ਇਕ ਦਿਨ ਇਸੇ ਤਰ੍ਹਾਂ ਹੀ ਕੀਤਾ ਕਿ ਲੌਢੇ ਕੁ ਵੇਲੇ ਭਜ ਨਿਕਲੇ ਤੇ ਜਦ ਦੁਸ਼ਮਨ ਨੂੰ ਖਿਆਲ ਹੋ ਗਿਆ ਕਿ ਸਿੰਘ ਨੇੜੇ ਨਹੀਂ ਰਹੇ ਤਾਂ ਸਿੰਘਾਂ ਨੇ ਰਾਤ ਅਵੇਸਲੇ ਹੀ ਆ ਛਾਪਾ ਮਾਰਿਆ, ਫ਼ੌਜ ਵਿਚ ਭਾਜੜ ਜਿਹੀ ਪੈ ਗਈ ਤੇ ਸਿੰਘਾਂ ਨੇ ਸ਼ਤਰੂਆਂ ਦੇ ਕਈ ਆਦਮੀਆਂ ਦੇ ਆਹੂ ਲਾਹ ਕੇ ਘੋੜੇ ਖੋਹ ਲਏ ਤੇ ਫਿਰ ਝੱਲ ਵਿਚ ਆ ਵੜੇ ।

ਸਿੰਘ ਪਹਾੜਾਂ ਵਲ ਗਏ, ਪਰ ਪਹਾੜੀਏ ਸਿੰਘਾਂ ਦੇ ਕਿਧਰ ਦੇ ਯਾਰ ਸਨ ? ਹਾਲਾਂ ਕਲ ਦੀ ਗੱਲ ਸੀ ਕਿ ਪਹਿਲਾਂ ਇਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਆਪਣੀ ਕੁਮਕ ਲਈ ਸਦਿਆ ਅਤੇ ਜਦ ਸਿੰਘ ਜੀ ਨੇ ਇਨ੍ਹਾਂ ਦੇ ਵੈਰੀ ਸੋਧ ਕਢੇ ਤਾਂ ਉਹ ਉਸ ਦੀ ਜਾਨ ਦੇ ਲਾਗੂ ਹੋ ਗਏ ਸਨ ਅਤੇ ਬੰਦਾ ਸਿੰਘ ਦੀ ਫ਼ੌਜ ਦੇ ਕਈ ਸਿੰਘ ਇਨ੍ਹਾਂ ਨੇ ਦੁਸ਼ਮਨਾਂ ਦੇ ਹਵਾਲੇ ਕਰ ਦਿਤੇ ਸਨ। ਭੋਲੇ ਖਾਲਸੇ ਇਹ ਸਭ ਕੁਛ ਭੁਲ ਭੁਲਾ ਕੇ ਬਸੋਹਲੀ ਵਲ ਨੂੰ ਹੋਏ ਕਿ ਇਹ ਪਹਾੜੀ ਹਿੰਦੂ ਹਨ, ਅਸਾਂ ਇਨ੍ਹਾਂ ਦੇ ਸਿਰੋਂ ਜ਼ੁਲਮੀ ਛਟ ਲਾਹੀ ਹੋਈ ਹੈ, ਉਹ ਜ਼ਰੂਰ ਸਾਡੀ ਸਹਾਇਤਾ ਕਰਨਗੇ 'ਪਰ ਪਹਾੜੀਏ ਯਾਰ ਕਿਸ ਕੇ' ? ਬਹੁਤ ਸਾਰੇ ਪਹਾੜੀਏ ਬਸੋਹਲੀ ਜੁੜੇ ਹੋਏ ਸਨ। ਸਿੰਘਾਂ ਇਹ ਸਮਝਿਆ ਕਿ ਇਹ ਸਾਨੂੰ ਲੈਣ

ਸਿੱਖ ਇਤਿਹਾਸ ਬਾਰੇ

ਪ੍ਰੋ: ਗੰਡਾ ਸਿੰਘ 'ਕੇਵਲ'
ਰੀਸਰਚ ਸਕਾਲਰ ਖ਼ਾਲਸਾ ਕਾਲਜ
ਅੰਮ੍ਰਿਤਸਰ

2/-

ਲਾਹੌਰ ਬੁਕ ਸ਼ਾਪ

ਅੰਮ੍ਰਿਤਸਰ
ਹਿੰਦ ਮਾਰਕੀਟ

ਲਾਹੌਰ
ਨਿਸਬਤ ਰੋਡ ਤੇ ਮੋਹਨ ਲਾਲ ਰੋਡ

ਸਿੱਖ ਇਤਿਹਾਸ ਬਾਰੇ

ਪ੍ਰੋ: ਗੰਡਾ ਸਿੰਘ 'ਕੋਮਲ'
ਰੀਸਰਚ ਸਕਾਲਰ ਖ਼ਾਲਸਾ ਕਾਲਜ
ਅੰਮ੍ਰਿਤਸਰ

2/-

ਲਾਹੌਰ ਬੁਕ ਸ਼ਾਪ

ਅੰਮ੍ਰਿਤਸਰ
ਨਿਊ ਮਾਰਕੀਟ

ਲਾਹੌਰ
ਨਿਸਬਤ ਰੋਡ ਤੇ ਮੋਹਨ ਲਾਲ ਰੋਡ

ਸਿੱਖ ਇਤਿਹਾਸ ਬਾਰੇ

ਪ੍ਰੋ: ਗੰਡਾ ਸਿੰਘ 'ਕੇਵਲ'

ਰੀਸਰਚ ਸਕਾਲਰ ਖ਼ਾਲਸਾ ਕਾਲਜ

ਅੰਮ੍ਰਿਤਸਰ

2/-

ਲਾਹੌਰ ਬੁਕ ਸ਼ਾਪ

ਅੰਮ੍ਰਿਤਸਰ
ਹਿੰਦ ਮਾਰਕੀਟ

ਲਾਹੌਰ
ਨਿਸਬਤ ਰੋਡ ਤੇ ਮੋਹਨ ਲਾਲ ਰੋਡ

ਸਿੱਖ ਇਤਿਹਾਸ ਬਾਰੇ

ਪ੍ਰੋ: ਗੰਡਾ ਸਿੰਘ 'ਕੋਵਲ'
ਰੀਸਰਚ ਸਕਾਲਰ ਖ਼ਾਲਸਾ ਕਾਲਜ
ਅੰਮ੍ਰਿਤਸਰ

2/-

ਲਾਹੌਰ ਬੁਕ ਸ਼ਾਪ

ਅੰਮ੍ਰਿਤਸਰ
ਦ ਮਾਰਕੀਟ

ਲਾਹੌਰ
ਨਿਸਬਤ ਰੋਡ ਤੇ ਮੋਹਨ ਲਾਲ ਰੋਡ

ਮਤਾ ਪਕਾਇਆ ਕਿ ਹੁਣ ਤਾਂ ਇਕੋ ਦਾਉ ਰਹਿ ਗਿਆ ਹੈ ਕਿ ਜਿਵੇਂ ਹੋ ਸਕੇ ਵੈਰੀਆਂ ਨੂੰ ਚੀਰ ਕੇ ਨਿਕਲਨ ਦੀ ਕਰੀਏ ਤੇ ਮਾਲਵੇ ਚਲ ਵੜੀਏ। ਕੋਈ ਕਹੇ ਸਾਰੀਂ ਪਾਸੀਂ ਫ਼ੌਜ ਤੇ ਤੋਪਾਂ ਹਨ, ਕਿਸੇ ਪਾਸੇ ਨਿਕਲ ਸਕਣ ਲਈ ਵਿਥ ਨਹੀਂ, ਕੋਈ ਕਹੇ ਦਰਯਾ ਵਿਚ ਚਲ ਵੜੋ, ਕੋਈ ਕਹੇ ਜਿਥੇ ਥੋੜੀ ਫ਼ੌਜ ਹੈ ਉਥੋਂ ਨਿਕਲ ਚਲੋ ਤੇ ਕਈ ਕਹਿਣ ਕਿ ਮੁੜ ਪਹਾੜੀਂ ਹੀ ਚਲ ਚੜ੍ਹੋ। ਇਹ ਗੱਲਾਂ ਹੋ ਰਹੀਆਂ ਸਨ ਕਿ ਸਰਦਾਰ ਸੁਖਾ ਸਿੰਘ ਜੀ ਨੇ ਕਿਹਾ ਕਿ ਹੁਣ ਸਿਧੇ ਹੋ ਕੇ ਡਟੋ, ਆਓ ਮੈਂ ਅਗੇ ਲਗਦਾ ਹਾਂ, ਹੁਣ ਜਾਨ ਪਿਆਰੀ ਨਾ ਕਰੋ ਤੇ ਮੇਰੇ ਮਗਰ ਮਗਰ ਆਓ। ਇਹ ਕਹਿ ਕੇ ਉਹ ਮੋਹਰੇ ਹੋਏ ਤੇ ਕਸੀਸ ਵੱਟਕੇ ਯਕਾ-ਯੱਕ ਟੁੱਟ ਪਏ। ਇਸ ਅਚਨਚੇਤ ਹਮਲੇ ਨੇ ਵੈਰੀ ਦੀਆਂ ਕਤਾਰਾਂ ਤੋੜ ਦਿਤੀਆਂ ਤੇ ਸਿੰਘ ਵੈਰੀ ਨੂੰ ਮਾਰਦੇ ਕਟਦੇ ਚੀਰਦੇ ਨਿਕਲਦੇ ਚਲੇ ਗਏ। ਪਰ ਪਿਛਲਿਆਂ ਤੇ ਵੈਰੀ ਨੇ ਹੱਲਾ ਕਰ ਦਿੱਤਾ। ਜੇਹੜਾ ਵੀ ਸਿਖ ਉਨ੍ਹਾਂ ਦੇ ਹਥ ਆਇਆ ਕਤਲ ਕਰ ਦਿਤਾ ਗਿਆ। ਜਿਸ ਰਾਹ ਸੁਖਾ ਸਿੰਘ ਜੀ ਗਏ ਸਨ ਉਨ੍ਹਾਂ ਦੇ ਮਗਰ ਮਗਰ ਲਖਪਤ ਵੀ ਹੋ ਤੁਰਿਆ। ਸਿਖ ਲੜਦੇ ਭਿੜਦੇ ਅਗੇ ਵਧਦੇ ਬੇਲੇ ਵਿਚ ਵੜ ਗਏ।

ਬੇਲੇ ਵਿਚ ਵਝਦਿਆਂ ਸਿੰਘਾਂ ਨੂੰ ਰਾਤ ਪੈ ਗਈ ਤੇ ਪਿਛੇ ਆ ਰਿਹਾ ਵੈਰੀ ਸਿਖਾਂ ਨੂੰ ਹਥੋਂ ਨਿਕਲ ਗਿਆ ਜਾਣ ਨਿਰਾਸ ਹੋਕੇ ਮੁੜ ਆਇਆ। ਇਹ ਗਲ ਦੋ ਜੇਠ ੧੮੦੩ ਬਿਕ੍ਰਮੀ ਦੀ ਹੈ।

ਅੱਧੀ ਕੁ ਰਾਤ ਨੂੰ ਸ: ਜੱਸਾ ਸਿੰਘ ਤੇ ਸੁਖਾ ਸਿੰਘ ਜੀ ਨੇ ਕਿਹਾ ਕਿ ਖਾਲਸਾ ਜੀ, ਵੈਰੀਆਂ ਨੂੰ ਹਥ ਦਿਖਾਉਣ ਦਾ ਹੁਣ ਵੇਲਾ ਹੈ, ਸਾਨੂੰ ਹਰਨ ਹੋ ਗਿਆ ਵੇਖ ਕੇ ਉਹ ਬੇਖਟਕੇ ਹੋ ਗਏ ਹਨ, ਹੁਣ ਉਨ੍ਹਾਂ ਨੂੰ ਊਂਘ ਨੇ ਦਬਾਇਆ ਹੋਇਆ ਹੈ, ਇਸ ਵੇਲੇ ਅਸੀਂ ਅਗਲੇ ਸਫ਼ਰ ਨੂੰ ਤੈ ਕਰਨ ਤੇ ਜੰਗ ਜਾਰੀ ਰਖਣ ਲਈ ਉਨ੍ਹਾਂ ਪਾਸੋਂ ਘੋੜੇ ਤੇ ਸ਼ਸਤਰ ਸੁਖਾਲੇ ਹੀ ਲਿਆ ਸਕਾਂਗੇ। ਇਹ ਗਲ ਸਰਬੱਤ ਖਾਲਸੇ

ਨੇ ਪ੍ਰਵਾਨ ਕਰ ਲਈ ਤੇ ਧਾਵਾ ਕਰ ਕੇ ਉਨ੍ਹਾਂ ਉੱਤੇ ਜਾ ਪਏ । ਝਟਾ ਪੱਟ ਬੇਸ਼ੁਮਾਰਾਂ ਨੂੰ ਕਟ ਚੰਗੇ ਚੰਗੇ ਘੋੜੇ ਤੇ ਹਥਿਆਰ ਲੈਕੇ ਵੈਰੀਆਂ ਦੇ ਸੁਚੇਤ ਹੋਣ ਤੋਂ ਪਹਿਲਾਂ ਹੀ ਤੀਰ ਹੋ ਆਏ ਤੇ ਅਗੇ ਨੂੰ ਚਾਲੇ ਪਾ ਦਿਤੇ। ਪਰ ਮਗਰ ਹੀ ਵੈਰੀ ਖੋਜ ਕਰਦੇ ਆ ਰਹੇ ਸਨ ਤੇ ਡਿਗੇ ਢਠੇ ਪਰ ਆਪਣਾ ਗੁੱਸਾ ਕੱਢ ਰਹੇ ਸਨ। ਜੇ ਕਿਤੇ ਦੋ ਦੋ ਚਾਰ ਚਾਰ ਸਿੰਘ ਹਥ ਆ ਜਾਂਦੇ ਤਦ ਉਨ੍ਹਾਂ ਨੂੰ ਮਾਰ ਮੁਕਾਉਂਦੇ ਸਨ। ਪਰ ਜੇਹੜਾ ਵੀ ਕੋਈ ਅੱਗੇ ਵਧ ਕੇ ਝਾੜ ਵਿਚ ਵੜਿਆ, ਸਿੰਘਾਂ ਨੇ ਝਾੜ ਸੁਟਿਆ । ਹੁਣ ਖਾਲਸੇ ਨੇ ਮਤਾ ਪਕਾਇਆ ਕਿ ਇਸ ਤਰ੍ਹਾਂ ਇਹ ਸਾਨੂੰ ਹੁਣ ਨੱਠਣ ਨਹੀਂ ਦੇਣਗੇ ਇਸ ਕਰਕੇ ਮੁੜ ਮੁੜ ਕੇ ਲੜੋ ਤੇ ਦੱਾ ਬਚਾ ਕੇ ਅਗੇ ਨੂੰ ਤੁਰੀ ਚਲੋ । ਇਨ੍ਹਾਂ ਛੋਟੇ ਝੱਲਾਂ ਵਿਚ ਇਹ ਸਾਨੂੰ ਖੁਆਰ ਕਰਨਗੇ, ਅਤੇ ਵਡੇ ਝਲਾਂ ਵਿਚ ਅਸੀਂ ਇਨ੍ਹਾਂ ਨੂੰ ਅੱਡੇ ਨਹੀਂ ਲਗਣ ਦਿਆਂਗੇ ਇਸ ਕਰ ਕੇ ਕਿਸੇ ਵਡੇ ਝਲ ਵਲ ਹੋ ਚਲਣਾ ਚਾਹੀਦਾ ਹੈ।

ਉਧਰੋਂ ਲਖਪਤ ਰਾਏ ਨੇ ਮੁਲਖੀਆ ਇੱਕਠਾ ਕਰ ਕੇ ਝਲਾਂ ਵਿਚ ਵਾੜ ਦਿੱਤਾ । ਮੋਹਰੇ ਮੋਹਰੇ ਢੋਲ ਵਜਦਾ ਤੇ ਮਗਰ ਮਗਰ ਬੰਦੂਕਾਂ, ਸੇਲੇ ਛਵੀਆਂ, ਨੇਜੇ ਤੇ ਕੁਹਾੜੀਆਂ ਲਈ ਪਿੰਡਾਂ ਦੀਆਂ ਛੇੜਾਂ ਸਿੰਘਾਂ ਨੂੰ ਝਲਾਂ ਵਿਚ ਐਉਂ ਲਭਣ ਲਗੀਆਂ ਜਿਵੇਂ ਸ਼ਿਕਾਰੀ ਕੁੱਤੇ ਹਰਨਾਂ ਪਿੱਛੇ ਪਏ ਹੁੰਦੇ ਹਨ। ਇਹ ਵੇਲਾ ਸਿੰਘਾਂ ਲਈ ਬੜਾ ਔਖਾ ਸੀ, ਪਰ ਖਾਲਸੇ ਨੇ ਵਾਹਿਗੁਰੂ ਨੂੰ ਧਿਆ ਕੇ ਅਗੇ ਵਧੀ ਜਾਂਦਿਆਂ ਪਿਛੇ ਮੁੜ ਮੁੜ ਕੇ ਉਹ ਹੱਲੇ ਕੀਤੇ ਕਿ ਮੁਲਖੱਈਆ ਭੱਜ ਨਿਕਲਿਆ। ਸੱਟ ਖਾ ਕੇ ਝੁੰਜਲਾਏ ਹੋਏ ਸ਼ੇਰਾਂ ਦਾ ਮੁਕਾਬਲਾ ਕਰਨਾ ਕੋਈ ਸੌਖੀ ਗਲ ਨਹੀਂ, ਜਾਨਾਂ ਹੀਲ ਕੇ ਲੜਨ ਵਾਲੇ ਸੂਰਮਿਆਂ ਦੇ ਸਾਹਮਣੇ ਪਿੰਡਾਂ ਦੀਆਂ ਛੇੜਾਂ ਤੇ ਸਰਕਾਰੀ ਸਿਪਾਹੀਆਂ ਨੇ ਕੀ ਖੜਾ ਹੋਣਾ ਸੀ ? ਸਿੰਘਾਂ ਦੇ ਤਲਵਾਰਾਂ ਧੂਹ ਕੇ ਅਕਾਲ ਅਕਾਲ ਗਜਾਂਦੇ ਇਨ੍ਹਾਂ ਵਲ ਹੋਣ ਦੀ ਦੇਰ ਸੀ ਕਿ ਸਭ ਨੂੰ ਆਪੋ ਆਪਣੀ ਪੈ ਗਈ ਤੇ

ਉਨ੍ਹਾਂ ਨੇ ਜਾਨਾਂ ਬਚਾ ਕੇ ਭਜਣ ਦੀ ਕੀਤੀ।

ਸਿੰਘ ਰਾਵੀ ਦੇ ਕੰਢੇ ਕੰਢੇ ਝੱਲੋ ਝਲ ਲਾਹੌਰ ਵਲ ਨੂੰ ਆ ਰਹੇ ਸਨ ਤੇ ਲਖਪਤ ਵੀ ਦੱਬੀ ਚਲਿਆ ਆ ਰਿਹਾ ਸੀ, ਇਸ ਕਰ ਕੇ ਵਿਚਾਰ ਹੋਈ ਕਿ ਦਰਿਆ ਟੱਪ ਕੇ ਪਾਰ ਹੋ ਜਾਈਏ। ਸਿਖਰ ਦੁਪਹਿਰ ਦੇ ਵੇਲੇ ਦਰਿਆ ਦੇ ਕੰਢੇ ਤੇ ਪੁੱਜੇ ਤੇ ਦੱਬ ਦੇ ਤੁਲ੍ਹੇ ਬਣਾ ਕੇ ਪਾਰ ਹੋਣਾ ਅਰੰਭ ਕਰ ਦਿੱਤਾ। ਦਰਿਆ ਦੇ ਪਰਲੇ ਕੰਢੇ ਨਾਲ ਤਿੰਨ ਮੀਲ ਦੀ ਇਕ ਤਕੜੀ ਬ੍ਰੇਤੀ ਸੀ ਜਿਸ ਦੀ ਰੇਤ ਤੱਤੇ ਤਵਿਆਂ ਵਾਂਗ ਭਖ ਰਹੀ ਸੀ। ਘੋੜਿਆਂ ਵਾਲੇ ਤੇ ਕਟ ਗੁਜ਼ਰੇ ਪਰ ਪੈਦਲ ਸਿੰਘਾਂ ਦੇ ਨੰਗੇ ਵਾਹਣੇ ਪੈਰ ਸੜ ਸੜ ਜਾਣ ਤੇ ਉਹ ਲਗੇ ਫੜਕ ਫ਼ੜਕ ਕੇ ਡਿੱਗਣ। ਜੁਤੀਆਂ ਤਾਂ ਇਨ੍ਹਾਂ ਕੋਲ ਹੈਨ ਹੀ ਨਹੀਂ ਸਨ ਤੇ ਵਾਧੂ ਕਪੜਾ ਵੀ ਕੋਈ ਨਹੀਂ ਸੀ। ਆਖਰ ਉਨ੍ਹਾਂ ਵਿਚਾਰਿਆਂ ਤਨ ਦੇ ਕਪੜੇ ਪਾੜ ਕੇ ਪੈਰਾਂ ਨੂੰ ਬੰਨ੍ਹੇ। ਜਦ ਬੈਠ ਕੇ ਕਪੜੇ ਬੰਨ੍ਹਣ ਤਾਂ ਹੇਠੋਂ ਪਟ ਤੇ ਚਿਤੜ ਸੜਨ। ਕਈਆਂ ਵਿਚਾਰਿਆਂ ਦੇ ਛਾਲੇ ਪੈ ਗਏ ਤੇ ਤੁਰਨੋ ਆਤਰ ਹੋ ਗਏ। ਪਰ ਫੇਰ ਭੀ ਉਹ ਕਸੀਸ ਵੱਟੀ ਦੱਬੀ ਹੀ ਗਏ।

ਇਹ ਸਿਖ ਇਤਿਹਾਸ ਵਿਚ ਪਹਿਲਾ ਦਿਨ ਸੀ, ਜਦ ਕਿ ਕਿਸੇ ਇਕ ਦਿਨ ਵਿਚ ਸਿੰਘਾਂ ਦਾ ਇਤਨਾ ਜ਼ਿਆਦਾ ਨੁਕਸਾਨ ਹੋਇਆ ਹੋਵੇ। ਦੀਵਾਨ ਲਖਪਤ ਰਾਏ ਦੀ ਚੜ੍ਹਾਈ ਵੇਲੇ, ਕੋਈ ਪੰਦਰਾਂ ਕੁ ਹਜ਼ਾਰ ਸਿੰਘ ਕਾਹਨੂਵਾਨ ਦੇ ਛੰਭ ਵਿਚ ਸਨ ਪਰ ਜੇਹੜੇ ਹੁਣ ਇਥੋਂ ਬਚ ਕੇ ਸ੍ਰ: ਸੁਖਾ ਸਿੰਘ ਜੀ ਦੇ ਜਥੇ ਨਾਲ ਮਾਲਵੇ ਪੁੱਜੇ ਉਹ ਕੇਵਲ ਦੋ ਤਿੰਨ ਹਜ਼ਾਰ ਹੀ ਸਨ, ਕੁਛ ਥੋੜੇ ਥੋੜੇ ਪਹਾੜੋ ਪਹਾੜ ਹੋ ਕੇ ਬਚ ਨਿਕਲੇ ਹੋਣਗੇ। ਉਨ੍ਹਾਂ ਦੀ ਗਿਣਤੀ ਵੀ ਬਹੁਤੀ ਨਹੀਂ ਹੋ ਸਕਦੀ। ਸਾਰੇ ਮਿਲ ਮਿਲਾ ਕੇ ਚਾਰ ਸਾਢੇ ਚਾਰ ਹਜ਼ਾਰ ਹੋਣਗੇ। ਇਸ ਹਿਸਾਬ ਦਸ ਗਿਆਰਾਂ ਹਜ਼ਾਰ ਦੇ ਵਿਚਕਾਰ ਸਿੰਘ ਇਸ ਜੰਗ ਵਿਚ ਸ਼ਹੀਦ ਹੋਏ ਸਨ। ਇਹ ਇਤਨਾ ਜ਼ਿਆਦਾ ਨੁਕਸਾਨ ਸੀ ਕਿ ਇਸ ਜੰਗ ਦਾ ਨਾਮ ਘਲੂ-ਘਾਰਾ ਪੈ ਗਿਆ ਅਤੇ ਸਿਖ ਇਤਿਹਾਸ ਵਿਚ ਇਹ ਪਹਿਲਾ ਛੋਟਾ ਘਲੂ ਘਾਰਾ ਕਰਕੇ ਪ੍ਰਸਿੱਧ ਹੈ। ਦੂਸਰਾ ਤੇ ਵਡਾ ਘਲੂ ਘਾਰਾ ਕੁਪ ਰਹੀੜੇ ਦੇ ਮੈਦਾਨ

ਵਿਚ ੨੮ ਮਾਘ ਸੰਮਤ ੧੮੧੮ ਮੁਤਾਬਕ ੧੦ ਫਰਵਰੀ ੧੭੬੨ ਨੂੰ ਅਹਿਮਦ ਸ਼ਾਹ ਦੁੱਰਾਨੀ ਦੇ ਛੇਵੇਂ ਹਮਲੇ ਵੇਲੇ ਵਰਤਿਆ ਸੀ, ਜਦ ਕਿ ੧੮-੨੦ ਹਜ਼ਾਰ ਸਿੰਘ ਸ਼ਹੀਦ ਹੋਏ ਸਨ।

ਮਾਲਵੇ ਨੂੰ ਚਾਲੇ-

ਹੁਣ ਇਲਾਕਾ ਰਾਮੇ ਰੰਧਾਵੇ ਦਾ ਸੀ। ਰਾਮੇ ਨੂੰ ਅੱਗੇ ਹੀ ਸਿੰਘਾਂ ਨਾਲ ਕੋਈ ਰੱਬ ਵਾਸਤੇ ਦਾ ਵੈਰ ਸੀ। ਇਸ ਨੇ ਇਨ੍ਹਾਂ ਦੇ ਮਗਰ ਛੇੜਾਂ ਲਾ ਦਿਤੀਆਂ। ਸਿੰਘਾਂ ਨੇ ਇਕ ਅੱਧਾ ਦਿਨ ਝੱਲਾਂ ਵਿਚ ਕੱਟਿਆ। ਫਿਰ ਪਿੰਡਾਂ ਦੀਆਂ ਛੇੜਾਂ ਨੂੰ ਮਾਰ ਕੁਟ ਕੇ ਰਸਤਾ ਬਣਾ ਕੇ ਸ੍ਰੀ ਹਰਿਗੋਬਿੰਦ ਪੁਰ ਦੇ ਪਤਨ ਪੁਜੇ। ਅੱਗੋਂ ਮਲਾਹਾਂ ਨੇ ਬੇੜੀਆਂ ਖਿਚ ਲਈਆਂ। ਪਰ ਸਿੰਘ ਗਾਹਣੇ ਪੈ ਕੇ ਦਰਿਆ ਤੋਂ ਲੰਘ ਗਏ। ਹੁਣ ਮੀਰਕੋਟ ਦੀ ਝਿੜੀ ਵਿਚ ਜਾ ਸਿੰਘਾਂ ਨੇ ਡੇਰਾ ਕੀਤਾ। ਆਲੇ ਦੁਆਲੇ ਦੇ ਪਿੰਡਾਂ ਤੋਂ ਰਸਦ ਪੱਠਾ ਲਿਆ ਘੋੜੇ ਤਾਂ ਚੁਗਣੇ ਛਡ ਦਿਤੇ ਤੇ ਆਪ ਲੰਗਰ ਦੇ ਆਹਰ ਲਗ ਪਏ। ਸਿੰਘ ਕਈ ਦਿਨਾਂ ਦੇ ਭੁੱਖੇ ਸਨ ਤੇ ਇਸ ਭਾਜੜ ਵਿਚ ਭਾਂਡਾ ਟੀਂਡਾ ਉਨ੍ਹਾਂ ਪਾਸ ਕੋਈ ਨਹੀਂ ਸੀ ਤੇ ਨਾ ਹੀ ਕੋਈ ਮੰਗਿਆਂ ਦਿੰਦਾ ਸੀ। ਇਸ ਵਾਸਤੇ ਉਨ੍ਹਾਂ ਢਾਲਾਂ ਉੱਤੇ ਹੀ ਪ੍ਰਸ਼ਾਦੇ ਸਜਾਏ। ਅਜੇ ਸਾਰਿਆਂ ਪ੍ਰਸ਼ਾਦੇ ਨਹੀਂ ਛਕੇ ਸਨ ਕਿ ਰਾਮਾ ਪਠਾਣਾਂ ਤੇ ਅਲਾਵਲਪੁਰ ਆਦਿਕ ਦੇ ਮੁਸਲਮਾਨਾਂ ਨੂੰ ਨਾਲ ਲੈ ਕੇ ਆ ਵਜਿਆ। ਉਸ ਨੂੰ ਤਾਂ ਸਿੰਘ ਸੋਧ ਕਢਦੇ, ਪਰ ਪਿੱਛੋਂ ਖ਼ਬਰ ਪੁੱਜੀ ਕਿ ਲਖਪਤ ਭੀ ਬਿਆਸ ਨੂੰ ਟੱਪ ਆਇਆ ਹੈ। ਇਸ ਕਰ ਕੇ ਸਿੰਘਾਂ ਨੇ ਸਬਰ ਦੇ ਘੁਟ ਪੀ ਕੇ ਵਾਗਾਂ ਫੜ ਲਈਆਂ। ਅਲੀਵਾਲ ਦੇ ਪਤਣੋਂ ਸਤਲੁਜ ਲੰਘ ਕੇ ਮਾਲਵੇ ਜਾ ਵੜੇ ਤੇ ਬਾਗੜਾਂ ਵਿਚ ਜਿਥੇ ਕਿਥੇ ਦੀ ਸਿਆਣ ਸੀ ਯਾ ਨਹੀਂ ਸੀ, ਉਤਰ ਪਏ ਅਤੇ ਸੁਖ ਦਾ ਸਾਹ ਲੈਣ ਲਗੇ। ਸ: ਸੁਖਾ ਸਿੰਘ ਜੀ ਨੇ ਜੈਤੋ ਜਾ ਕੇ ਕਮਰਕੱਸਾ ਖੋਹਲਿਆ ਅਤੇ ਲੱਤ ਦੀ ਮਾਲਸ਼ ਕਰਵਾਈ। ਪੰਜ ਛੀ ਮਹੀਨੇ ਤਾਂ ਇਹ ਸੂਰਮਾਂ ਮੰਜੇ ਤੇ ਹੀ ਪਿਆ ਰਿਹਾ। ਫਿਰ ਤਕੜਾ ਹੋ ਗਿਆ ਤੇ ਪਹਿਲੇ ਵਾਂਗ

ਹੀ ਮੁਹਿੰਮਾਂ ਮਾਰਨ ਲਗ ਪਿਆ।

ਇਥੇ ਉਨ੍ਹਾਂ ਸਿੰਘਾਂ ਦਾ ਹਾਲ ਭੀ ਦਸਣਾ ਜ਼ਰੂਰੀ ਹੈ ਜੋ ਪੜੋਲ ਕਠੂਹੇ ਰਹਿ ਗਏ ਸਨ। ਇਨ੍ਹਾਂ ਵਿਚੋਂ ਬਹੁਤ ਤਾਂ ਪਹਾੜਾਂ ਤੇ ਚੜ੍ਹਦੇ ਪਹਿਲੇ ਹੱਲੇ ਹੀ ਸ਼ਹੀਦ ਹੋ ਗਏ ਸਨ, ਪਰ ਜੇਹੜੇ ਉਪਰ ਚੜ੍ਹੇ ਉਨ੍ਹਾਂ ਨੂੰ ਪਹਾੜੀਆਂ ਨੇ ਰਸਿਆਂ ਨਾਲ ਰੋਕ ਕੇ ਖੱਡਾਂ ਤੇ ਦਰਿਆਂ ਵਿਚ ਠੇਲ੍ਹ ਦਿਤਾ, ਕਈਆਂ ਨੂੰ ਗਲੇ ਵਿਚ ਰਸੇ ਪਾਕੇ ਫਸਾ ਲਿਆ ਤੇ ਦੀਵਾਨ ਲਖਪਤ ਰਾਏ ਦੇ ਫ਼ੌਜੀਆਂ ਦੇ ਹਵਾਲੇ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਮਾਰ ਦਿਤਾ। ਫਿਰ ਭੀ ਕੁਝ ਲੜਦੇ ਭਿੜਦੇ ਪਹਾੜ ਦੇ ਸਿਖਰ ਤੇ ਚੜ੍ਹ ਹੀ ਗਏ। ਪਰ ਉਨ੍ਹਾਂ ਨੂੰ ਖਾਣਾ ਦਾਣਾ ਕੋਈ ਨਾ ਦੇਵੇ। ਉਹ ਲਗੇ ਭੁਖੇ ਮਰਨ ਤੇ ਕਦੇ ਕਦੇ ਲੁਟ ਮਾਰ ਕਰ ਕੇ ਗੁਜ਼ਾਰਾ ਕਰਨ। ਹੁਣ ਆਲੇ ਦੁਆਲੇ ਦੇ ਸਾਰੇ ਪਰਬਤੀ ਉਨ੍ਹਾਂ ਦੇ ਪੇਸ਼ ਪੈ ਗਏ ਤੇ ਉਨ੍ਹਾਂ ਦੇ ਭਾ ਦੀ ਬੜੀ ਮੁਸੀਬਤ ਬਣ ਗਈ। ਕੋਈ ਉਨ੍ਹਾਂ ਦੇ ਲਾਗੇ ਨਾ ਢੁਕੇ ਤੇ ਨਾ ਕੋਈ ਰਾਜਾ ਉਨ੍ਹਾਂ ਨੂੰ ਧੀਰ ਦੇਵੇ। ਆਖਰ ਸਿੰਘ ਭੇਸ ਬਦਲ ਕੇ ਮੰਡੀ ਤੇ ਕੁਲੂ ਨੂੰ ਚੜ੍ਹ ਗਏ ਤੇ ਨੌਕਰੀਆਂ ਕਰ ਕੇ ਗੁਜ਼ਾਰਾ ਕਰਨ ਲਗੇ। ਫਿਰ ਪੰਜ ਛੀ ਮਹੀਨੇ ਪਿਛੋਂ ਕੀਰਤਪੁਰ ਨੂੰ ਉਤਰ ਆਏ ਤੇ ਉਥੋਂ ਮਾਲਵੇ ਵਿਚ ਦਲ ਨਾਲ ਆ ਰਲੇ।

ਬਹੁਤ ਸਾਰੇ ਸਿੰਘ ਬਸੋਹਲੀ ਦੇ ਪਹਾੜੀਆਂ ਦੇ ਫੰਧੇ ਵਿਚ ਫਸ ਗਏ ਸਨ। ਇਹ ਉਨ੍ਹਾਂ ਨੇ ਦੀਵਾਨ ਲਖਪਤ ਰਾਏ ਦੇ ਹਵਾਲੇ ਕਰ ਦਿਤੇ। ਇਨ੍ਹਾਂ ਦੀ ਗਿਣਤੀ ਇਕ ਹਜ਼ਾਰ ਦੇ ਕਰੀਬ ਸੀ। ਇਸ ਨੇ ਇਨ੍ਹਾਂ ਨੂੰ ਖੋਤਿਆਂ ਤੇ ਚੜ੍ਹਾ ਕੇ ਦਿਲੀ ਦਰਵਾਜ਼ੇ ਦੇ ਬਾਹਰ ਬੜੀ ਬੇਦਰਦੀ ਨਾਲ ਕਤਲ ਕਰਵਾ ਦਿਤਾ। ਸਿਰਾਂ ਦੇ ਮੁਨਾਰੇ ਚਿਣਵਾਏ ਗਏ ਤੇ ਉਨ੍ਹਾਂ ਦੇ ਸਰੀਰ ਉਥੇ ਦਬਵਾਏ ਗਏ ਜਿਥੇ ਕਿ ਸ਼ਹੀਦ-ਗੰਜ ਹੈ।[੧]

੧ ਪਹਿਲੇ ਘਲੂ ਘਾਰੇ ਦਾ ਵਿਸਥਾਰ ਨਾਲ ਹਾਲ ਕੇਵਲ ਭੰਗੂ ਰਤਨ ਸਿੰਘ ਨੇ ਹੀ ਪੰਥ ਪ੍ਰਕਾਸ਼ ਵਿਚ ਦਿਤਾ ਹੈ। ਇਹ ਸਭ ਕੁਝ ਉਨ੍ਹਾਂ ਨੇ ਆਪਣੇ ਪਿਤਾ ਪਾਸੋਂ ਸੁਣਿਆ ਹੋਇਆ ਲਿਖਿਆ ਹੈ ਜੋ ਇਨ੍ਹਾਂ ਜੰਗਾਂ ਤੇ ਭਾਜੜਾਂ ਵਿਚ ਸ਼ਾਮਲ ਸੀ ਤੇ ਸਰਦਾਰ ਸੁਖਾ ਸਿੰਘ ਜਥੇਦਾਰ ਦੇ ਨਾਲ ਹੀ ਮਾਲਵੇ ਗਿਆ ਸੀ।

ਹੋਰ ਦੇਖੋ ਗਿਆਨੀ ਗਿਆਨ ਸਿੰਘ ਦਾ ਸ਼ਮਸ਼ੇਰ ਖਾਲਸਾ।

ਸੂਰਮਗਤੀ ਦਾ ਇਕ ਸਾਕਾ [੧]

ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਜੀ ਜਿੱਥੇ ਅਪਣੇ ਜ਼ਮਾਨੇ ਦੇ ਇਕ ਬੜੇ ਪ੍ਰਸਿੱਧ ਨੀਤੀਵਾਨ, ਪ੍ਰਜਾਪਾਲਕ ਅਤੇ ਦਾਨੀ ਸਨ ਉਥੇ ਓਹ ਉਸ ਸਮੇਂ ਦੇ ਅਦੁਤੀ ਦਲੇਰ ਤੇ ਜੋਧਾ ਭੀ ਸਨ। ਜਿੱਥੇ ਆਪ ਦੀ ਰਾਜਸੀ ਲਿਆਕਤ ਨੇ ਪੰਜਾਬ ਦੀ ਹਕੂਮਤ ਦੇ ਬਿਖਰੇ ਹੋਏ ਸ਼ੀਰਾਜ਼ੇ ਨੂੰ ਅਕੱਠਾ ਕਰਕੇ ਪੰਜਾਬ ਹੀ ਨਹੀਂ ਬਲਕਿ ਹਿੰਦੁਸਤਾਨ ਦੇ ਇਤਿਹਾਸ ਵਿਚ ਇੱਥੇ ਪਹਿਲੀ ਵਾਰੀ ਇਕ ਕੌਮੀ ਹਕੂਮਤ ਕਾਇਮ ਕੀਤੀ, ਤੇ ਪੰਜਾਬ ਵਿਚ ਇਕੱਲੇ ਸਿੱਖਾਂ ਦਾ ਨਹੀਂ ਬਲਕਿ ਪੰਜਾਬੀਆਂ ਦਾ ਸਾਂਝਾ ਰਾਜ ਕਾਇਮ ਕਰਕੇ ਇਕ ਅਦੁਤੀ ਮਿਸਾਲ ਕਾਇਮ ਕੀਤੀ; ਜਿੱਥੇ ਆਪ ਨੇ ਸਿਖ ਹੁੰਦੇ ਹੋਏ ਬਿਨਾਂ ਪਖਪਾਤ ਦੇ ਹਿੰਦੂਆਂ ਤੇ ਮੁਸਲਮਾਨਾਂ ਦੇ ਧਰਮ ਅਸਥਾਨਾਂ ਦੀ ਰਖਿਆ ਹੀ ਨਹੀਂ ਕੀਤੀ ਬਲਕਿ ਲੱਖਾਂ ਰੁਪਏ ਮਸੀਤਾਂ ਤੇ ਮੰਦਰਾਂ ਨੂੰ ਦਾਨ ਕਰਕੇ ਲੋਕਾਂ ਦੇ ਦਿਲਾਂ ਤੇ ਆਪਣੀ ਖੁਲ੍ਹ-ਦਿਲੀ ਦਾ ਸਿੱਕਾ ਬਠਾਇਆ, ਉਥੇ ਆਪ ਨੇ ਅਪਣੀ ਨਿਡਰਤਾ ਤੇ ਸੂਰਮਗਤੀ ਨਾਲ ਵੀ ਬੜੇ ਬੜੇ ਹੰਕਾਰੀਆਂ ਨੂੰ ਸਿੱਧੇ ਕਰ ਦਿੱਤਾ। ਇਹ ਆਪ ਦੀ ਨਿਡਰਤਾ ਤੇ ਸੂਰਮਗਤੀ ਦਾ ਹੀ ਪ੍ਰਤਾਪ ਸੀ ਕਿ ਦੁੱਰਾਨੀ ਭੀ ਆਪ ਦਾ ਲੋਹਾ ਮੰਨਦੇ ਸਨ ਤੇ ਸਿੱਧੇ ਮੱਥੇ ਆਪ ਜੀ ਨਾਲ ਟਾਕਰਾ ਕਰਨੋਂ ਕੰਨੀ

੧ ਅੰਮ੍ਰਿਤ, ਤਰਨ ਤਾਰਨ, ਜਨਵਰੀ ੧੯੩੩।

ਕਤਰੋਂਦੇ ਸਨ। ਇਹ ਹੀ ਕਾਰਣ ਸੀ ਕਿ ਹਿੰਦੁਸਤਾਨ ਵਿਚ ਬਾਬਰ ਵਾਙੂ ਅਪਣੀ ਹਕੂਮਤ ਕਾਇਮ ਕਰਨ ਦੀ ਪ੍ਰਬਲ ਇੱਛਾ ਧਾਰਨ ਕਰਕੇ ਪੰਜਾਬ ਵਿੱਚ ਆਏ ਅਹਿਮਦ ਸ਼ਾਹ ਦੁੱਰਾਨੀ ਦੇ ਪੋਤਰੇ ਸ਼ਾਹ ਜ਼ਮਾਨ ਨੇ ਜਦ ਰਣਜੀਤ ਸਿੰਘ ਵਰਗੇ ਸੂਰਮੇ ਨੂੰ ਮੈਦਾਨ ਵਿਚ ਡਿੱਠਾ ਤਾਂ ਉਸਦੀਆਂ ਸਾਰੀਆਂ ਆਸਾਂ ਉਮੇਦਾਂ ਤੇ ਪਾਣੀ ਫਿਰ ਗਿਆ। ਰਣਜੀਤ ਸਿੰਘ ਦੀ ਤਲਵਾਰ ਦੀ ਧਾਕ ਨੇ ਸ਼ਾਹ ਜ਼ਮਾਨ ਦੇ ਦਿਲ ਤੇ ਇਤਨਾ ਰੋਹਬ ਬਠਾਇਆ ਕਿ ਉਸ ਨੇ ਦੇਸ-ਜਿੱਤ ਦੇ ਖਿਆਲ ਨਾਲ ਫਿਰ ਕਦੀ ਮੁੜ ਪੰਜਾਬ ਵਲ ਮੂੰਹ ਨਾ ਕੀਤਾ।

ਸ਼ਾਹ ਜ਼ਮਾਨ ਨੇ ਪੰਜ ਵਾਰੀ ਹਿੰਦੁਸਤਾਨ ਤੇ ਧਾਵਾ ਕਰਨ ਦੀ ਤਿਆਰੀ ਕੀਤੀ ਪਰ ਉਸਦੇ ਅਪਣੇ ਦੇਸ ਦੇ ਲਹਿੰਦੇ ਵਿਚ ਦੀ ਖੱਪ ਨੇ ਕੁਝ ਸਿਰੇ ਨ ਚੜ੍ਹਨ ਦਿੱਤਾ। ਆਲਾ ਦੁਆਲਾ ਸਮੇਟ ਕੇ ਦੋ ਵੇਰ ਉਸਨੇ ਚੜ੍ਹਾਈ ਕੀਤੀ ਤੇ ਲਾਹੌਰ ਤਕ ਆ ਪੁੱਜਾ ਅਤੇ ਭਾਵੇਂ ਉਸ ਨੇ ਸ਼ਹਿਰ ਤੇ ਕਿਲੇ ਉਤੇ ਕਬਜ਼ਾ ਭੀ ਆ ਕੀਤਾ ਪਰ ਸਿੱਖਾਂ ਦੀ ਵਧ ਰਹੀ ਤਾਕਤ ਨੇ ਉਸ ਦੇ ਪੈਰ ਨਾ ਲੱਗਣ ਦਿੱਤੇ। ਜਿਵੇਂ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ ਤਿਵੇਂ ਹੀ ਇਕ ਦੇਸ ਵਿੱਚ ਦੋ ਹਾਕਮ ਨਹੀਂ ਹੋ ਸਕਦੇ। ਦੂਸਰੇ ਹਮਲੇ ਵੇਲੇ ਤਾਂ ਰਣਜੀਤ ਸਿੰਘ ਨੇ ਸ਼ਾਹ ਜ਼ਮਾਨ ਦਾ ਉਹ ਕਾਫ਼ੀਆ ਤੰਗ ਕੀਤਾ ਕਿ ਉਸ ਨੂੰ ਕਿਲੇ ਤੋਂ ਬਾਹਰ ਨਿਕਲ ਕੇ ਟਾਕਰਾ ਕਰਨ ਦਾ ਤਾਂ ਕਹਿਣਾ ਹੀ ਕੀ ਹੋਇਆ ਅੰਦਰੋਂ ਬੈਠੇ ਭੀ ਬਾਹਰ ਕੰਧਾਂ ਕੋਲ ਬੰਦੂਕਾਂ ਚਲਾ ਰਹੇ ਰਣਜੀਤ ਸਿੰਘ ਨੂੰ ਉੱਤਰ ਦੇਣ ਦਾ ਹੌਸਲਾ ਨਾ ਪਿਆ।

ਸੰ: ੧੮੫੫ ਬਿ: ਪੋਹ ਦੇ ਮਹੀਨੇ ਸ਼ਾਹ ਜ਼ਮਾਨ ਲਾਹੌਰ ਆਇਆ। ਲਾਹੌਰ ਦੇ ਤਿੰਨੇ ਸਿਖ ਹਾਕਮ ਵੇਲਾ ਟਪਾਉਣ ਲਈ ਕੁਝ ਚਿਰ ਲਈ ਲਾਂਭੇ ਹੋ ਗਏ। ਸ਼ਾਹ ਜ਼ਮਾਨ ਨੂੰ ਹੰਕਾਰ ਹੋ ਗਿਆ ਕਿ ਸਿੱਖਾਂ ਦਾ ਮੈਦਾਨੋਂ ਭਜਾ ਦੇਣਾ ਕੇਹੜਾ ਔਖਾ ਕੰਮ ਹੈ? ਉਸ ਨੂੰ ਇਹ ਗੱਲ ਭੁੱਲ ਗਈ ਹੋਈ ਜਾਪਦੀ ਹੈ ਕਿ ਜਦ ਸਿੱਖਾਂ ਨੇ ਨਾਦਰਸ਼ਾਹ ਵਰਗੇ ਸੁੱਕੇ

ਨਾ ਜਾਣ ਦਿੱਤੇ ਤੇ ਉਸਦੇ ਅਪਣੇ ਦਾਦੇ ਐਹਮਦ-ਸ਼ਾਹ ਅਬਦਲੀ ਤੇ ਪਿਤਾ ਤੈਮੂਰ ਸ਼ਾਹ ਨੂੰ ਟਿਕਣ ਨਾ ਦਿੱਤਾ ਤਾਂ ਇਹ ਵਿਚਾਰਾ ਕਿਸ ਦਾ ਪਾਣੀਹਾਰਾ ਸੀ। ਇਨ੍ਹਾਂ ਦਿਨਾਂ ਵਿਚ ਹੀ ਇਕ ਦਿਨ ਦੀ ਗੱਲ ਹੈ ਕਿ ਸ਼ਾਹ ਜ਼ਮਾਨ ਕੁਝ ਸ਼ਹਿਰੀਆਂ ਦੇ ਸਾਮ੍ਹਣੇ ਲੱਗਾ ਫੜ੍ਹਾਂ ਮਾਰਨ ਕਿ 'ਦੇਖਿਆ ਸਿੱਖਾਂ ਦੀ ਕੀ ਮਜਾਲ ਹੈ ਕਿ ਇੱਥੇ ਠਹਿਰ ਜਾਣ। ਓਹ ਤਾਂ ਦੁਰੱਾਨੀਆਂ ਦੇ ਘੋੜਿਆਂ ਦੇ ਸੁੱਮਾਂ ਦੀ ਧੂੜ ਦੇਖ ਕੇ ਹੀ ਭੱਜ ਨਿਕਲਦੇ ਹਨ।'

ਇਹ ਗੱਲ ਕਿਸੇ ਨਾ ਕਿਸੇ ਤਰਾਂ ਮਹਾਰਾਜਾ ਰਣਜੀਤ ਸਿੰਘ ਜੀ ਪਾਸ ਬੀ ਪੁੱਜ ਗਈ। ਓਹ ਉਸ ਵੇਲੇ ਗੁਜਰਾਂਵਾਲੇ ਦੇ ਗਿਰਦੇ ਚੱਠਿਆਂ ਨੂੰ ਸੋਧਣ ਦੀਆਂ ਵਿਚਾਰਾਂ ਕਰ ਰਿਹਾ ਸੀ। ਸ਼ਾਹ ਜ਼ਮਾਨ ਦੀ ਇਹ ਗੱਲ ਸੁਣਕੇ ਰਣਜੀਤ ਸਿੰਘ ਦੀ ਗ਼ੈਰਤ ਨੂੰ ਉਬਾਲ ਆਇਆ ਤੇ ਉਸ ਦੇ ਸਿੱਖੀ ਖ਼ੂਨ ਨੇ ਜੋਸ਼ ਖਾਧਾ। ਉਸ ਵੇਲੇ ਉਸ ਨਾਲ ਐਵੇਂ ਥੋੜੇ ਜਿਹੇ ਚੁਣਵੇਂ ਸਰਦਾਰ ਤੇ ਸਿਰਕੱਢ ਹੀ ਸਨ। ਪਰ ਸਿੰਘ ਸੂਰਮੇ ਥੋੜਿਆਂ ਬਹੁਤਿਆਂ ਦੀਆਂ ਵਿਚਾਰਾਂ ਵਿਚ ਘੱਟ ਹੀ ਪੈਂਦੇ ਹਨ। ਜਿੱਥੇ ਕੌਮੀ ਆਨ ਦਾ ਸਵਾਲ ਹੋਵੇ ਤੇ ਉਸਦੀ ਗ਼ੈਰਤ ਜਾਗ ਉੱਠੇ ਤਾਂ ਸਤਿਗੁਰ ਦੀ ਕਿਰਪਾ ਨਾਲ ਉਸ ਵਿਚ ਇਤਨਾ ਬਲ ਆ ਜਾਂਦਾ ਹੈ ਕਿ ਇਕੱਲਾ ਇਕੱਲਾ ਸਿੰਘ ਸੂਰਮਾ ਲੱਖਾਂ ਤੇ ਭਾਰੂ ਹੋ ਜਾਂਦਾ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰਾਂ ਨੂੰ ਕਿਹਾ, "ਖਾਲਸਾ ਜੀ! ਸ਼ਾਹ ਜ਼ਮਾਨ ਦੇ ਮਨ ਵਿਚ ਬਹੁਤ ਹੰਕਾਰ ਹੋ ਗਿਆ ਹੈ ਤੇ ਉਹ ਇਹ ਖਿਆਲ ਕਰੀ ਬੈਠਾ ਹੈ ਕਿ ਖਾਲਸਾ ਉਸ ਤੋਂ ਡਰਦਾ ਭੱਜ ਨਿਕਲਿਆ ਹੋਇਆ ਹੈ। ਹੁਣ ਖਾਲਸੇ ਦੀ ਤਾਂ ਹੀ ਰਹਿ ਆਉਂਦੀ ਹੈ ਜੇ ਅਸੀਂ ਕਾਬਲੀ ਦੇ ਇਸ ਹੰਕਾਰ ਨੂੰ ਤੋੜ ਕੇ ਦੱਸੀਏ, ਨਹੀਂ ਤਾਂ ਉਹ ਕੀਕੂੰ ਸਮਝੂ ਕਿ ਅਸੀਂ ਕਿਸੇ ਚੰਗੇ ਮੌਕੇ ਦੀ ਤਾੜ ਵਿਚ ਇਕੱਲ-ਵਾਂਜੇ ਹੋਏ ਹੋਏ ਹਾਂ। ਬਸ ਸਾਨੂੰ ਹੁਣੇ ਹੀ ਲਾਹੌਰ ਤੇ ਧਾਵਾ ਬੋਲ ਦੇਣਾ ਚਾਹੀਦਾ ਹੈ ਤੇ ਲਾਹੌਰ ਦੇ ਕਿਲੇ ਦੀਆਂ ਕੰਧਾਂ ਪਾਸ

ਜਾ ਕੇ ਉਸ ਨੂੰ ਵੰਗਾਰਨਾ ਚਾਹੀਦਾ ਹੈ।" ਖਾਲਸਾ ਅਪਣੀ ਕੌਮੀ ਆਨ ਸ਼ਾਨ ਨੂੰ ਕਾਇਮ ਰੱਖਣ ਲਈ ਹਰ ਵੇਲੇ ਮਰ-ਮਿਟਣ ਲਈ ਤਿਆਰ ਰਹਿੰਦਾ ਹੈ। ਕਿਹੜਾ ਸਰਦਾਰ ਸੀ ਜੋ ਇਸ ਗੱਲ ਦੀ ਵਿਰੋਧਤਾ ਕਰਦਾ ?

ਪਲੋ ਪਲੀ ਵਿਚ ਰਣਜੀਤ ਸਿੰਘ ਤੇ ਉਨ੍ਹਾਂ ਦੇ ੩੦–੩੫ ਸਾਥੀ ਅਰਾਕੀਆਂ ਤੇ ਕਾਠੀਆਂ ਕਸ ਤਿਆਰ ਹੋ ਗਏ। ਸਤਿਗੁਰੂ ਦੇ ਹਜ਼ੂਰ ਅਰਦਾਸਾ ਸੋਧਿਆ ਗਿਆ ਤੇ ਰਵਾਂ ਰਵੀਂ ਲਾਹੌਰ ਨੂੰ ਚਾਲੇ ਪਾ ਦਿੱਤੇ। ਜਦ ਦੋ ਕੁ ਕੋਹ ਦੀ ਵਿਥ ਰਹਿ ਗਈ ਤਾਂ ਸਿੰਘ ਸਾਹਿਬ ਨੇ ਕਿਹਾ, "ਖਾਲਸਾ ਜੀ! ਹੁਣ ਲਾਹੌਰ ਦੀਆਂ ਕੰਧਾਂ ਦਿੱਸਣ ਲਗ ਪਈਆਂ ਹਨ, ਹੋ ਸਕਦਾ ਹੈ ਕਿ ਪਠਾਣੀ ਪਿਕਟਾਂ ਨਾਲ ਕਿਲੇ ਪਾਸ ਪੁੱਜਣ ਤੋਂ ਪਹਿਲਾਂ ਹੀ ਟਾਕਰਾ ਹੋ ਪਏ ਤੇ ਅਸੀਂ ਧੁਰ ਪੁਜ ਹੀ ਨ ਸਕੀਏ। ਇਸ ਲਈ ਸਾਨੂੰ ਫੁਰਤੀ ਕਰਨੀ ਚਾਹੀਦੀ ਹੈ। ਐਥੋਂ ਹੀ ਤੇਗੇ ਧੂਹ ਲਓ ਤੇ ਘੋੜਿਆਂ ਨੂੰ ਸੰਮਨ ਬੁਰਜ ਦੀ ਸੇਧ ਵਿਚ ਸਰਪੱਟ ਛੱਡ ਦਿਓ ਤੇ ਜਿਤਨੀ ਦੇਰ ਬੁਰਜ ਦੇ ਹੇਠਾਂ ਨਾ ਪੁੱਜੋ ਅੱਗਾ ਪਿੱਛਾ ਨਾ ਵੇਖੋ। ਰਸਤੇ ਵਿਚ ਜੇ ਕੋਈ ਪਠਾਣੀ ਵਾੜਾਂ ਮਿਲਨ ਤਾਂ ਤੇਗਿਆਂ ਨਾਲ ਝਾੜ ਸੁੱਟੋ ਪਰ ਬੁਰਜੋਂ ਉਰੇ ਕਿਧਰੇ ਖੜੋਣ ਦਾ ਨਾਮ ਨਾ ਲਓ।"

ਸਿੰਘਾਂ ਨੇ ਵਾਹਿਗੁਰੂ ਦਾ ਨਾਮ ਲੈਕੇ ਘੋੜਿਆਂ ਨੂੰ ਸਰਪੱਟ ਛਡ ਦਿੱਤਾ ਤੇ ਸੰਮਨ ਬੁਰਜ ਦੀ ਸੇਧ ਕਰ ਦਿੱਤੀ। ਕਿਸੇ ਦੀ ਕੀ ਮਜਾਲ ਸੀ ਕਿ ਸਾਹਮਣੇ ਆਉਂਦਾ,—ਜੋ ਅੜਿਆ ਸੋ ਝੜਿਆ। ਖਾਲਸਾ ਜੋਧੇ ਬਿਨਾ ਕਿਸੇ ਅਟਕਾ ਦੇ ਬੁਰਜ ਹੇਠਾਂ ਜਾ ਪੁੱਜੇ। ਸ਼ਾਹਜ਼ਮਾਨ ਬੁਰਜ ਦੇ ਅੰਦਰ ਬੈਠਾ ਹੋਇਆ ਸੀ। ਹੁਣ ਉਸਨੂੰ ਸਿੰਘਾਂ ਦੀ ਪਹੁੰਚ ਦੀ ਖਬਰ ਭੀ ਦੇਣੀ ਹੋਈ। ਸੋ ਸਿੰਘ ਸਾਹਿਬ ਰਣਜੀਤ ਸਿੰਘ ਅੱਗੇ ਵਧੇ ਅਤੇ ਸਾਰਿਆਂ ਨੇ ਐਨ ਇੱਕੋ ਵੇਲੇ ਸਾਰੀਆਂ ਬੰਦੂਕਾਂ ਬੁਰਜ ਵਲ ਨੂੰ ਸੇਧ ਕਰਕੇ ਸਰ ਕਰ ਦਿੱਤੀਆਂ। ਬੰਦੂਕਾਂ ਦੀ ਅਕੱਠੀ ਅਵਾਜ਼ ਨੇ ਬੁਰਜਾਂ ਅੰਦਰ ਬੈਠੇ ਪਠਾਣਾਂ ਤੇ ਸ਼ਾਹਜ਼ਮਾਨ ਦੇ ਦਿਲ ਕੰਬਾ ਦਿੱਤੇ। ਉਨ੍ਹਾਂ ਨੂੰ ਕਦੀ ਸੁਪਨਾ ਭੀ ਨਹੀਂ ਸੀ ਕਿ ਖਾਲਸਾ

ਜੋਧੇ ਇਸ ਤਰ੍ਹਾਂ ਬਿਨਾ ਟਾਕਰੇ ਦੇ ਹੀ ਲਾਹੌਰ ਕਿਲੇ ਤਕ ਆ ਪੁੱਜਣਗੇ, ਤੇ ਉਹ ਭੀ ਸੱਮਨ ਬੁਰਜ ਦੇ ਹੇਠਾਂ ! ਜਦ ਜ਼ਰਾ ਕੁ ਮੂੰਹ ਬਾਹਰ ਕਢਕੇ ਵੇਖਿਆ ਤਾਂ ਹੇਠੋਂ ਸਿੰਘ ਸਾਹਿਬ ਨੇ ਉੱਚੀ ਕੜਕਵੀਂ ਅਵਾਜ਼ ਵਿਚ ਸ਼ਾਹ ਜ਼ਮਾਨ ਨੂੰ ਵੰਗਾਰਿਆ :

ਐ ਨਬੀਰਾਏ ਐਹਮਦ ਸ਼ਾਹ, ਬਾ ਨਬੀਰਾਏ ਸਰਦਾਰ ਜ਼ੂਲ ਇਕਤਦਾਰ ਵਲਸ਼ੌਕਤ ਚੜਤ ਸਿੰਘ ਆਮਦਹ ਦੋ ਸੇਹ ਦਸਤ ਮਰਦਾਨਾ ਬਾਇਦ ਸਾਖਤ ।

ਅਰਥਾਤ : ਓ ਐਹਮਦ ਸ਼ਾਹ ਦੇ ਪੋਤਰੇ, ਆ ਤੇ ਸਰਦਾਰ ਚੜਤ ਸਿੰਘ ਦੇ ਪੋਤਰੇ ਨਾਲ ਦੋ ਤਿੰਨ ਬਹਾਦਰੀ ਦੇ ਹੱਥ ਤਾਂ ਕਰ ਵੇਖ ।

ਉਥੇ ਜਵਾਬ ਕਿਨ੍ਹ ਦੇਣਾ ਸੀ ? ਐਨ ਸੱਮਨ ਬੁਰਖ ਦੇ ਹੇਠਾਂ ਸਿੰਘਾਂ ਨੂੰ ਖੜੋਤੇ ਦੇਖਕੇ ਸ਼ਾਹ ਜ਼ਮਾਨ ਤੇ ਉਸਦੇ ਦੁੱਰਾਨੀ ਸਾਥੀਆਂ ਦੇ ਤੋਤੇ ਉੜ ਗਏ । ਸ਼ਾਹ ਜ਼ਮਾਨ ਕਹਣ ਲੱਗਾ ਕਿ 'ਇਹ ਸਿੱਖ ਹਨ ਕਿ ਕੋਈ ਆਫਤ ਜੁ ਇਹ ਮੁੱਠੀ ਭਰ ਸਿਪਾਹੀ ਮੇਰੀ ਚਾਲੀ ਹਜ਼ਾਰ ਕਾਬਲੀ ਫੌਜ ਦੀ ਕੱਖ ਪਰਵਾਹ ਨਾ ਕਰਦੇ ਹੋਏ ਮਾਰੋ ਮਾਰ ਕਰਦੇ ਇੱਥੇ ਤਕ ਆ ਪੁੱਜੇ ਹਨ ਤੇ ਐਨ ਮੇਰੇ ਸਾਹਮਣੇ ਆਣਕੇ ਮੈਨੂੰ ਲਲਕਾਰਦੇ ਤੇ ਧਮਕੀਆਂ ਦਿੰਦੇ ਹਨ । ਸਿੰਘਾਂ ਨੇ ਦੋ ਤਿੰਨ ਵਾਰੀ ਇਸੇ ਤਰਾਂ ਬੰਦੂਕਾਂ ਸਰ ਕੀਤੀਆਂ ਤੇ ਸਰਦਾਰ ਰਣਜੀਤ ਸਿੰਘ ਨੇ ਸ਼ਾਹ ਜ਼ਮਾਨ ਨੂੰ ਲਲਕਾਰਿਆ ਪਰ, ਉਮਦਤੁਤ ਤਵਾਰੀਖ ਦਾ ਕਰਤਾ ਲਿਖਦਾ ਹੈ ਕਿ ਅਜ਼ਾਂ ਤਰਫ਼ ਹੇਚ ਸਦਾ ਨਿਆਮਦ ਅਰਥਾਤ ਉਸ ਪਾਸਿਓਂ ਕੋਈ ਅਵਾਜ਼ ਨਾ ਆਈ (ਦੇਖੋ ਦਫਤਰ ਦੂਸਰਾ ਪੰਨਾ ੩੯) ।

ਜਦ ਅੱਗਿਓਂ ਕੋਈ ਉੱਤਰ ਹੀ ਨਾ ਮਿਲਿਆ ਤਾਂ ਸਿੰਘ ਸਾਹਿਬ ਇਹ. ਕਹਿੰਦੇ ਕਿ 'ਓ । ਫੜ੍ਹਾਂ ਤਾਂ ਇਤਨੀਆਂ ਮਾਰਦਾ ਸੈਂ ਤੇ ਹੁਣ ਡਰਦਾ ਸ਼ਕਲ ਵੀ ਨਹੀਂ ਵਖਾਉਂਦਾ, ਜਾਂ ਤਾਂ ਇਥੋਂ ਚੁਪ ਕਰਕੇ ਚਲਿਆ ਜਾਹ ਤੇ ਜੇ ਦਿਲ ਵਿਚ ਕੋਈ ਗੁਮਾਨ ਹੈ ਤਾਂ ਦੋ ਹਥ ਕਰਕੇ ਵੇਖ ਲੈ', ਚਲਦੇ ਹੋਏ ।

ਹੁਣ ਸ਼ਾਹਜ਼ਮਾਨ ਦੇ ਦਿਲ ਤੇ ਸਿੰਘਾਂ ਦਾ ਇਤਨਾ ਖੌਫ ਛਾਇਆ ਕਿ ਉਹ ਪੰਜਾਬ ਛੱਡਣ ਤੇ ਮਜਬੂਰ ਹੋ ਗਿਆ। ਉਸ ਵੇਲੇ ਦਾ ਜ਼ਿਕਰ ਕਰਦਾ ਹੋਇਆ ਸੁਲਤਾਨ ਮੁਸੰਮਦ ਖਾਨ ਦੁੱਰਾਨੀ ਆਪਣੀ ਕਿਤਾਬ 'ਤਾਰੀਖ਼ ਸੁਲਤਾਨੀ' ਵਿਚ ਲਿਖਦਾ ਹੈ:-

ਸ਼ਾਹ ਜ਼ਮਾਨ ਚੂੰ ਮੁਲਕੇ ਪੰਜਾਬ ਰਾ ਅਜ਼ ਦਸਤੇ ਸਿੰਘਾਂ ਖ਼ਰਾਬ ਦੀਦ, ਹੈਰਾਨ ਸ਼ੁਦ ਕਿ ਚਿਹ ਕੁਨਦ ਜ਼ੀਰਾ ਕਿ ਦਰ ਵਕਤੇ ਮੁਰਾਜਅਤ ਬਬਲਾਦੇ ਮੌਰੂਸੀ ਬਾਜ਼ ਖ਼ਰਾਬੀ ਖਾਹੰਦ ਕਰਦ। ਪਸ ਬਾਖ਼ੁਦ ਗੁਫ਼ਤ ਕਿ ਯਕੇ ਅਜ਼ ਸਿੰਘਾਂ ਰਾ ਅਜ਼ ਖ਼ੁਦ ਬਾਯਦ ਕਰਦ।

ਅਰਥਾਤ-ਸ਼ਾਹ ਜ਼ਮਾਨ ਨੇ ਜਦ ਪੰਜਾਬ ਸਿੰਘਾਂ ਦੇ ਹੱਥੋਂ ਖ਼ਰਾਬ ਡਿੱਠਾ ਤਾਂ ਹੈਰਾਨ ਹੋ ਗਿਆ ਕਿ ਕੀ ਕਰੇ, ਕਿਉਂਕਿ ਜਦ ਉਹ ਆਪਣੇ ਮੁਲਖ ਨੂੰ ਮੁੜੇਗਾ ਤਾਂ ਇਹ ਫਿਰ ਆ ਖਰਾਬੀ ਕਰਨਗੇ। ਇਸ ਲਈ ਉਸਨੇ ਆਪਣੇ ਆਪ ਵਿਚ ਖਿਆਲ ਕੀਤਾ ਕਿ ਆਪੇ ਸਿੰਘਾਂ ਵਿਚੋਂ ਇਕ ਨੂੰ ਆਪਣਾ ਕਰ ਲੈਣਾ ਚਾਹੀਦਾ ਹੈ।

[ਦੇਖੋ ਤਾਰੀਖ ਸੁਲਤਾਨੀ ਪੰਨਾ ੧੬੭]

ਓਹ ਕੇਹੜਾ ਮੁਰਦੇ ਤੋਂ ਮੁਰਦਾ ਭੀ ਸਿੱਖ ਦਿਲ ਹੈ ਜਿਸ ਵਿਚ ਸਿਖ ਜੋਧਿਆਂ ਦੇ ਇਸ ਪ੍ਰਕਾਰ ਦੀ ਨਿਡਰਤਾ ਸੂਰਮਗਰਤੀ ਦੇ ਹਾਲਾਤ ਪੜ੍ਹਕੇ ਇਕ ਨਵੀਂ ਰੂਹ ਨਹੀਂ ਫੂਕੀ ਜਾਂਦੀ। ਸਿਖ ਇਤਹਾਸ ਸ਼ਹੀਦਾਂ ਤੇ ਸੂਰਬੀਰ ਜੋਧਿਆਂ ਦਾ ਇਤਹਾਸ ਹੈ ਜਿਸਦਾ ਇਕ ਇਕ ਵਾਕਿਆ ਕੌਮ ਨੂੰ ਹਲੂਣ ਹਲੂਣ ਕੇ ਜਗਾ ਦੇਣ ਦੀ ਤਾਕਤ ਰਖਦਾ ਹੈ। ਲੋੜ ਕੇਵਲ ਉਸਨੂੰ ਗਹੁ ਨਾਲ ਪੜ੍ਹਨ ਦੀ ਹੈ।

ਸ਼ੇਰੇ-ਪੰਜਾਬ

ਸਿਖ ਇਤਿਹਾਸ ਆਪਣੀ ਉਦਾਹਰਣ ਆਪ ਹੀ ਹੈ। ਇਸ ਵਿਚ ਜਿਥੇ ਪ੍ਰਥਮ ਨਾਨਕ ਤੋਂ ਲੈਕੇ ਦਸਮ ਨਾਨਕ ਤਕ ਸਰਬ ਕਲਾ ਸੰਪੂਰਣ ਪਰਮ ਸੰਤਾਂ, ਈਸ਼੍ਵਰ ਭਗਤ ਮਹਾਤਮਾਂਵਾਂ, ਅਦੁਤੀ ਸ਼ਹੀਦਾਂ ਅਤੇ ਧਰਮਾ-ਤਮਾ ਯੋਧਿਆਂ, ਸਾਹਿਬਜ਼ਾਦਿਆਂ ਅਤੇ ਪੰਜ ਪਿਆਰਿਆਂ ਵਰਗੇ ਪੂਰਣ ਗੁਰਸਿਖਾਂ, ਬਾਬਾ ਬੰਦਾ ਸਿੰਘ ਬਹਾਦੁਰ ਵਰਗੇ ਧਰਮ ਰਖਿਅਕ ਬਹਾਦਰਾਂ, ਭਾਈ ਮਨੀ ਸਿੰਘ, ਤਾਰੂ ਸਿੰਘ ਵਰਗੇ ਸ਼ਹੀਦਾਂ ਦੇ ਕਾਰਨਾਮੇ ਭਰੇ ਪਏ ਹਨ, ਓਥੇ ਖ਼ਾਲਸਾ ਮਿਸਲਦਾਰਾਂ ਦੀਆਂ ਜਿੱਤਾਂ ਤੇ ਮਾਰਾਂ ਅਤੇ ਸ਼ੇਰਿ-ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਖ਼ਾਲਸਾ ਰਾਜ ਦੀ ਕਾਇਮੀ ਲਈ ਘਾਲਾਂ, ਉਸ ਦੀਆਂ ਬਹਾਦਰੀਆਂ ਤੇ ਉਸ ਦੇ ਰਾਜ ਦੀਆਂ ਬਰਕਤਾਂ ਸੂਰਜ ਵਾਂਙ ਚਮਕਦੀਆਂ ਹਨ। ਸੰਸਾਰ ਉਤੇ ਇਹ ਇਕ ਅਦੁਤੀ ਕਰਾਮਾਤ ਹੈ ਜੋ ਸਿਖ ਕੌਮ ਨੇ ਆਪਣੇ ਪੂਜਨੀਕ ਬਜ਼ੁਰਗਾਂ ਦੇ ਪੂਰਨਿਆਂ ਤੇ ਚਲਦੇ ਹੋਏ ਕਰ ਦਿਖਾਈ ਕਿ ਆਪਣੇ ਜਨਮ ਤੋਂ ਤਿਨ ਸੌ ਸਾਲ ਦੇ ਤੁਛ ਸਮੇਂ ਦੇ ਅੰਦਰ ਇਸ ਉਨਤੀ ਦੇ ਸਿਖਰ ਤੇ ਪੁੱਜੇ ਕਿ ਸੱਤਰ ਅੱਸੀ ਸਾਲਾਂ ਦੀ ਰਾਜਸੀ ਜ਼ਿੰਦਗੀ ਵਿਚ ਇਕ ਬੜਾ ਪ੍ਰਭਾਵ-ਸ਼ਾਲੀ ਰਾਜ ਕਾਇਮ ਕਰਕੇ ਦੱਸ ਦਿੱਤਾ।

ਸਿਖ ਰਾਜਸੀ ਇਤਿਹਾਸ ਅੰਦਰ ਸ਼ੇਰਿ-ਪੰਜਾਬ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਸੂਰਜ ਵਤ ਚਮਕਦੇ ਹਨ। ਆਪ ਜਿਥੇ ਬਹਾਦਰ ਯੋਧਾ,

ਉਦਾਰ ਸ਼ਤਰੂ ਅਤੇ ਦਾਨੇ ਹਾਕਮ ਸਨ, ਉਥੇ ਆਪ ਬੜੇ ਗੁਰਮੁਖ ਸਿਖ, ਪਰਜਾ-ਪਾਲਕ ਅਤੇ ਸੂਰਬੀਰਾਂ ਤੇ ਵਿਦਵਾਨਾਂ ਦੇ ਕਦਰਦਾਨ ਭੀ ਸਨ। ਇਹੋ ਹੀ ਕਾਰਣ ਹੈ ਕਿ ਉਨ੍ਹਾਂ ਦੀ ਸੋਭਾ ਸੁਣਕੇ ਕਈ ਇਤਾਲੀਏ, ਫ਼ਰਾਂਸੀਸ, ਅਮ੍ਰੀਕਨ ਅੰਗ੍ਰੇਜ਼ ਤੇ ਦੂਜੇ ਯੂਰਪੀਨ ਨੌਕਰੀ ਲਈ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਰ ਹੋਏ, ਤੇ ਸਾਲਾਂ ਬੱਧੀ ਬੜੇ ਬੜੇ ਅਹੁਦਿਆਂ ਤੇ ਸੇਵਾ ਕਰਦੇ ਰਹੇ। ਥੋੜੇ ਜਿਹੇ ਸਮੇ ਵਿਚ ਹੀ ਆਪ ਦਾ ਦੂਜੇ ਦੇਸਾਂ ਵਾਲਿਆਂ ਉਤੇ ਇਤਨਾ ਪ੍ਰਭਾਵ ਬੈਠ ਗਿਆ ਸੀ ਕਿ ਯੂਰਪ ਦੀਆਂ ਫ਼ਰਾਂਸੀਸ, ਇਟਲੀ ਅਤੇ ਰੂਸ ਆਦਿ ਬੜੀਆਂ ਬੜੀਆਂ ਤਾਕਤਾਂ ਮਹਾਰਾਜਾ ਸਾਹਿਬ ਨਾਲ ਮਿਤ੍ਰਤਾ ਗੰਢਣਾ ਆਪਣਾ ਸੁਭਾਗ ਸਮਝਦੀਆਂ ਸਨ। ਅੰਗ੍ਰੇਜ਼ਾਂ ਦਾ ਤਾਂ ਕਹਿਣਾ ਹੀ ਕੀ ਹੋਇਆ? ਇਨ੍ਹਾਂ ਦਾ ਤਾਂ ਕੋਈ ਨਾ ਕੋਈ ਸਫ਼ੀਰ ਬਾਦਸ਼ਾਹ ਇੰਗਲਿਸ-ਤਾਨ ਤੇ ਗਵਰਨਰ ਜਨਰਲ ਹਿੰਦੁਸਤਾਨ ਵਲੋਂ ਤੋਹਫ਼ੇ ਅਤੇ ਦੋਸਤੀ ਗੰਢਣ ਲਈ ਅਰਜ਼ੀਆਂ ਚਿੱਠੀਆਂ ਲੈਕੇ ਆਇਆ ਹੀ ਰਹਿੰਦਾ ਸੀ, ਅਤੇ ਜਿਸ ਦਨਾਈ ਤੇ ਖ਼ੂਬੀ ਨਾਲ ਮਹਾਰਾਜਾ ਸਾਹਿਬ ਇਸ ਮਹਾਨ ਕਾਰਜ ਨੂੰ ਨਿਪਟਾਉਂਦੇ ਸਨ, ਇਹ ਉਨ੍ਹਾਂ ਦਾ ਹੀ ਕੰਮ ਸੀ।

ਮਹਾਰਾਜਾ ਰਣਜੀਤ ਸਿੰਘ ਸ਼ੁਕਰ ਚਕੀਆ ਮਿਸਲ ਦੇ ਮੁਖੀ ਜਥੇਦਾਰ ਸਰਦਾਰ ਚੜ੍ਹਤ ਸਿੰਘ ਦੇ ਸਪੁੱਤਰ ਸਰਦਾਰ ਮਹਾਂ ਸਿੰਘ ਦੇ ਸਾਹਿਬਜ਼ਾਦੇ ਸਨ। ਆਪ ਨੇ ੨ ਮਘਰ ਸੰਮਤ ੧੮੩੭ ਨੂੰ ਸ਼ਹਿਰ ਗੁਜਰਾਂਵਾਲੇ ਵਿਖੇ ਜਨਮ ਲਿਆ। ਆਪ ਛੋਟੀ ਉਮਰ ਤੋਂ ਹੀ ਬੜੇ ਸੁਘੜ ਸਿਆਣੇ ਸਨ, ਤੇ ਘੋੜੇ ਦੀ ਸਵਾਰੀ, ਤੀਰ ਅੰਦਾਜ਼ੀ ਵਿਚ ਆਪ ਨੂੰ ਖਾਸ ਮੁਹਾਰਤ ਸੀ। ਏਹ ਉਹ ਵੇਲਾ ਸੀ ਜਦ ਕਿ ਸਰਦਾਰ ਮਹਾਂ ਸਿੰਘ ਦੀ ਤਾਕਤ ਦਿਨ ਦੂਣੀ ਤੇ ਰਾਤ ਚੌਗਣੀ ਤਰੱਕੀ ਕਰ ਰਹੀ ਸੀ ਅਤੇ ਰਣਜੀਤ ਸਿੰਘ ਆਪਣੇ ਸੂਰਬੀਰ ਪਿਤਾ ਦੇ ਨਾਲ ਜੁਧਾਂ ਜੰਗਾਂ ਦੇ ਮੈਦਾਨਾਂ ਵਿਚ ਜਾ ਕੇ ਆਪਣੀ ਆਉਣ ਵਾਲੀ ਜ਼ਿੰਦਗੀ ਲਈ ਤਿਆਰ ਹੋ ਰਿਹਾ ਸੀ। ਪਰ ਹਾਲਾਂ ਰਣਜੀਤ ਸਿੰਘ ਦੀ ਆਯੂ ਦਸਾਂ ਸਾਲਾਂ ਦੀ ਹੀ ਹੋਈ ਸੀ ਕਿ

ਕਾਲ ਬਲੀ ਨੇ ਉਨ੍ਹਾਂ ਦੇ ਪਿਤਾ ਸਰਦਾਰ ਮਹਾਂ ਸਿੰਘ ਨੂੰ ਆ ਬੁਲਾਵਾ ਭੇਜਿਆ ।

ਪਹਿਲਾ ਯੁਧ ਜਿਸ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਜ਼ਿਆਦਾ ਵਡਿਆਈ ਪ੍ਰਾਪਤ ਕੀਤੀ, ਜਰਨੈਲ ਅਹਿਮਦ ਖਾਨ ਸ਼ਾਹਾਨਚੀ ਬਾਸ਼ੀ ਨਾਲ ਹੋਇਆ ਸੀ। ਜਦ ਸ਼ਾਹਜ਼ਮਾਨ ਦਾ ਮਾਲ ਅਸ:ਬਾਬ ਖ਼ਾਲਸੇ ਨੇ ਲੁਟ ਕੇ ਉਸ ਨੂੰ ਹਰਾਸ ਕਰ ਦਿਤਾ ਤੇ ਸ਼ਾਹਾਨਚੀ ਸਰਦਾਰ ਰਣਜੀਤ ਸਿੰਘ ਦੇ ਕਿਲ੍ਹੇ ਰਾਮ ਨਗਰ ਨੂੰ ਤੋੜਨ ਲਈ ਆਇਆ ਤਾਂ ਉਸ ਵੇਲੇ ਇਸ ਨੇ ਭੰਗੀ ਤੇ ਅਟਾਰੀ ਵਾਲੇ ਸਰਦਾਰਾਂ ਨੂੰ ਨਾਲ ਲੈਕੇ ਸ਼ਾਹਾਨਚੀ ਦੇ ਉਹ ਦੰਦ ਖੱਟੇ ਕੀਤੇ ਕਿ ਉਹ ਮੈਦਾਨੋਂ ਭਜ ਨਿਕਲਿਆ। ਰਣਜੀਤ ਸਿੰਘ ਉਸ ਦਾ ਖੁਰਾ ਦੱਬੀ ਚਲਾ ਗਿਆ ਤੇ ਗੁਜਰਾਤ ਦੇ ਲਾਗੇ ਉਸ ਦੀ ਅਲਖ ਮੁਕਾ ਕੇ ਹੀ ਸਾਹ ਲਿਆ। ਸ਼ਾਹਾਨਚੀ ਦੀ ਮੌਤ ਦੀ ਖ਼ਬਰ ਤੇ ਰਣਜੀਤ ਸਿੰਘ ਦੀ ਤਲਵਾਰ ਦੀ ਧਾਕ ਸੁਣਕੇ ਅਫ਼ਗਾਨਾਂ ਦੇ ਇਸ ਤਰ੍ਹਾਂ ਹੋਸ਼ ਉੱਡੇ ਕਿ ਉਨ੍ਹਾਂ ਮੁੜ ਕਦੀ ਪੰਜਾਬ ਵਲ ਮੂੰਹ ਕਰਨ ਦਾ ਹੀਆ ਨਾ ਕੀਤਾ ।

ਇਹ ਭੀ ਇਕ ਕਰਾਮਾਤ ਹੈ ਕਿ ਮਹਾਰਾਜਾ ਸਾਹਿਬ ਨੇ ਸੈਂਕੜੇ ਸਾਲਾਂ ਤੋਂ ਅਫ਼ਗਾਨੀ ਦੱਰਿਆਂ ਰਾਹੀਂ ਹਿੰਦ ਪਰ ਹੋ ਰਹੇ ਜਰਵਾਨੀਂ ਹਮਲਿਆਂ ਨੂੰ ਉੱਕਾ ਹੀ ਬੰਦ ਹੀ ਨਹੀਂ ਕੀਤਾ ਬਲਕਿ ਖਾਲਸਾ ਸੂਰਬੀਰਾਂ ਦੇ ਜਥਿਆਂ ਨਾਲ ਪਠਾਣੀ ਦੇਸ ਉਤੇ ਹੱਲੇ ਕਰਕੇ ਹਿੰਦ ਦੀ ਲਾਜ ਰਖ ਵਿਖਾਈ। ਪਠਾਣਾਂ ਦੇ ਭੱਜ ਜਾਣ ਪਰ ਸਰਦਾਰ ਚੇਤ ਸਿੰਘ ਤੇ ਮੋਹਰ ਸਿੰਘ ਤੇ ਸਾਹਿਬ ਸਿੰਘ ਨੇ ਲਾਹੌਰ ਆ ਝੰਡੇ ਗੱਡੇ ਸਨ, ਪਰ ਮੰਦੇ ਭਾਗਾਂ ਨੂੰ ਉਨ੍ਹਾਂ ਦਾ ਰਾਜ ਪ੍ਰਬੰਧ ਚੰਗਾ ਨਾ ਹੋਣ ਕਰਕੇ ਉਨ੍ਹਾਂ ਵਿਚ ਝਗੜੇ ਹੀ ਰਹਿੰਦੇ ਸਨ, ਜਿਸ ਕਰਕੇ ਨਿਜ਼ਾਮ ਦੀਨ ਕਸੂਰੀਆ ਲਾਹੌਰ ਉਤੇ ਛਾਪਾ ਮਾਰਨ ਲਈ ਅੰਦਰੋਂ ਅੰਦਰ ਤਿਆਰੀ ਕਰ ਰਿਹਾ ਸੀ। ਇਸ ਗੱਲ ਦੀ ਖਬਰ ਨੇ ਲਾਹੌਰ ਦੇ ਵਸਨੀਕਾਂ ਨੂੰ ਹੋਰ ਭੀ ਦੁਖੀ ਕਰ ਦਿੱਤਾ ਤੇ ਹੋਰ ਕੋਈ ਚਾਰਾ ਨ ਚਲਦਾ ਵੇਖਕੇ ਸ਼ਹਿਰ ਦੇ ਮੁਖੀਆਂ ਮੀਆਂ ਆਸ਼ਕ ਮੁਹੰਮਦ, ਹਕੀਮ ਹਾਕਮ

ਗਏ ਤੇ ਸਰਦਾਰ ਗੁਰਬਖਸ਼ ਸਿੰਘ ਨੇ ਸਰਦਾਰ ਰਣਜੀਤ ਸਿੰਘ ਨੂੰ ਸੱਦਾ ਦੇ ਘਲਿਆ। ਇਹ ਸੁਨੇਹਾ ਪੁਜਦੇ ਹੀ ਰਣਜੀਤ ਸਿੰਘ ਨੇ ਅੱਠ ਹਜ਼ਾਰ ਫ਼ੌਜ ਨਾਲ ਲਾਹੌਰ ਤੇ ਆ ਹੱਲਾ ਬੋਲਿਆ। ਬਸ ਠਹਿਰਨਾ ਕਿਸ ਸੀ ? ਦੋ ਸਰਦਾਰ ਤਾਂ ਰਣਜੀਤ ਸਿੰਘ ਦੇ ਆਉਂਦਿਆਂ ਹੀ ਸ਼ਹਿਰ ਖਾਲੀ ਕਰ ਗਏ ਤੇ ਸਰਦਾਰ ਚੇਤ ਸਿੰਘ ਨੇ ਦੂਜੇ ਦਿਨ ਹੀ ਈਨ ਮੰਨ ਕੇ ਕਿਲ੍ਹੇ ਦੀਆਂ ਕੁੰਜੀਆਂ ਉਸ ਦੇ ਹਵਾਲੇ ਕਰ ਦਿਤੀਆਂ।

ਲਾਹੌਰ ਉਤੇ ਰਣਜੀਤ ਸਿੰਘ ਦਾ ਕਬਜ਼ਾ ਹੋ ਗਿਆ ਵੇਖ ਕੇ ਨਿਜ਼ਾਮ ਦੀਨ ਕਸੂਰੀਏ ਨੇ ਕੁਝ ਭੰਗੀ ਤੇ ਰਾਮਗੜ੍ਹੀਆ ਸਰਦਾਰਾਂ ਨੂੰ ਨਾਲ ਲੈਕੇ ਹੱਲਾ ਬੋਲਣ ਦੀ ਤਿਆਰੀ ਕੀਤੀ। ਏਧਰੋਂ ਮਹਾਰਾਜਾ ਰਣਜੀਤ ਸਿੰਘ ਭੀ ਬੇ-ਖਬਰ ਨਹੀਂ ਸੀ। ਭਸੀਣ ਦੀ ਲੜਾਈ ਨੇ ਸਦਾ ਲਈ ਇਹ ਰੇੜਕਾ ਮਿਟਾ ਦਿੱਤਾ ਤੇ ਲਾਹੌਰ ਦੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਪੰਜਾਬ ਦੇ ਬਹੁਤ ਸਾਰੇ ਹਿੱਸੇ ਦਾ ਬਾਦਸ਼ਾਹ ਬਣ ਗਿਆ ਤੇ ਸਾਰੇ ਦੇਸ ਵਿਚ ਉਸ ਦੀ ਬਹਾਦਰੀ ਦੀ ਧਾਂਕ ਪੈ ਗਈ।

ਇਸ ਦੇ ਉਪ੍ਰੰਤ ਮਹਾਰਾਜਾ ਸਾਹਿਬ ਨੇ ਖ਼ਾਲਸਾ ਰਾਜ ਨੂੰ ਵਧਾਉਣ ਤੇ ਪ੍ਰਫੁੱਲਤ ਕਰਨ ਲਈ ਬਹੁਤ ਸਾਰੇ ਜੰਗ ਮਾਰੇ, ਤੇ ਜੰਮੂ, ਮੁਲਤਾਨ, ਅੰਮ੍ਰਿਤਸਰ, ਝੰਗ ਤੇ ਉੱਚ ਆਦਿ ਇਲਾਕਿਆਂ ਨੂੰ ਆਪਣੇ ਰਾਜ ਨਾਲ ਮਿਲਾਇਆ।

ਅਖੀਰ ਸੰਨ ੧੮੦੫ ਵਿਚ ਜਰਨੈਲ ਲੇਕ ਦਾ ਭਜਾਇਆ ਹੋਇਆ ਮਰਹੱਟਾ ਸਰਦਾਰ ਜਸਵੰਤ ਰਾਓ ਹੁਲਕਰ ਅਮੀਰ ਖਾਨ ਰੋਹੇਲੇ ਦੇ ਨਾਲ ਅੰਗ੍ਰੇਜ਼ੀ ਫ਼ੌਜ ਦੀ ਅਖ ਬਚਾ ਕੇ ਪੰਜਾਬ ਵਿਚ ਆ ਵੜਿਆ। ਲੇਕ ਪਿੱਛੇ ਦੱਬ ਚਾੜ੍ਹੀ ਆ ਰਿਹਾ ਸੀ। ਅੰਮ੍ਰਿਤਸਰ ਪੁਜਕੇ ਹੁਲਕਰ ਨੇ ਲਾਹੌਰ ਆਪਣੇ ਵਕੀਲ ਭੇਜੇ ਜਿਨ੍ਹਾਂ ਸ਼ਾਹਜ਼ਾਦਾ ਖੜਕ ਸਿੰਘ ਪਾਸ ਸਹਾਇਤਾ ਲਈ ਪੁਕਾਰ ਕੀਤੀ। ਮਹਾਰਾਜਾ ਸਾਹਿਬ ਉਸ ਵੇਲੇ ਮੁਲਤਾਨ ਵਲ ਦੌਰਾ ਕਰ ਰਹੇ ਸਨ। ਕੰਵਰ ਸਾਹਿਬ ਨੇ ਇਹ ਗਲ ਮਹਾਰਾਜਾ ਸਾਹਿਬ ਨੂੰ ਲਿਖ ਘੱਲੀ। ਇਨ੍ਹਾਂ ਲਾਹੌਰ ਪੁਜਕੇ

ਆਪਣੇ ਸਾਰੇ ਸਰਦਾਰਾਂ ਨਾਲ ਸਲਾਹ ਕੀਤੀ ਜਿਸ ਵਿਚ ਹੁਲਕਰ ਅਤੇ ਅੰਗ੍ਰੇਜ਼ਾਂ ਦੀ ਸੁਲਹ ਕਰਵਾ ਦੇਣ ਦਾ ਫੈਸਲਾ ਹੋਇਆ। ਮਹਾਰਾਜਾ ਸਾਹਿਬ ਨੇ ਵਿਚ ਪੈਕੇ ੧੧ ਜਨਵਰੀ ੧੯੦੬ ਨੂੰ ਦੋਹਾਂ ਦਾ ਸਮਝੌਤਾ ਕਰਵਾਕੇ ਹੁਲਕਰ ਨੂੰ ਦਿੱਲੀ ਤੋਂ ਹੇਠਾਂ ਹੇਠਾਂ ਓਹ ਸਾਰਾ ਇਲਾਕਾ ਜੋ ਲੇਕ ਨੇ ਖੋਹ ਲਿਆ ਸੀ ਵਾਪਸ ਦਿਵਾ ਦਿਤਾ। ਇਸ ਨਾਲ ਦੋਵੇਂ ਪਾਸੇ ਪ੍ਰਸੰਨ ਹੋ ਗਏ। ਜਿਸ ਦਾਨਾਈ ਤੇ ਧੀਰਜ ਨਾਲ ਮਹਾਰਾਜਾ ਸਾਹਿਬ ਨੇ ਇਸ ਉਲਝੀ ਹੋਈ ਗੁੱਥੀ ਨੂੰ ਸੁਲਝਾ-ਇਆ, ਉਹ ਖਾਸ ਸ਼ਲਾਘਾ ਯੋਗ ਹੈ।

ਮੇਜਰ ਬਾਸੂ ਵਰਗੇ ਕਈ ਲਿਖਾਰੀਆਂ ਨੇ ਇਸ ਗਲ ਨੂੰ ਮਹਾਰਾਜਾ ਸਾਹਿਬ ਦੀ ਕਮਜ਼ੋਰੀ ਦੱਸ ਕੇ ਇਕ ਬੜੀ ਭਾਰੀ ਗਲਤੀ ਕੀਤੀ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਵੇਲੇ ਪੰਜਾਬ ਵਿਚ ਮਹਾਰਾਜਾ ਸਾਹਿਬ ਦੀ ਆਪਣੀ ਤਾਕਤ ਹਾਲਾਂ ਤਕ ਪੂਰੀ ਤਰ੍ਹਾਂ ਪੱਕੀ ਨਹੀਂ ਹੋਈ ਸੀ। ਇਕ ਪਾਸੇ ਕਈ ਮਿਸਲਦਾਰ ਰਾਜ ਤੇ ਅੱਖਾਂ ਲਾਈ ਬੈਠੇ ਸਨ ਤੇ ਦੂਜੇ ਬੰਨੇ ਨਵੇਂ ਫ਼ਤਹ ਕੀਤੇ ਇਲਾਕਿਆਂ ਦਾ ਪ੍ਰਬੰਧ ਭੀ ਠੀਕ ਨਹੀਂ ਸੀ ਹੋਇਆ, ਜਿਸ ਕਰਕੇ ਉਨ੍ਹਾਂ ਦੇ ਮੁੜ ਉਠ ਖੜੇ ਹੋਣ ਵਿਚ ਕੋਈ ਸ਼ਕ ਵਾਲੀ ਗਲ ਹੀ ਨਹੀਂ ਸੀ। ਅਜਿਹੀ ਹਾਲਤ ਵਿਚ ਪੰਜਾਬ ਨੂੰ ਦੋ ਬਾਹਰਲੀਆਂ ਤਾਕਤਾਂ ਲਈ ਲੜਾਈ ਦਾ ਮੈਦਾਨ ਬਣਾ ਦੇਣਾ ਤੇ ਆਪਣੀ ਸਾਰੀ ਫ਼ੌਜੀ ਤਾਕਤ ਨੂੰ ਇਸ ਪਾਸੇ ਢੋ ਦੇਣਾ ਆਪਣੀ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਗਲ ਸੀ ਤੇ ਆਪਣੀ ਸਾਰੀ ਕੀਤੀ ਕੱਤਰੀ ਤੇ ਪਾਣੀ ਫੇਰਨਾ ਸੀ, ਕਿਉਂਕਿ ਮਹਾਰਾਜਾ ਸਾਹਿਬ ਦੇ ਇਧਰ ਜਾਣ ਦੀ ਦੇਰ ਸੀ ਕਿ ਪਿਛੋਂ ਝੁੱਗਾ ਚੌੜ ਸੀ। ਇਸ ਤੋਂ ਬਿਨਾ ਮਹਾਰਾਜਾ ਦੀ ਸਹਾਇਤਾ ਨਾਲ ਜੇ ਮਰਹੱਟੇ ਬਚ ਭੀ ਜਾਂਦੇ ਤਾਂ ਉਨ੍ਹਾਂ ਕੀ ਖੈਰ ਗੁਜ਼ਾਰਨੀ ਸੀ। ਉਹ ਤਾਂ ਅੱਗੇ ਹੀ ਸਿਖ ਰਿਆਸਤਾਂ ਨੂੰ ਹੜੱਪ ਕਰ ਜਾਣ ਲਈ ਮਗਰ-ਮੱਛ ਵਾਂਙੂ ਮੂੰਹ ਅੱਡੀ ਬੈਠੇ ਸਨ ਤੇ ਅੱਗੇ ਕਈ ਵਾਰੀ ਪਟਿਆਲੇ

ਆਦਿ ਦੇ ਇਲਾਕੇ ਤੇ ਇਸ ਮਤਲਬ ਲਈ ਹੱਲੇ ਕਰ ਚੁਕੇ ਸਨ। ਇਨ੍ਹਾਂ ਹਾਲਤਾਂ ਵਿਚ ਜੋ ਭੀ ਮਹਾਰਾਜਾ ਸਾਹਿਬ ਨੇ ਕੀਤਾ, ਬੜੀ ਅਕਲਮੰਦੀ ਦਾ ਕੰਮ ਸੀ। ਸਮਝੌਤੇ ਨਾਲ ਹੁਲਕਰ ਦੀ ਸਹਾਇਤਾ ਭੀ ਹੋ ਗਈ, ਕਿਉਂਕਿ ਉਹ ਲੇਕ ਦੇ ਸ਼ਕੰਜੇ 'ਚੋਂ ਬਚ ਗਿਆ ਤੇ ਪੰਜਾਬ ਤੋਂ ਆਫ਼ਤ ਭੀ ਵਲ ਗਈ।

ਇਸ ਦੇ ਉਪ੍ਰੰਤ ਮਹਾਰਾਜਾ ਸਾਹਿਬ ਆਪਣੇ ਰਾਜ ਨੂੰ ਪੱਕੇ ਪੈਰਾਂ ਤੇ ਕਰਨ ਲਈ ਜੁੱਟ ਗਏ ਤੇ ਪਰਜਾ ਦੇ ਸੁਖ ਦੀਆਂ ਤਜਵੀਜ਼ਾਂ ਸੋਚਣ ਲਗੇ, ਅਤੇ ਨਾਲੋ ਨਾਲ ਆਪਣੇ ਰਾਜ ਨੂੰ ਵਧਾਉਣ ਲਈ ਯੋਗ ਪ੍ਰਬੰਧ ਕਰਦੇ ਗਏ।

ਇਨ੍ਹਾਂ ਦਿਨਾਂ ਵਿਚ ਫ਼ਰਾਂਸ ਵਿਚ ਨੈਪੋਲੀਅਨ ਬੜੇ ਜ਼ੋਰਾਂ ਵਿਚ ਸੀ, ਜਿਸ ਕਰਕੇ ਅੰਗ੍ਰੇਜ਼ ਤਰਾਹ ਤਰਾਹ ਕਰ ਰਹੇ ਸਨ। ਨੈਪੋਲੀਅਨ ਦਾ, ਕਿਹਾ ਜਾਂਦਾ ਹੈ, ਖਿਆਲ ਸੀ ਕਿ ਰੂਸ ਨਾਲ ਸੁਲਹ ਕਰਕੇ ਤੁਰਕਾਂ ਤੇ ਈਰਾਨੀਆਂ ਦੀ ਸਹਾਇਤਾ ਨਾਲ ਹਿੰਦੁਸਤਾਨ ਤੇ ਹੱਲਾ ਕਰੇ, ਜਿਸ ਕਰਕੇ ਅੰਗ੍ਰੇਜ਼ਾਂ ਨੂੰ ਬਹੁਤ ਡਰ ਪੈ ਰਿਹਾ ਸੀ। ਉਨ੍ਹਾਂ ਇਸ ਲਈ ਅਗਾਊ ਬਾਨ੍ਹਣੂ ਬੰਨ੍ਹਣ ਲਈ ਅੱਡ ਅੱਡ ਦੇਸਾਂ ਨਾਲ ਮਿਤ੍ਰਤਾ ਦੇ ਸੰਬੰਧ ਪੈਦਾ ਕਰਨ ਲਈ ਆਪਣੇ ਸ਼ਫ਼ੀਰ ਭੇਜੇ। ਮਿ: ਚਾਰਲਸ ਮੈਟਕਾਫ਼ ਆਪਣੀ ਸਰਕਾਰ ਵਲੋਂ ਬਹੁਤ ਸਾਰੇ ਤੋਹਫ਼ੇ—ਇਕ ਅੰਗ੍ਰੇਜ਼ੀ ਗੱਡੀ, ਇਕ ਘੋੜਿਆਂ ਦੀ ਜੋੜੀ, ਤਿੰਨ ਹਾਥੀ, ਸੁਨਹਿਰੀ ਜੜਤ ਵਾਲੇ ਹੋਦੇ ਤੇ ਝੂਲੇ ਆਦਿ ਲੈਕੇ ਮਹਾਰਾਜਾ ਸਾਹਿਬ ਦੀ ਮੁਲਾਕਾਤ ਲਈ ਆਇਆ। ਉਸ ਦੇ ਲਾਹੌਰ ਪੁੱਜਣ ਤੋਂ ਪਹਿਲਾਂ ਹੀ ਮਹਾਰਾਜਾ ਸਾਹਿਬ ਕਸੂਰ ਆ ਗਏ, ਇਥੇ ੧੧ ਸਤੰਬਰ ੧੮੦੮ ਨੂੰ ਮੈਟਕਾਫ਼ ਨੇ ਮਹਾਰਾਜਾ ਸਾਹਿਬ ਨਾਲ ਮੁਲਾਕਾਤ ਕੀਤੀ ਅਤੇ ਉਸਦੇ ਕਈ ਮਹੀਨੇ ਬਾਦ ੨੫ ਅਪ੍ਰੈਲ ੧੮੦੯ ਨੂੰ ਮਹਾਰਾਜਾ ਨੇ ਸਰਕਾਰ ਅੰਗ੍ਰੇਜ਼ੀ ਨਾਲ ਮਿਤ੍ਰਤਾ ਦਾ ਅਹਿਦਨਾਮਾ ਪ੍ਰਵਾਨ ਕੀਤਾ।

ਹੁਣ ਮਹਾਰਾਜਾ ਸਾਹਿਬ ਨੇ ਆਪਣੀਆਂ ਜਿੱਤਾਂ ਦੀ ਹੱਦ ਲਹਿੰਦੇ ਤੇ ਪੱਛਮ ਵਲ ਨੂੰ ਵਧਾਈ ਤੇ ਬੜੇ ਬੜੇ ਭਾਰੇ ਯੁੱਧਾਂ ਜੰਗਾਂ ਦੇ ਬਾਦ ਮੁਲਤਾਨ,

ਕਸ਼ਮੀਰ ਤੇ ਪਿਸ਼ਾਵਰ ਆਦਿ ਸੂਬਿਆਂ ਨੂੰ ਫ਼ਤਹ ਕਰਕੇ ਸਾਰੇ ਪੰਜਾਬ ਤੇ ਖ਼ਾਲਸਈ ਰਾਜ ਦਾ ਝੰਡਾ ਝੁਲਾ ਦਿਤਾ। ਸਾਡੀ ਇੱਛਾ ਸੀ ਕਿ ਥੋੜਾ ਥੋੜਾ ਇਨ੍ਹਾਂ ਯੁੱਧਾਂ ਦਾ ਹਾਲ ਏਥੇ ਦਿੰਦੇ, ਪਰ ਥਾਂ ਦੀ ਥੁੜ੍ਹ ਕਰਕੇ ਇਹ ਸਭ ਕਿਸੇ ਹੋਰ ਵੇਲੇ ਲਈ ਛਡਕੇ ਮਹਾਰਾਜਾ ਸਾਹਿਬ ਦੇ ਨਿਜੀ ਗੁਣਾਂ ਦਾ ਜ਼ਿਕਰ ਜ਼ਰੂਰੀ ਸਮਝਦੇ ਹਾਂ।

ਮਹਾਰਾਜਾ ਸਾਹਿਬ ਬੜੇ ਗੁਰਮੁਖ ਸਿਖ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਦੇ ਖਾਸ ਪ੍ਰੇਮੀ ਤੇ ਨੇਮੀ ਸਨ ਅਤੇ ਉਨ੍ਹਾਂ ਦੇ ਰੋਜ਼ਾਨਾ ਪ੍ਰੋਗਰਾਮ ਵਿਚ ਗੁਰਬਾਣੀ ਦਾ ਪਾਠ ਇਕ ਜ਼ਰੂਰੀ ਗਲ ਸੀ, ਅਤੇ ਉਹ ਮਹਿਲਾਂ ਵਿਚ ਹੋਣ ਜਾਂ ਮੈਦਾਨ-ਜੰਗ ਵਿਚ, ਸਵੇਰੇ ਉਠਕੇ ਨਿਤਨੇਮ ਤੋਂ ਮਗਰੋਂ ਕਦੀ ਕੋਈ ਕੰਮ ਨਹੀਂ ਕਰਿਆ ਕਰਦੇ ਸਨ ਜਦ ਤਕ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਨ ਕਰ ਲੈਣ।

ਸਿਖਾਂ ਦੇ ਨਾਲੋ ਨਾਲ ਹਿੰਦੂਆਂ ਮੁਸਲਮਾਨਾਂ ਨੂੰ ਬਰਾਬਰ ਜਾਣਦੇ ਸਨ। ਉਨ੍ਹਾਂ ਦਾ ਹਿਰਦਾ ਪਖ-ਪਾਤ ਤੋਂ ਖਾਲੀ ਸੀ, ਜਿਸ ਦਾ ਸਬੂਤ ਇਸ ਗਲ ਤੋਂ ਮਿਲਦਾ ਹੈ ਕਿ ਰਾਜ ਦਰਬਾਰ ਵਿਚ ਵੱਡੇ ਵੱਡੇ ਅਹੁਦਿਆਂ ਤੇ ਹਰ ਧਰਮ ਦੇ ਆਦਮੀ ਰੱਖੇ ਹੋਏ ਸਨ। ਆਪ ਗੁਰਸਿਖਾਂ ਵਾਂਙੂ ਹਰ ਵੇਲੇ ਸੰਗਤ ਦਾ ਹੁਕਮ ਮੰਨਣ ਨੂੰ ਤਿਆਰ ਰਹਿੰਦੇ ਸਨ, ਜਿਸ ਸੰਬੰਧੀ ਕਈ ਕਹਾਣੀਆਂ ਮਸ਼ਹੂਰ ਹਨ ਜਿਨ੍ਹਾਂ ਵਿਚੋਂ ਅਕਾਲ ਤਖ਼ਤ ਦੇ ਸਾਹਮਣੇ ਦਰਬਾਰ ਵਿਚ ਕੋਰੜਿਆਂ ਦੀ ਮਾਰ ਦੀ ਸਜ਼ਾ ਕਬੂਲ ਕਰ ਲੈਣ ਵਾਲੀ ਖਾਸ ਵਿਸ਼ੇਸ਼ਤਾ ਰਖਦੀ ਹੈ।

ਉਨ੍ਹਾਂ ਸੰਬੰਧੀ ਬਹੁਤ ਸਾਰੀਆਂ ਗ਼ਲਤ ਗੱਲਾਂ ਭੀ ਮਸ਼ਹੂਰ ਹੋ ਗਈਆਂ ਹੋਈਆਂ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਉਹ ਨਸ਼ਾ ਪੀ ਲੈਂਦੇ ਸਨ ਤੇ ਰਾਗ ਰੰਗ ਦੇ ਭੀ ਸ਼ੌਕੀਨ ਸਨ, ਪਰ ਇਹ ਗਲ ਉੱਕੀ ਹੀ ਗਲਤ ਹੈ ਕਿ ਉਨ੍ਹਾਂ ਦਾ ਗਾਉਣ ਵਾਲੀਆਂ ਨਾਲ ਕੋਈ ਅਯੋਗ ਸੰਬੰਧ ਸੀ। ਰਾਗ ਰੰਗ ਸੁਣਨਾ ਤੇ ਮਜਲਸਾਂ ਲਗਵਾਣੀਆਂ ਉਸ ਜ਼ਮਾਨੇ ਦਾ ਰਿਵਾਜ ਸੀ। ਦੂਰ ਜਾਣ ਦੀ ਕੀ ਲੋੜ ਹੈ, ਅਜੇ ਥੋੜੇ ਚਿਰ ਦੀ ਗਲ ਹੈ ਕਿ ਵਿਆਹ

ਸ਼ਾਦੀਆਂ ਤੇ ਹੋਰ ਖ਼ੁਸ਼ੀ ਦੇ ਸਮੇਂ ਨਾਚ ਮੁਜਰੇ ਕਰਵਾਏ ਜਾਂਦੇ ਸਨ ਤੇ ਹਰ ਪ੍ਰਕਾਰ ਦੇ ਆਦਮੀ, ਬੱਚੇ, ਨੌਜਵਾਨ ਤੇ ਬੁੱਢੇ ਵੇਖਣ ਜਾਂਦੇ ਸਨ। ਕੀ ਇਸਦਾ ਏਹ ਮਤਲਬ ਹੈ ਕਿ ਇਹ ਸਾਰੇ ਬਦਮਾਸ਼ ਸਨ ਯਾ ਉਨ੍ਹਾਂ ਦਾ ਗਾਉਣ ਵਾਲੀਆਂ ਇਸਤ੍ਰੀਆਂ ਨਾਲ ਕੋਈ ਅਯੋਗ ਸੰਬੰਧ ਹੁੰਦਾ ਸੀ? ਕੀ ਈਸਾਈ ਦੇਸਾਂ ਤੇ ਕੌਮਾਂ ਵਿਚ ਨਾਚ ਕਰਨ ਤੇ ਦੇਖਣ ਵਾਲੇ ਸਾਰੇ ਬਦਮਾਸ਼ ਹੁੰਦੇ ਹਨ? ਨਹੀਂ, ਏਹ ਦੇਸ ਦੇਸ ਤੇ ਸਮੇਂ ਸਮੇਂ ਦਾ ਰਿਵਾਜ ਹੈ।

ਮਹਾਰਾਜਾ ਸਾਹਿਬ ਦੇ ਦਿਲ ਵਿਚ ਪਰਜਾ ਦੇ ਸੁਖ ਲਈ ਬੜੀ ਭਾਰੀ ਇੱਛਾ ਸੀ। ਉਹ ਕਿਸੇ ਨੂੰ ਭੀ ਅਪਣੇ ਰਾਜ ਵਿਚ ਦੁਖੀ ਨਹੀਂ ਵੇਖਣਾ ਚਾਹੁੰਦੇ ਸਨ। ਗਰੀਬ ਤੋਂ ਗਰੀਬ ਆਦਮੀ ਦੀ ਉਨ੍ਹਾਂ ਤਕ ਸਿੱਧੀ ਪਹੁੰਚ ਹੋ ਸਕਦੀ ਸੀ। ਸਵੇਰੇ ਸ਼ਾਮ ਜਦ ਕਿ ਉਹ ਬਾਹਰ ਜਾਇਆ ਕਰਦੇ ਸਨ, ਜੇ ਕਿਸੇ ਨੂੰ ਭੀ ਪੱਲਾ ਉੱਚਾ ਕਰਕੇ ਹਿਲਾਉਂਦੇ ਵੇਖਦੇ, ਝਟ ਹਾਥੀ ਨੂੰ ਖੜਾ ਕਰਕੇ ਉਸ ਦੀ ਫ਼ਰਿਆਦ ਸੁਣਦੇ ਸਨ। ਆਮ ਲੋਕਾਂ ਤੇ ਗਰੀਬਾਂ ਦੇ ਸੁਖ ਲਈ ਉਨ੍ਹਾਂ ਲਾਹੌਰ ਦੀ ਵੱਡੀ ਸੜਕ ਉਤੇ ਜਿਥੋਂ ਦੀ ਉਹ ਆਮ ਤੌਰ ਤੇ ਲੰਘਿਆ ਕਰਦੇ ਸਨ, ਡਾਕਖਾਨੇ ਦੇ ਬਕਸਾਂ ਵਾਂਙੂ ਸੰਦੂਕ ਲਾਏ ਹੋਏ ਸਨ ਜਿਸ ਵਿਚ ਲੋਕੀ ਅਪਣੀਆਂ ਫ਼ਰਿਆਦਾਂ ਦੀਆਂ ਅਰਜ਼ੀਆਂ ਬਿਨਾ ਰੋਕ ਟੋਕ ਪਾ ਸਕਦੇ ਸਨ।

ਅਦਾਲਤਾਂ ਵਿਚ ਇਤਨੀ ਅਨ੍ਹੇਰ-ਗਰਦੀ ਨਹੀਂ ਹੁੰਦੀ ਸੀ ਤੇ ਨਾ ਹੀ ਇਨਸਾਫ਼ ਇਤਨਾ ਮਹਿੰਗਾ ਹੁੰਦਾ ਸੀ। ਮਹਾਰਾਜਾ ਸਾਹਿਬ ਆਪ ਭੀ ਦਰਬਾਰ ਲਾਕੇ ਅਦਾਲਤ ਕਰਿਆ ਕਰਦੇ ਸਨ ਤੇ ਝੂਠ-ਸਚ ਨੂੰ ਨਿਤਾਰ ਕੇ ਦੋਸ਼ੀ ਨੂੰ ਯੋਗ ਦੰਡ ਦਿੰਦੇ ਸਨ।

ਮਹਾਰਾਜਾ ਸਾਹਿਬ ਜਿਥੇ ਸੂਰਬੀਰ ਯੋਧਾ ਤੇ ਜ਼ਬਰਦਸਤ ਸੈਨਿਕ ਸਨ ਓਥੇ ਹਦ ਦਰਜੇ ਦੇ ਰਹਿਮ-ਦਿਲ ਤੇ ਉਦਾਰ-ਚਿਤ ਸਨ। ਆਪ ਨੇ ਅਪਣੇ ਹੱਥਾਂ ਨਾਲ ਕਦੇ ਕਿਸੇ ਨੂੰ ਭੀ ਯੁਧ ਦੇ ਮੈਦਾਨ ਤੋਂ ਬਾਹਰ ਨਹੀਂ ਮਾਰਿਆ ਅਤੇ ਨਾ ਹੀ ਕਿਸੇ ਹੋਰ ਨੂੰ ਮਾਰਨ ਦਿੰਦੇ ਸਨ। ਮਹਾਰਾਜਾ ਸਾਹਿਬ ਜਿਸ ਤਰ੍ਹਾਂ ਆਪ ਸਾਫ਼ ਦਿਲ ਸਨ ਓਸੇ ਤਰ੍ਹਾਂ ਦੂਜਿਆਂ ਨੂੰ ਭੀ

ਸਾਫ਼ ਦਿਲ ਹੀ ਜਾਣਿਆ ਕਰਦੇ ਸਨ ਤੇ ਜਿਸਤੇ ਇਕ ਵਾਰੀ ਇਤਬਾਰ ਕਰ ਲੈਂਦੇ ਸਨ ਬਸ ਉਸਨੂੰ ਸਾਰੀ ਉਮਰ ਲਈ ਇਤਬਾਰੀ ਸਮਝੀ ਜਾਂਦੇ ਸਨ। ਕਈ ਵਾਰ ਉਨ੍ਹਾਂ ਦਾ ਇਹ ਗੁਣ ਔਗੁਣ ਭੀ ਹੋ ਜਾਂਦਾ ਸੀ ਜਿਸ ਦਾ ਕਿ ਇਕ ਉਦਾਹਰਣ ਡੋਗਰਾ ਤ੍ਰਿੱਕੜੀ ਹੈ।

ਮਹਾਰਾਜਾ ਰਣਜੀਤ ਸਿੰਘ ਜੀ ਰਾਜ ਦਾ ਇਕ ਕਰਾਮਾਤੀ ਨਮੂਨਾ ਕਾਇਮ ਕਰਕੇ ੧੫ ਹਾੜ੍ਹ ਸੰਮਤ ੧੮੯੬ ਨੂੰ ਗੁਰਪੁਰੀ ਨੂੰ ਸਿਧਾਰ ਗਏ।

ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਆਪਣੇ ਜ਼ਮਾਨੇ ਦਾ ਇਕ ਆਦਰਸ਼ ਰਾਜ ਸੀ, ਜਿਸ ਦੀ ਯਾਦ ਅਜ ਤਕ ਹਰ ਇਕ ਪੰਜਾਬੀ ਬੱਚੇ ਦੀ ਛਾਤੀ ਉਤੇ ਲਿਖੀ ਹੋਈ ਹੈ ਅਤੇ ਹਰ ਇਕ ਪੰਜਾਬੀ ਬੱਚੇ ਦਾ ਏਹ ਫ਼ਰਜ਼ ਹੈ ਕਿ ਮਹਾਰਾਜਾ ਸਾਹਿਬ ਦੇ ਰਾਜ ਦੇ ਸਮੇ ਤੇ ਉਸਦੇ ਗੁਣਾਂ ਨੂੰ ਯਾਦ ਕਰਕੇ ਇਕ ਕੌਮੀ ਸੂਰਮੇ ਦੀ ਹੈਸੀਅਤ ਵਿਚ ਓਸ ਮਹਾਂ ਪੁਰਖ ਅਗੇ ਬੜੇ ਸਤਿਕਾਰ ਨਾਲ ਆਪਣਾ ਸਿਰ ਝੁਕਾਵੇ ਤੇ ਹਰ ਵੇਲੇ ਉਸ ਦੀ ਯਾਦ ਆਪਣੇ ਹਿਰਦੇ ਵਿਚ ਧਾਰਣ ਕਰੇ।

ਰੋਪੜ ਦੀ ਮੁਲਾਕਾਤ

੧੯੩੧ ਦੇ ਟਾਈਮਜ਼ ਆਫ਼ ਇੰਡੀਆ ਦੇ ਸਾਲਨਾਮੇ ਵਿੱਚ Episodes of Indian History No. 4 ਪਲੇਟ ਉਤੇ ਲਾਰਡ ਵਿਲੀਅਮ ਬੈਂਟਿੰਕ ਤੇ ਮਹਾਰਾਜਾ ਰਣਜੀਤ ਸਿੰਘ ਦੀ ਸੰਨ ੧੮੩੧ ਦੀ ਰੋਪੜ ਵਾਲੀ ਮੁਲਾਕਾਤ ਦੀ ਤਸਵੀਰ ਛਪੀ ਹੈ। ਇਸ ਵਿੱਚ ਲਾਰਡ ਵਿਲੀਅਮ ਬੈਂਟਿੰਕ ਨੂੰ ਬੜੇ ਰੋਅਬ ਦਾਬ ਨਾਲ ਆਪਣੇ ਅਫ਼ਸਰਾਂ ਸਮੇਤ ਦਰਬਾਰੀ ਮੇਜ਼ ਪਾਸ ਇਕ ਉੱਚੇ ਥਾਂ ਪਰ ਖੜੇ ਦੱਸਿਆ, ਤੇ ਮਹਾਰਾਜਾ ਰਣਜੀਤ ਸਿੰਘ ਜੀ ਨੂੰ ਹੇਠਾਂ ਘਬਰਾਹਟ ਨਾਲ ਠਠੰਬਰੀ ਹਾਲਤ ਵਿੱਚ ਲਾਟ ਸਾਹਿਬ ਅੱਗੇ ਹੀਰੇ ਮੋਤੀਆਂ ਦੇ ਸੰਦੂਕ ਭੇਟਾ ਕਰਦੇ ਦਿਖਾਇਆ ਹੈ, ਤੇ ਤਸਵੀਰ ਇਸ ਤਰ੍ਹਾਂ ਬਣਾਈ ਹੈ ਕਿ ਜਿਸ ਤਰ੍ਹਾਂ ਮਹਾਰਾਜਾ ਡਰ ਨਾਲ ਕੰਬ ਰਿਹਾ ਹੋਵੇ। ਲੱਕ ਦਾ ਝੁਕਾ ਤੇ ਹੱਥਾਂ ਦੇ ਕਾਂਬੇ ਤੋਂ ਇਉਂ ਪਰਤੀਤ ਹੁੰਦਾ ਹੈ ਕਿ ਜਿਸ ਤਰ੍ਹਾਂ ਕਿਸੇ ਛੋਟੇ ਜਾਗੀਰਦਾਰ ਸਰਦਾਰ ਨੂੰ ਆਪਣੇ ਬਾਦਸ਼ਾਹ ਅੱਗੇ ਨਜ਼ਰ ਪੇਸ਼ ਕਰਨ ਵੇਲੇ ਹੱਥ ਪੈਰ ਪਏ ਹੋਏ ਹੁੰਦੇ ਹਨ।

ਸੌ ਸਾਲ ਬਾਦ੍ਹ ਟਾਈਮਜ਼ ਵਾਲਿਆਂ ਨੇ ਹੁਣ ਏਹ ਪੁੱਠੀ ਤਸਵੀਰ ਬਣਾਕੇ ਅੰਗ੍ਰੇਜ਼ਾਂ ਦਾ ਪਾਸਾ ਭਾਰਾ ਦੱਸਣ ਲਈ ਉਲਟੀ ਗੰਗਾ ਪਹੋਏ ਨੂੰ ਚਲਾਈ ਹੈ ਤੇ ਅੰਗ੍ਰੇਜ਼ਾਂ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਨੂੰ ਨੀਵਾਂ ਦੱਸਣ ਲਈ ਏਹ ਸ਼ਰਾਰਤ ਭਰੀ ਚਾਲਾਕੀ ਕੀਤੀ ਹੈ। ਏਹ ਤਸਵੀਰ ਇਤਿਹਾਸਕ ਨੁਕਤੇ ਤੋਂ ਅਸਲੀ ਵਾਕਿਆਤ ਦੇ ਬਿਲਕੁਲ ਹੀ ਉਲਟ ਹੈ, ਹਾਲਾਂ ਕਿ

ਮਹਾਰਾਜਾ ਸਾਹਿਬ ਦੀ ਦਿਨੋ ਦਿਨ ਵੱਧ ਰਹੀ ਖ਼ਾਲਸਾ ਤਾਕਤ ਤੋਂ ਅੰਦਰੋਂ ਡਰਦੇ ਹੋਣ ਕਰ ਕੇ ਉਨ੍ਹਾਂ ਨੂੰ ਖ਼ੁਸ਼ ਕਰਨ ਤੇ ਆਪਣੀ ਦੋਸਤੀ ਦਾ ਯਕੀਨ ਦਿਲੌਣ ਲਈ ਤੋਹਫ਼ੇ ਪੇਸ਼ ਕਰਨ ਵਾਸਤੇ ਇਸ ਮੁਲਾਕਾਤ ਲਈ ਮਿੰਨਤਾਂ ਕਰਕੇ ਪ੍ਰਬੰਧ ਕੀਤਾ ਗਿਆ ਸੀ, ਤੇ ਉਨ੍ਹਾਂ ਦੇ ਰੋਪੜ ਪਹੁੰਚਣ ਪਰ ਕੋਈ ਪੌਣੇ ਕੁ ਘੰਟੇ ਦੇ ਅੰਦਰ ਅੰਦਰ ਹੀ ਲਾਰਡ ਬੈਂਟਿੰਕ ਵਲੋਂ ਜੋ ਪਹਿਲਾਂ ਹੀ ਰੋਪੜ ਬੈਠਾ ਉਡੀਕਦਾ ਸੀ, ਇਕ ਡੈਪੂਟੇਸ਼ਨ ਮਹਾਰਾਜਾ ਸਾਹਿਬ ਦੀ ਸੇਵਾ ਵਿੱਚ ਸਲਾਮ ਕਰਨ ਲਈ ਪੁੱਜਾ। ਦੂਸਰੇ ਦਿਨ ਲਾਰਡ ਬੈਂਟਿੰਕ ਨੇ ਪਹਿਲਾਂ ਆਪ ਅੰਗਰੇਜ਼ੀ ਹਕੂਮਤ ਵੱਲੋਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਅੱਗੇ ਤੋਹਫ਼ਿਆਂ ਦੀ ਨਜ਼ਰ ਪੇਸ਼ ਕੀਤੀ ਸੀ, ਜਿਸਦੇ ਜਵਾਬ ਵਜੋਂ ਮਹਾਰਾਜਾ ਵੱਲੋਂ ਭੀ ਕੁਝ ਅੱਧ-ਪਚੱਧ ਦੇ ਕੇ ਰਸਮ ਜੇਹੀ ਪੂਰੀ ਕੀਤੀ ਗਈ ਸੀ, ਜਿਸਦੇ ਹੇਠ ਲਿਖੇ ਵੇਰਵੇ ਤੋਂ ਸਾਫ਼ ਅਸਲੀ ਹਾਲਤ ਤੇ ਵਾਕਿਆਤ ਦਾ ਸਹੀ ਸਹੀ ਪਤਾ ਲੱਗਦਾ ਹੈ। ਹੇਠ ਲਿਖੀ ਅੱਖੀਂ ਡਿੱਠੀ ਕਹਾਣੀ ਅਗਰੇਜ਼ਾਂ ਦੀ ਆਪਣੀ ਜ਼ਬਾਨੀ ਹੈ ਜਿਸਦਾ ਅੱਖਰ ਅੱਖਰ ਅੰਗਰੇਜ਼ਾਂ ਦੀਆਂ ਲਿਖਤਾਂ ਤੋਂ ਸਾਬਤ ਕੀਤਾ ਜਾ ਸਕਦਾ ਹੈ।

ਏਥੇ ਅਸੀਂ ਮੁਲਾਕਾਤ ਸੰਬੰਧੀ ਪਹਿਲੀ ਰਾਮ-ਕਹਾਣੀ ਨੂੰ, ਕਿ ਅੰਗਰੇਜ਼ਾਂ ਵਲੋਂ ਕਿਸ ਲਈ, ਕਿਸ ਤਰ੍ਹਾਂ ਤੇ ਕਿਨ੍ਹਾਂ ਯਤਨਾਂ ਤੇ ਤਰਲਿਆਂ ਨਾਲ ਏਹ ਪ੍ਰਬੰਧ ਕੀਤਾ ਗਿਆ ਸੀ, ਨਾ ਛੇੜਦੇ ਹੋਏ ਕੇਵਲ ਮੁਲਾਕਾਤ ਦੇ ਹਾਲ–ਤੇ ਉਹ ਭੀ ਸੰਖੇਪ ਨਾਲ–ਹੀ ਲਿਖਾਂਗੇ, ਜਿਸ ਨਾਲ ਅਸਲੀਅਤ ਆਪਣੇ ਮੂੰਹੋਂ ਆਪ ਬੋਲ ਉੱਠੇਗੀ।

ਮੁਲਾਕਾਤ ਦਾ ਤਾਂਘੀ ਲਾਰਡ ਵਿਲੀਅਮ ਬੈਂਟਿੰਕ ਪਹਿਲਾਂ ਹੀ ਰੋਪੜ ਆ ਪੁੱਜਾ ਹੋਇਆ ਸੀ।

੨੫ ਅਕਤੂਬਰ ਸੰਨ ੧੮੩੧ ਨੂੰ ਸਵੇਰੇ ਅੱਠ ਵਜੇ ਸਿੰਘ ਸਾਹਿਬ ਮਹਾਰਾਜਾ ਰਣਜੀਤ ਸਿੰਘ ਰੋਪੜ ਪੁੱਜੇ। ਉਨ੍ਹਾਂ ਦੇ ਪੁੱਜਣ ਦੇ ਝੱਬ ਹੀ ਪਿਛੋਂ ਲਾਰਡ ਬੈਂਟਿੰਕ ਵੱਲੋਂ ਇਕ ਡੈਪੂਟੇਸ਼ਨ ਜਿਸ ਵਿੱਚ ਉਸਦਾ ਸਰਹੱਦੀ ਏਜੰਟ

ਮਿਸਟਰ ਪ੍ਰਿੰਸਪ, ਜਰਨੈਲ ਰੈਮਜ਼ੇ ਅਤੇ ਦੋ ਹੋਰ ਵੱਡੇ ਅਫ਼ਸਰ ਸਨ, ਕਰਨੈਲ ਸਕਿੱਨਰ ਦੇ ਸਠ ਘੋੜ-ਚੜ੍ਹਿਆਂ ਨਾਲ, ਸਲਾਮ ਕਰਨ ਲਈ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿੱਚ ਪੁੱਜਾ। ਮਹਾਰਾਜਾ ਸਾਹਿਬ ਨੇ ਉਨ੍ਹਾਂ ਦਾ ਪੰਦਰਾਂ ਤੋਪਾਂ ਨਾਲ ਸੁਆਗਤ ਕੀਤਾ।

ਥੋੜੀ ਦੇਰ ਦੀ ਗਲ ਬਾਤ ਦੇ ਪਿੱਛੋਂ ਡੈਪੂਟੇਸ਼ਨ ਵਿਦਾ ਹੋਇਆ ਤੇ ਮਗਰੋਂ ਮੁਲਾਕਾਤ ਮੋੜਨ ਦੀ ਰਸਮ ਅਨੁਸਾਰ ਕੰਵਰ ਖੜਕ ਸਿੰਘ ਗਵਰਨਰ ਜਨਰਲ ਨੂੰ ਮਿਲਣ ਗਏ, ਜਿਸ ਪਰ ਲਾਟ ਸਾਹਿਬ ਨੇ ਕੰਵਰ ਸਾਹਿਬ ਨੂੰ ਸਤਾਰਾਂ ਤੋਪਾਂ (ਆਪਣੇ ਡੈਪੂਟੇਸ਼ਨ ਨੂੰ ਮਿਲੀਆਂ ਨਾਲੋਂ ਦੋ ਤੋਪਾਂ ਵੱਧ) ਨਾਲ ਸਲਾਮੀ ਦਿੱਤੀ। ਚੂੰਕਿ ਗਵਰਨਰ ਜਨਰਲ ਬੈਂਟਿਕ ਮਹਾਰਾਜਾ ਰਣਜੀਤ ਸਿੰਘ ਸਾਹਿਬ ਨੂੰ ਆਪਣੀ ਸਰਕਾਰ ਵੱਲੋਂ ਤੋਹਫੇ ਨਜ਼ਰ ਕਰਨਾ ਤੇ ਅੰਗਰੇਜ਼ੀ ਹਕੂਮਤ ਵਲੋਂ ਦੋਸਤੀ ਦੇ ਸੰਬੰਧ ਦੀ ਪਕਿਆਈ ਦਾ ਭਰੋਸਾ ਦਿਵਾਉਣਾ ਚਾਹੁੰਦਾ ਸੀ, ਇਸ ਲਈ ਕੰਵਰ ਸਾਹਿਬ ਨੇ ਏਹ ਗਲ ਮੰਨ ਲਈ ਕਿ ਸਵੇਰੇ ਮਹਾਰਾਜਾ ਸਾਹਿਬ ਤੇ ਗਵਰਨਰ ਜਨਰਲ ਦੀ ਮੁਲਾਕਾਤ ਹੋਵੇਗੀ।

੨੬ ਅਕਤੂਬਰ ਨੂੰ ਮਹਾਰਾਜਾ ਅੰਗਰੇਜ਼ੀ ਕੈਂਪ ਵਿੱਚ ਗਏ। ਸਾਰੇ ਅੰਗਰੇਜ਼ੀ ਫੌਜੀ, ਲਾਟ ਸਾਹਿਬ ਦੇ ਤੰਬੂ ਤੋਂ ਮਹਾਰਾਜਾ ਸਾਹਿਬ ਦੇ ਕੈਂਪ ਤਕ ਸੜਕ ਬਣਾ ਕੇ ਕਤਾਰਾਂ ਵਿੱਚ ਸਲਾਮੀ ਲਈ ਖੜੇ ਸਨ। ਮਹਾਰਾਜਾ ਸਾਹਿਬ ਰੇਸ਼ਮੀ ਤੇ ਬਨਾਤੀ ਵਰਦੀਆਂ ਵਾਲੇ ਤੇ ਬੜੇ ਖ਼ੂਬਸੂਰਤ ਬਹੁਮੁੱਲੇ ਸ਼ਸਤਰ-ਧਾਰੀ ਇਕ ਹਜ਼ਾਰ ਘੋੜ-ਚੜ੍ਹਿਆਂ ਨਾਲ ਸਵੇਰੇ ਨੌ ਵਜੇ ਪੁੱਜੇ। ਜਿੱਥੋਂ ਦੀ ਉਹ ਲੰਘਦੇ ਜਾਂਦੇ ਸਨ, ਪਲਟਣਾਂ ਵਾਰੋ ਵਾਰੀ ਸਲਾਮ ਕਰਦੀਆਂ ਸਨ। ਕੰਪਨੀ ਦਾ ਝੰਡਾ ਸਲਾਮੀ ਲਈ ਨੀਵਾ ਕਰ ਦਿੱਤਾ ਗਿਆ ਤੇ ਲਾਰਡ ਬੈਂਟਿਕ ਨੇ ਸਰਕਾਰੀ ਤੰਬੂ ਤੋਂ ੨੦੦ ਗਜ਼ ਅੱਗੇ ਆਕੇ ਮਹਾਰਾਜਾ ਸਾਹਿਬ ਦਾ ਸੁਆਗਤ ਕੀਤਾ। ਬੈਂਟਿਕ ਬੜੀ ਇੱਜ਼ਤ ਨਾਲ ਉਨ੍ਹਾਂ ਨੂੰ ਤੰਬੂ ਵਿੱਚ ਲੈ ਗਿਆ ਤੇ ਰਾਜ਼ੀ ਖ਼ੁਸ਼ੀ ਪੁੱਛਣ ਤੇ ਥੋੜੀ ਜਿਹੀ ਗਲ ਬਾਤ ਪਿੱਛੋਂ ਤੋਹਫ਼ਿਆਂ ਦੀਆਂ ਦੋ ਸੌ ਤਸ਼ਤਰੀਆਂ ਨਜ਼ਰ ਭੇਟਾ

ਕੀਤੀਆਂ, ਜਿਨ੍ਹਾਂ ਵਿੱਚ ਦੁਸ਼ਾਲੇ, ਰੇਸ਼ਮ, ਬਨਾਤ, ਕੀਮਖ਼ਾਬ, ਸਾਲਹੇ ਤੇ ਕਈ ਹੋਰ ਚੀਜ਼ਾਂ ਸਨ। ਇਨ੍ਹਾਂ ਦੇ ਨਾਲ ਹੀ ਬਹੁਤ ਸਾਰੀਆਂ ਦੁਨਾਲੀਆਂ ਬੰਦੂਕਾਂ, ਪਿਸਤੌਲ, ਦੋ ਘੋੜੇ ਤੇ ਦੋ ਹਾਥੀ ਮਹਾਰਾਜਾ ਸਾਹਿਬ ਦੀ ਪ੍ਰਵਾਨਗੀ ਲਈ ਪੇਸ਼ ਕੀਤੇ। ਦਸ ਬਜੇ (ਕੁਲ ਘੰਟਾ ਕੁ ਠਹਿਰ ਕੇ) ਮਹਾਰਾਜਾ ਸਾਹਿਬ ਵਿਦਾ ਹੋ ਆਏ, ਜਦ ਕਿ ਅੰਗਰੇਜ਼ਾਂ ਨੇ ੨੧ ਤੋਪਾਂ ਨਾਲ ਸ਼ਾਹੀ ਸਲਾਮੀ ਦਿੱਤੀ। ਖ਼ਾਲਸਾ ਕੈਂਪ ਵਿੱਚ ਮਹਾਰਾਜਾ ਦੇ ਪੁੱਜਣ ਪਰ ੫੦ ਤੋਪਾਂ ਚਲਾਈਆਂ ਗਈਆਂ।

੨੭ ਅਕਤੂਬਰ ਨੂੰ ਸੱਤ ਕੁ ਵਜੇ ਸਵੇਰੇ ਲਾਰਡ ਬੈਂਟਿੰਕ ਮਹਾਰਾਜਾ ਸਾਹਿਬ ਨੂੰ ਮਿਲਣ ਆਇਆ। ਕੰਵਰ ਖੜਕ ਸਿੰਘ ਉਸਨੂੰ ਦਰਿਆ ਦੇ ਪਾਰਲੇ ਕੰਢੇ ਤੇ ਮਿਲੇ ਤੇ ਨਾਲ ਲੈ ਆਏ। ਜਦ ਪੁਲ ਲੰਘ ਆਏ ਤਾਂ ਮਹਾਰਾਜਾ ਸਾਹਿਬ ਹਾਥੀ ਪਰ ਸਵਾਰ ਹੋ ਕੇ ਅੱਗੇ ਵਧੇ ਤੇ ਹੱਥ ਮਿਲਾਕੇ ਬੈਂਟਿੰਕ ਨੂੰ ਆਪਣੇ ਹੌਦੇ ਵਿੱਚ ਬਿਠਾ ਲਿਆ, ਤੇ ਪੈਦਲ ਤੇ ਘੋੜ-ਸਵਾਰ ਫ਼ੌਜ ਵਿਚ ਦੀ ਲੰਘ ਕੇ ਦਰਬਾਰ ਵਿੱਚ ਪੁੱਜੇ। ਦਰਬਾਰ ਦੀ ਦੋ ਕੁ ਹਜ਼ਾਰ ਗਜ਼ ਥਾਂ ਰੇਸ਼ਮੀ ਕਨਾਤਾਂ ਨਾਲ ਬਗਲੀ ਹੋਈ ਸੀ। ਵਿਚਕਾਰ ਬਾਦਸ਼ਾਹੀ ਤੰਬੂ ਸਜ ਰਿਹਾ ਸੀ। ਤੰਬੂ ਕਿਰਮਚੀ ਕੱਪੜੇ ਦਾ ਬਣਿਆ ਹੋਇਆ ਸੀ, ਅੰਦਰ ਸੋਨੇ ਦੇ ਕੰਮ ਵਾਲੀ ਪੀਲੀ ਬਨਾਤ ਲਗੀ ਹੋਈ ਸੀ, ਹੇਠਾਂ ਵਧੀਆ ਬਹੁਮੁੱਲੇ ਦੁਸ਼ਾਲਿਆਂ ਦੀਆਂ ਦਰੀਆਂ ਵਿਛੀਆਂ ਹੋਈਆਂ ਸਨ ਜਿਨ੍ਹਾਂ ਨਾਲ ਦਰਬਾਰ ਦੀ ਸ਼ਾਨ ਵੱਧ ਰਹੀ ਸੀ।

ਬਾਹਰ ਸਜੇ ਹੋਏ ਘੋੜੇ ਅੱਡ ਅੱਡ ਥਾਵਾਂ ਤੇ ਬੜੀ ਸੋਹਣੀ ਤਰ੍ਹਾਂ ਕਤਾਰਾਂ ਵਿਚ ਬੱਧੇ ਖੜੇ ਸਨ।

ਹਾਥੀ ਤੋਂ ਉਤਰਨ ਵੇਲੇ ੨੧ ਤੋਪਾਂ ਦੀ ਸਲਾਮੀ ਹੋਈ ਤੇ ਦਰਬਾਰ ਵਿਚ ਲਿਜਾਕੇ ਲਾਰਡ ਬੈਂਟਿੰਕ ਨੂੰ ਮਹਾਰਾਜਾ ਰਣਜੀਤ ਸਿੰਘ ਸਾਹਿਬ ਦੇ ਖੱਬੇ ਪਾਸੇ ਬਿਠਾਇਆ ਗਿਆ। ਮਹਾਰਾਜਾ ਸਾਹਿਬ ਦੇ ਸੱਜੇ ਪਾਸੇ ਕੰਵਰ ਖੜਕ ਸਿੰਘ ਬਿਰਾਜਮਾਨ ਸਨ। ਏਧਰ ਓਧਰ ਕੋਈ ਵੀਹ ਕੁ ਸਰਦਾਰ,

ਜਿਨ੍ਹਾਂ ਨੇ ਬੜੀਆਂ ਕੀਮਤੀ ਤੇ ਸੋਹਣੀਆਂ ਸੋਹਣੀਆਂ ਵਰਦੀਆਂ ਤੇ ਸ਼ਸਤਰ ਸਜਾਏ ਹੋਏ ਸਨ, ਬੈਠੇ ਸਨ। ਉਨ੍ਹਾਂ ਦੇ ਆਲੇ ਦੁਆਲੇ ਸਰਦਾਰਾਂ ਦੇ ਆਪਣੇ ਅਫ਼ਸਰ ਤੇ ਮੁਸਾਹਿਬ ਆਪਣੇ ਆਪਣੇ ਅਹੁਦੇ ਤੇ ਦਰਜ਼ੇ ਅਨੁਸਾਰ ਸਜ ਰਹੇ ਸਨ। ਮਹਾਰਾਜਾ ਸਾਹਿਬ ਤੇ ਬੈਂਟਿਕ ਦੇ ਲਾਗੇ ਹੀ ਕਪਤਾਨ ਵੇਡ, ਜੋ ਦੋਹਾਂ ਵਿਚਕਾਰ ਦੁਭਾਖੀਏ ਇੰਟਰਪ੍ਰੈਟਰ ਦਾ ਕੰਮ ਕਰਦਾ ਸੀ, ਬੈਠਾ ਹੋਇਆ ਸੀ।

ਕੁਝ ਚਿਰ ਗਲ ਬਾਤ ਪਿੱਛੋਂ ਮਹਾਰਾਜਾ ਸਾਹਿਬ ਨੇ ਤਿੰਨ ਕੁ ਸੌ ਸਰਦਾਰਾਂ ਨਾਲ ਗਵਰਨਰ ਜਨਰਲ ਦੀ ਜਾਣ ਪਛਾਣ ਕਰਾਈ। ਸੂਰਬੀਰ ਸਰਦਾਰਾਂ ਦੀ ਸਜ ਧਜ, ਸ਼ੇਰਾਂ ਵਰਗੇ ਚੇਹਰਿਆਂ ਵਾਲੇ ਕੜਛ-ਜੁਆਨਾਂ ਦੀ ਸ਼ਾਨ ਅਤੇ ਉਨ੍ਹਾਂ ਦੀ ਵਰਦੀ ਤੇ ਸ਼ਸਤਰਾਂ ਨੂੰ ਦੇਖ ਦੇਖ ਬੈਂਟਿਕ ਦੀ ਹੋਸ਼ ਉਡ ਰਹੀ ਸੀ ਤੇ ਉਨ੍ਹਾਂ ਦਾ ਡਾਢਾ ਰੋਹਬ ਉਸਦੇ ਦਿਲ ਤੇ ਬੈਠ ਰਿਹਾ ਸੀ। ਇਸ ਦੇ ਬਾਦ ਅੰਗਰੇਜ਼ ਅਫਸਰ ਮਹਾਰਾਜਾ ਸਾਹਿਬ ਨੂੰ ਮਿਲਾਏ ਗਏ।

ਕੁਝ ਚਿਰ ਰਾਗ ਰੰਗ ਹੋ ਹਟਣ ਮਗਰੋਂ ਮਹਾਰਾਜਾ ਸਾਹਿਬ ਨੇ ਆਪਣੀ ਵਲੋਂ—ਕਿਉਂ ਕਿ ਆਪ ਤੋਹਫ਼ੇ ਲੈਕੇ ਉਨ੍ਹਾਂ ਨੂੰ ਉੱਕਾ ਹੀ ਖ਼ਾਲੀ ਤਾਂ ਨਹੀਂ ਸੀ ਨਾ ਤੋਰਿਆ ਜਾਂਦਾ—ਦੇਸੀ ਚੀਜ਼ਾਂ ਦੀਆਂ ਇੱਕ ਸੌ (ਉਨ੍ਹਾਂ ਵਲੋਂ ਆਈਆਂ ਨਾਲੋਂ ਅੱਧੀਆਂ) ਤਸ਼ਤਰੀਆਂ ਆਈਆਂ ਤੇ ਮਹਾਰਾਜਾ ਸਾਹਿਬ ਨੇ ਇਕ ਮਾਲਾ ਬੈਂਟਿਕ ਦੇ ਗਲ ਚਾ ਪਾਈ। ਇਸ ਤੋਂ ਬਿਨਾਂ ਦੋ ਘੋੜੇ ਤੇ ਇੱਕ ਹਾਥੀ (ਏਥੇ ਭੀ ਅੱਧ ਹੀ) ਦਿੱਤੇ। ਸ਼ਸਤਰ ਆਦਿ ਕੋਈ ਚੀਜ਼ ਦੇਣ ਦਾ ਨਾਮ ਹੀ ਨਹੀਂ ਆਉਂਦਾ।

ਜਦ ਲਾਰਡ ਬੈਂਟਿਕ ਛੁੱਟੀ ਲੈਣ ਲਈ ਖੜਾ ਹੋਇਆ ਤਾਂ ਏਧਰ ਓਧਰ ਸ਼ਾਨਦਾਰ ਤੰਬੂਆਂ ਵਲ ਤੱਕਣ ਲਗ ਪਿਆ। ਜਿੱਥੇ ਦੇਖਦਾ, ਨਜ਼ਰ ਟਿਕੀ ਹੀ ਰਹਿ ਜਾਂਦੀ। ਗਲ ਕੀ ਖਾਲਸਾ ਸ਼ਾਨ ਨੂੰ ਦੇਖਕੇ ਉਹ ਹੈਰਾਨ ਹੋ ਰਿਹਾ ਸੀ। ਹਰ ਚੀਜ਼ ਬੜੀ ਸੋਹਣੀ ਤਰ੍ਹਾਂ ਹਿੰਦੁਸਤਾਨ ਦੇ ਪੁਰਾਣੇ ਢੰਗ ਨਾਲ ਸਜਾਈ ਹੋਈ ਸੀ। ਮਹਾਰਾਜਾ ਸਾਹਿਬ ਨੇ ਆਪ ਭੀ ਹੀਰਿਆਂ

ਮੋਤੀਆਂ ਜੜੀ ਪੋਸ਼ਾਕ ਪਾਈ ਹੋਈ ਸੀ ਤੇ ਸੰਸਾਰ-ਪ੍ਰਸਿੱਧ "ਕੋਹ ਨੂਰ" ਹੀਰਾ ਖੱਬੀ ਬਾਂਹ ਤੇ ਸਜ ਰਿਹਾ ਸੀ ਜਿਸਨੂੰ ਦੇਖਕੇ ਭੁੱਖ ਲਹਿੰਦੀ ਸੀ।

ਚਾਰ ਕੁ ਘੰਟੇ ਪਿੱਛੋਂ ਕਰੀਬਨ ਗਿਆਰਾਂ ਬਜੇ ਦੁਪਹਿਰ ਲਾਰਡ ਬੈਂਟਿੰਕ ਛੁੱਟੀ ਲੈਕੇ ਆਪਣੇ ਤੰਬੂਆਂ ਨੂੰ ਆ ਗਿਆ।

ਏਹ ਹੈ ਅਸਲੀ ਤੇ ਠੀਕ ਵਾਰਦਾਤ, ਜੋ ਕੁਝ ਹਾਲਤ ਸੀ ਤੇ ਜੋ ਕੁਝ ਲਿਆ ਦਿੱਤਾ ਗਿਆ, ਜਿਸ ਤੋਂ ਪਾਠਕ ਆਪ ਅੰਦਾਜ਼ਾ ਲਾ ਲੈਣ ਕਿ ਟਾਈਮਜ਼ ਵਾਲਿਆਂ ਨੇ ਏਹ ਤਸਵੀਰ ਬਣਾ ਕੇ ਕਿਸ ਬੇਤਰਸੀ ਨਾਲ ਪੁਰਾਣੇ ਇਤਿਹਾਸ ਨੂੰ ਪੈਰਾਂ ਹੇਠਾਂ ਮਲਿਆ ਤੇ ਕਿਸ ਤਰ੍ਹਾਂ ਝੂਠ ਘੜ ਕੇ ਲੋਕਾਂ ਦੀਆਂ ਅੱਖਾਂ ਵਿਚ ਧੂੜ ਪਾਣ ਦੀ ਕੋਸ਼ਸ਼ ਕੀਤੀ।

੨੫ ਅਕਤੂਬਰ ੧੮੩੧ ਨੂੰ ਮਹਾਰਾਜਾ ਸਾਹਿਬ ਗਵਰਨਰ ਜਨਰਲ ਨੂੰ ਮਿਲਦੇ ਹਨ ਤੇ ਓਥੇ ਉਨ੍ਹਾਂ ਨੂੰ ਤੋਹਫ਼ੇ ਭੇਟਾ ਕੀਤੇ ਜਾਂਦੇ ਹਨ, ਇਸ ਨਜ਼ਾਰੇ ਦੀ ਤਾਂ ਏਹ ਤਸਵੀਰ ਹੋ ਹੀ ਨਹੀਂ ਸਕਦੀ, ਕਿਉਂਕਿ ਓਥੇ ਤੋਹਫ਼ੇ ਲਿਆ ਕੇ ਮਹਾਰਾਜਾ ਸਾਹਿਬ ਦੇ ਸਾਹਮਣੇ ਅੰਗਰੇਜ਼ਾਂ ਵਲੋਂ ਭੇਟਾ ਰੱਖੇ ਗਏ ਸਨ ਤੇ ੨੬ ਅਕਤੂਬਰ ਨੂੰ ਦੂਸਰੇ ਦਿਨ ਖਾਲਸਾ ਦਰਬਾਰ ਵਿਚ ਜਦ ਗਵਰਨਰ ਜਨਰਲ ਲਈ ਤੋਹਫ਼ੇ ਆਏ ਤਾਂ ਮਹਾਰਾਜਾ ਸਾਹਿਬ ਆਪਣੀ ਥਾਂ ਹੀ ਬੈਠੇ ਰਹੇ ਸਨ ਤੇ ਗਵਰਨਰ ਉਨ੍ਹਾਂ ਦੇ ਖੱਬੇ ਪਾਸੇ ਬੈਠਾ ਹੋਇਆ ਸੀ। ਪਰ ਟਾਈਮਜ਼ ਦੀ ਤਸਵੀਰ ਵਿਚ ਇਸ ਤਰ੍ਹਾਂ ਦਸਿਆ ਗਿਆ ਹੈ ਜਿਸ ਤਰ੍ਹਾਂ ਕਿ ਮਹਾਰਾਜਾ ਸਾਹਿਬ ਬੈਂਟਿੰਕ ਦੇ ਦਰਬਾਰ ਵਿਚ ਤੋਹਫ਼ੇ ਲੈਕੇ ਹਾਜ਼ਰ ਹੁੰਦੇ ਹਨ, ਜੋ ਕਿ ਉੱਪਰ ਲਿਖੇ ਇਤਿਹਾਸਕ ਵਾਕਿਆ ਅਨੁਸਾਰ ਉੱਕਾ ਹੀ ਝੂਠ ਹੈ।

ਮਹਾਰਾਜਾ ਰਣਜੀਤ ਸਿੰਘ ਉਹ ਸ਼ੇਰ ਮਰਦ ਸੀ ਕਿ ਕਾਬਲ ਕੰਧਾਰ ਅਤੇ ਤਿੱਬਤ ਤਾਂ ਕੀ, ਰੂਸੀ ਤੇ ਫ਼ਰਾਂਸੀਸੀ ਭੀ ਉਸ ਦੀ ਤਲਵਾਰ ਦੀ ਧਾਕ ਸੁਣ ਕੇ ਹੈਰਾਨ ਪਏ ਹੁੰਦੇ ਤੇ ਦੋਸਤੀਆਂ ਗੰਢਣ ਲਈ ਏਲਚੀ ਭੇਜਦੇ ਸਨ। ਅੰਗਰੇਜ਼ਾਂ ਦਾ ਤਾਂ ਕਹਿਣਾ ਹੀ ਕੀ, ਉਨ੍ਹਾਂ ਦਾ ਤਾਂ ਕੋਈ ਨਾ ਕੋਈ ਦੂਤ ਪੁੱਜਾ ਹੀ ਰਹਿੰਦਾ ਸੀ। ਸ਼ੇਰਿ ਪੰਜਾਬ ਹਰ ਵੇਲੇ ਚੜ੍ਹਦੀਆਂ ਕਲਾਂ ਵਿਚ

ਰਹਿੰਦਾ ਸੀ, ਪਰ ਟਾਈਮਜ਼ ਨੇ ਆਪਣੀ ਇਸ ਤਸਵੀਰ ਵਿਚ ਉਸ ਨੂੰ ਇਸ ਤਰ੍ਹਾਂ ਘਬਰਾਇਆ ਤੇ ਕੰਬਦਾ ਹੋਇਆ ਦੱਸਕੇ ਸਿੱਖ ਮਹਾਰਾਜੇ ਦੀ ਬੇਇਜ਼ਤੀ ਤੇ ਹੱਤਕ ਕੀਤੀ ਹੈ, ਜਿਸ ਸੰਬੰਧੀ ਖਾਲਸਾ ਜੀ ਨੂੰ ਬੜੀ ਜ਼ੋਰਦਾਰ ਪ੍ਰੋਟੈਸਟ ਕਰਨੀ ਤੇ ਟਾਈਮਜ਼ ਪਾਸੋਂ ਇਸ ਲਈ ਮਾਫ਼ੀ ਮੰਗਾਣੀ ਚਾਹੀਦੀ ਹੈ।

ਪਰ ਕੀ ਮਜਾਲ ਕਿ ਕਿਸੇ ਸਿੱਖ ਸਭਾ ਸੋਸਾਇਟੀ, ਆਗੂ ਜਾਂ ਅਖ਼ਬਾਰ ਨੇ ਇਸ ਦਾ ਕੋਈ ਨੋਟਿਸ ਲਿਆ ਹੋਵੇ। ਪਰ ਕਰਨ ਭੀ ਕੀ? ਜਦ ਕਿ ਉਨ੍ਹਾਂ ਨੂੰ ਆਪਣੇ ਇਤਿਹਾਸ ਦਾ ਪਤਾ ਹੀ ਨਹੀਂ ਤੇ ਨਾ ਹੀ ਉਨ੍ਹਾਂ ਨੂੰ ਆਪਣੀਆਂ ਪਾਟੋ-ਧਾੜਾਂ ਤੋਂ ਵੇਹਲ ਮਿਲਦੀ ਹੈ।

ਖਾਲਸਾ ਜੀ! ਪਾਸਾ ਬਦਲੋ, ਜਾਗੋ, ਉੱਠੋ, ਤੇ ਵੇਖੋ ਲੋਕੀ ਕਿਸ ਤਰ੍ਹਾਂ ਤੁਹਾਡੇ ਬਜ਼ੁਰਗਾਂ ਨੂੰ ਭੈੜੀ ਸ਼ਕਲ ਵਿਚ ਪੇਸ਼ ਕਰ ਰਹੇ ਹਨ। ਹਾਲ ਤਕ ਹੁਣ ਭੀ ਵੇਲਾ ਜੇ, ਨਹੀਂ ਤਾਂ ਚਿੜੀਆਂ ਦੇ ਖੇਤ ਚੁਗ ਜਾਣ ਪਿੱਛੋਂ ਕੁਝ ਨਹੀਂ ਬਣੇਗਾ।

ਮਹਾਰਾਜਾ ਖੜਕ ਸਿੰਘ ਤੇ ਕੰਵਰ ਨੌ-ਨਿਹਾਲ ਸਿੰਘ

ਮਹਾਰਾਜਾ ਖੜਕ ਸਿੰਘ ਤੇ ਉਨ੍ਹਾਂ ਦੇ ਸਪੁੱਤਰ ਕੰਵਰ ਨੌ-ਨਿਹਾਲ ਸਿੰਘ ਸੰਬੰਧੀ ਇਤਿਹਾਸਾਂ ਵਿਚ ਬਹੁਤ ਸਾਰੀਆਂ ਗਲਤਫ਼ਹਿਮੀਆਂ ਪਈਆਂ ਹੋਈਆਂ ਹਨ। ਕਈ ਇਤਿਹਾਸਕਾਰਾਂ ਨੇ ਮਹਾਰਾਜਾ ਖੜਕ ਸਿੰਘ ਨੂੰ ਖਾਹਮੁਖਾਹ ਹੀ ਬੁੱਧੂ ਤੇ ਕਮਜ਼ੋਰ ਕਹਿ ਕਹਿਕੇ ਬਦਨਾਮ ਕਰ ਰਖਿਆ ਹੈ। ਉਨ੍ਹਾਂ ਦੀ ਅਤੇ ਕੰਵਰ ਨੌ-ਨਿਹਾਲ ਸਿੰਘ ਦੀ ਮੌਤ ਸੰਬੰਧੀ ਭੀ ਆਮ ਇਤਿਹਾਸਾਂ ਵਿਚ ਇਤਨੀ ਗੜ-ਬੜ ਹੈ ਕਿ ਸਿਰ ਪੈਰ ਦਾ ਪਤਾ ਹੀ ਨਹੀਂ ਲਗਦਾ। ਇਸਦਾ ਕਾਰਣ ਏਹ ਹੈ ਕਿ ਆਮ ਇਤਿਹਾਸਾਂ ਵਿਚ ਸਿਰਫ ਉਹ ਹੀ ਗੱਲਾਂ ਲਿਖੀਆਂ ਹੋਈਆਂ ਹਨ, ਜੇਹੜੀਆਂ ਕਿ ਅਸਲੀ ਗੁੱਝੇ ਭੇਦਾਂ ਨੂੰ ਛੁਪਾਣ ਲਈ ਉਸ ਵੇਲੇ ਵਜ਼ੀਰ ਧਿਆਨ ਸਿੰਘ ਤੇ ਉਸ ਦੇ ਸਾਥੀਆਂ ਵਲੋਂ ਮਸ਼ਹੂਰ ਕੀਤੀਆਂ ਜਾਂਦੀਆਂ ਸਨ। ਅੰਦਰਲੀਆਂ ਗੋਂਦਾਂ ਤੇ ਗੁੱਝੇ ਭੇਤ ਧਿਆਨ ਸਿੰਘ ਦੇ ਦੋ-ਚਾਰ ਗੂੜ੍ਹੇ ਯਾਰਾਂ ਨੂੰ ਹੀ ਪਤਾ ਸਨ। ਉਨ੍ਹਾਂ ਭੇਤੀਆਂ ਵਿਚੋਂ ਕਰਨਲ ਅਲੈਗਜ਼ੈਂਡਰ ਗਾਰਡਨਰ ਤੋਂ ਬਿਨਾ ਯਾ ਤਾਂ ਸਾਰੇ ਅਨਪੜ੍ਹ ਸਨ ਤੇ ਯਾ ਏਹ ਹਾਲ ਕਿਸੇ ਨੇ ਲਿਖੇ. ਨਹੀਂ। ਇਕ ਦੋ ਹੋਰ ਜਿਨ੍ਹਾਂ ਨੇ ਉਸ ਵੇਲੇ ਸੰਬੰਧੀ ਕੁਝ ਲਿਖਿਆ ਹੈ ਉਹ ਚੂੰਕਿ ਧਿਆਨ ਸਿੰਘ ਦੀ ਜੁੰਡੀ ਦੇ ਯਾਰ ਨਹੀਂ ਸਨ, ਉਹ ਭੀ ਆਮ ਇਤਿਹਾਸਕਾਰਾਂ ਵਾਂਙੂ ਧੋਖੇ ਵਿਚ ਹੀ ਰਹੇ ਹਨ।

ਕਰਨਲ ਅਲੈਗਜ਼ੈਂਡਰ ਗਾਰਡਨਰ ਅਮਰੀਕਾ ਦਾ ਰਹਿਣ ਵਾਲਾ ਸੀ ਅਤੇ ਸਿਖ ਫ਼ੌਜ ਵਿਚ ਤੋਪਖਾਨੇ ਦਾ ਅਫ਼ਸਰ ਸੀ। ਯੂਰਪੀਨ ਅਫ਼ਸਰਾਂ ਵਿਚੋਂ ਇਕ ਗਾਰਡਨਰ ਹੀ ਸੀ ਜੇਹੜਾ ਕਿ ਧਿਆਨ ਸਿੰਘ ਦਾ ਗੂਹੜਾ ਯਾਰ, ਉਸਦੀਆਂ ਚਾਲਾਂ ਦਾ ਭੇਤੀ ਤੇ ਉਸ ਦਾ ਹਰ ਵੇਲੇ ਦਾ ਸਾਥੀ ਸੀ। ਇਸ ਲੇਖ ਨਾਲ ਸੰਬੰਧ ਰਖਣ ਵਾਲੇ ਕੰਮ ਗਾਰਡਨਰ ਦੇ ਅੱਖੀਂ ਡਿੱਠੇ ਤੇ ਬਹੁਤ ਸਾਰੇ ਧਿਆਨ ਸਿੰਘ ਦੇ ਸਾਥੀ ਦੀ ਹੈਸੀਅਤ ਵਿਚ ਹੱਥੀਂ ਕੀਤੇ ਹੋਏ ਹਨ।

ਅਸੀ ਏਥੇ ਜੋ ਕੁਛ ਪਾਠਕਾਂ ਦੀ ਭੇਟਾ ਕਰਾਂਗੇ ਉਹ Memoirs of Col. Alexander Gardner ਵਿਚ ਛਪੀ ਗਾਰਡਨਰ ਦੀ ਆਪਣੀ ਲਿਖਤ, ਉਸ ਦੀ ਲਿਖਵਾਈ ਹੋਈ ਤੇ ਉਸਦੇ ਨੋਟਾਂ ਤੋਂ ਲਿਖੀ ਹੋਈ Carmichael Smyth's History of the Reigning Family of Lahore ਦੇ ਅਧਾਰ ਤੇ ਹੈ। ਇਸ ਵਿਚ ਕੁਝ ਮਦਦ ਡਾਕਟਰ ਜਾਨ ਮਾਰਟਿਨ ਹੋਨਿਗਬਰਗਰ ਦੀ ਕਿਤਾਬ Thirtyfive Years in the East ਵਿਚੋਂ ਭੀ ਲਈ ਗਈ ਹੈ। ਜੇ: ਮਾਰਟਿਨ ਹੋਨਿਗਬਰਗਰ ਸਿਖ ਰਾਜ ਦਾ ਦਰਬਾਰੀ ਡਾਕਟਾਰ ਸੀ। ਇਸ ਨੂੰ ਧਿਆਨ ਸਿੰਘ ਦੀ ਖ਼ਾਸ ਟੋਲੀ ਵਿਚੋਂ ਨਾ ਹੋਣ ਕਰਕੇ ਅੰਦਰਲੇ ਭੇਤਾਂ ਦਾ ਭਾਵੇਂ ਪੂਰਾ ਪੂਰਾ ਹਾਲ ਪਤਾ ਨਹੀਂ ਸੀ ਪਰ ਇਸਨੇ ਚੂੰਕਿ ਕੰਵਰ ਨੌ-ਨਿਹਾਲ ਸਿੰਘ ਨੂੰ ਫੱਟੜ ਹੋਣ ਤੋਂ ਬਾਹਦ ਅਤੇ ਮਰਨ ਤੋਂ ਪਹਿਲਾਂ ਦੇਖਿਆ ਸੀ, ਇਸ ਲਈ ਉਸ ਸਬੰਧੀ ਇਸ ਦੀ ਲਿਖਤ ਖ਼ਾਸ ਵਜ਼ਨ ਰਖਦੀ ਹੈ।

ਮਹਾਰਾਜਾ ਰਣਜੀਤ ਸਿੰਘ ਦੀ ਮੇਹਰਬਾਨੀ ਤੇ ਇਤਬਾਰ ਦਾ ਨਾਜਾਇਜ਼ ਫ਼ਾਇਦਾ ਉਠਾਕੇ ਵਜ਼ੀਰ ਧਿਆਨ ਸਿੰਘ ਨੇ ਬਹੁਤ ਸਾਰੀ ਸ਼ਾਹੀ ਤਾਕਤ ਆਪਣੇ ਹਥ ਲਈ ਹੋਈ ਸੀ, ਅਰ ਮਹਿਲਾਂ ਵਿਚ ਭੀ ਆਵਾ-ਜਾਈ ਦੀ ਖੁੱਲ੍ਹ ਕਰਕੇ ਖਾਸ ਰਸੂਖ ਸੀ। ਆਪਣੇ ਨਾਲ ਮਤਭੇਦ ਰਖਣ ਵਾਲੇ ਤੇ ਗੁੱਝੀਆਂ ਚਾਲਾਂ ਨੂੰ ਤਾੜਨ ਤੇ ਉਜਾਗਰ ਕਰਨ ਵਾਲੇ ਸਰਦਾਰਾਂ ਤੇ ਅਫ਼ਸਰਾਂ ਨੂੰ ਜ਼ੋਰ, ਲਾਲਚ ਯਾ ਛਲ-ਕਪਟ ਨਾਲ ਆਪਣੇ ਰਸਤੇ ਵਿਚੋ

ਦੂਰ ਕਰਨ ਵਿਚ ਸਫਲ ਹੋ ਜਾਣ ਕਰਕੇ ਦਰਬਾਰ ਤੇ ਮਹਿਲਾਂ ਵਿਚ ਉਸਦਾ ਡਰ ਬੈਠਾ ਹੋਇਆ ਸੀ। ਮਹਾਰਾਜਾ ਸਾਹਿਬ ਤਕ ਬਾਜ਼ੇ ਵੇਲੇ ਸਾਹਿਬਜ਼ਾਦਿਆਂ ਦੀ ਪਹੁੰਚ ਔਖੀ ਹੋ ਜਾਂਦੀ ਸੀ ਅਤੇ ਉਨ੍ਹਾਂ ਨੂੰ (ਖਾਸ ਕਰਕੇ ਕੰਵਰ ਖੜਕ ਸਿੰਘ ਨੂੰ) ਕਿਸੇ ਨਾ ਕਿਸੇ ਬਹਾਨੇ ਮਹਾਰਾਜਾ ਸਾਹਿਬ ਦੀਆਂ ਅੱਖਾਂ ਤੋਂ ਦੂਰ ਹੀ ਰੱਖਿਆ ਜਾਂਦਾ ਸੀ ਅਤੇ ਆਪਣੇ ਪੁੱਤਰ ਹੀਰਾ ਸਿੰਘ ਨੂੰ ਹਰ ਵੇਲੇ ਮਹਿਲਾਂ ਯਾ ਦਰਬਾਰ ਵਿਚ ਹੀ ਰੱਖਿਆ ਜਾਂਦਾ ਸੀ, ਜਿਸ ਕਰ ਕੇ ਮਹਾਰਾਜ ਸਾਹਿਬ ਉਸ ਨੂੰ ਬਹੁਤ ਚਾਹੁੰਦੇ ਸਨ। ਜਦ ਹੀਰਾ ਸਿੰਘ ਵੱਡਾ ਹੋ ਗਿਆ ਤਾਂ ਆਪਣੇ ਬਾਪ ਦੇ ਰਸੂਖ ਤੇ ਮਹਾਰਾਜਾ ਦੀਆਂ ਮੇਹਰਬਾਨੀਆਂ ਦੇ ਕਾਰਨ ਖਾਲਸਾ ਫ਼ੌਜ ਵਿਚ ਉਸ ਦੀ ਚੜ੍ਹ ਹੋ ਗਈ ਸੀ। ਇਹ ਵੇਖ ਕੇ ਤੇ ਆਪਣੀ ਤਾਕਤ ਦੇ ਘੁਮੰਡ ਵਿਚ ਵਜ਼ੀਰ ਧਿਆਨ ਸਿੰਘ ਦਾ ਸਿਰ ਫਿਰ ਗਿਆ ਤੇ ਉਹ ਹੀਰਾ ਸਿੰਘ ਨੂੰ ਮਹਾਰਾਜਾ ਰਣਜੀਤ ਸਿੰਘ ਦੀ ਗੱਦੀ ਤੇ ਬਠੌਣ ਦੇ ਸੁਫਨੇ ਦੇਖਣ ਲਗ ਪਿਆ। ਇਸ ਲਈ ਉਸ ਨੂੰ ਆਪਣੇ ਰਸਤੇ ਵਿਚੋਂ ਸ਼ਾਹੀ ਖਾਨਦਾਨ ਦੇ ਗੱਦੀ ਦੇ ਵਾਰਸਾਂ, ਤੇ ਉਨ੍ਹਾਂ ਦੇ ਵਜ਼ੀਰਾਂ, ਸਲਾਹਕਾਰਾਂ ਤੇ ਸਰਦਾਰਾਂ ਨੂੰ ਸਾਫ਼ ਕਰਨਾ ਸੀ ਜੇਹੜੇ ਕਿ ਡੋਗਰਾ ਪਾਰਟੀ ਵਿਚ ਸ਼ਾਮਿਲ ਨਹੀਂ ਹੁੰਦੇ ਸਨ।

ਮਹਾਰਾਜਾ ਸਾਹਿਬ ਦੀ ਮੌਤ ਦੇ ਬਾਦ ਜਿਤਨਾ ਭੀ ਖ਼ੂਨ ਖਰਾਬਾ ਹੋਇਆ ਓਹ ਸਭ ਦਾ ਸਭ ਡੋਗਰਾ ਭਰਾਵਾਂ (ਧਿਆਨ ਸਿੰਘ, ਗੁਲਾਬ ਸਿੰਘ ਤੇ ਸੁਚੇਤ ਸਿੰਘ) ਵਲੋਂ ਹੀਰਾ ਸਿੰਘ ਨੂੰ ਗੱਦੀ ਦੇਣ ਲਈ ਸ਼ਾਹੀ ਘਰਾਣੇ ਤੇ ਉਨ੍ਹਾਂ ਦੇ ਪੱਖੀਆਂ ਦੀ ਸਫ਼ਾਈ ਕਰਨ ਲਈ ਸੀ।

ਸ਼ੁਰੂ ਤੋਂ ਹੀ ਕੰਵਰ ਖੜਕ ਸਿੰਘ ਬੜੇ ਹੁਸ਼ਿਆਰ ਤੇ ਸਮਝ ਵਾਲੇ ਸਨ ਅਤੇ ਉਨ੍ਹਾਂ ਵਿਚ ਉਹ ਸਾਰੀਆਂ ਖ਼ੂਬੀਆਂ ਸਨ ਜੇਹੜੀਆਂ ਪੰਜਾਬ ਦੇ ਬਾਦਸ਼ਾਹ ਵਿਚ ਹੋਣੀਆਂ ਚਾਹੀਦੀਆਂ ਸਨ। ਇਸ ਤੋਂ ਬਿਨਾ ਉਹ ਬਹੁਤ ਧਾਰਮਕ ਤੇ ਗੰਭੀਰ ਦਿਲ ਵਾਲੇ ਸਨ। ਇਕ ਏਹ ਹੀ ਸਨ ਜੇਹੜੇ ਕਿ ਵਜ਼ੀਰ ਧਿਆਨ ਸਿੰਘ ਦੀਆਂ ਕਪਟ ਭਰੀਆਂ ਚਾਲਾਂ ਨੂੰ ਤਾੜ ਤੇ ਸਮਝ ਸਕਦੇ ਸਨ। ਏਹ ਹੀ ਕਾਰਣ ਸੀ ਕਿ ਧਿਆਨ ਸਿੰਘ ਨੂੰ ਉਹ ਜ਼ਿਆਦਾ

ਚੁਭਦੇ ਸਨ। ਧਿਆਨ ਸਿੰਘ ਕੰਵਰ ਖੜਕ ਸਿੰਘ ਨੂੰ ਦਰਬਾਰ ਵਿਚ ਘਟ ਹੀ ਟਿਕਣ ਦਿੰਦਾ ਸੀ ਅਤੇ ਕਿਸੇ ਨਾ ਕਿਸੇ ਮੁਹਿੰਮ ਪਰ ਬਾਹਰ ਹੀ ਰਖ ਛਡਨ ਦਾ ਢੰਗ ਬਣਾ ਛਡਦਾ ਸੀ, ਅਤੇ ਦੂਸਰੇ ਪਾਸੇ ਖੁਫੀਆ ਖੁਫੀਆ (ਦੁਸ਼ਮਨ ਨੂੰ ਮਦਦ ਦੇਕੇ ਯਾਂ ਕੰਵਰ ਸਾਹਿਬ ਨੂੰ ਪਿਛੋਂ ਲੋੜੀਂਦੀ ਮਦਦ ਤੇ ਜੰਗ ਦਾ ਸਾਮਾਨ ਆਦਿ ਨਾ ਭੇਜਕੇ) ਉਸ ਮਹਿੰਮ ਨੂੰ ਫ਼ੇਹਲ ਕਰਨ ਦੀ ਬਣਤ ਬਣਾ ਦਿੰਦਾ ਸੀ, ਤੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਕੰਨਾਂ ਵਿਚ ਹਰ ਵੇਲੇ ਏਹ ਗੱਲ ਭਰਦਾ ਰਹਿੰਦਾ ਸੀ ਕਿ ਕੰਵਰ ਖੜਕ ਸਿੰਘ ਫੌਜ ਦੀ ਕਮਾਨ ਤੇ ਰਾਜ-ਗੱਦੀ ਸੰਭਾਲਨ ਦੇ ਲਾਇਕ ਨਹੀਂ। ਮਾਲੂਮ ਹੁੰਦਾ ਹੈ ਕਿ ਧਿਆਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੇ ਜੀਊਂਦੇ ਜੀਊਂਦੇ ਹੀ ਕੰਵਰ ਖੜਕ ਸਿੰਘ ਨੂੰ ਰਾਜ-ਗੱਦੀ ਤੋਂ ਬੇਦਖ਼ਲ ਕਰਵਾਣਾ ਚਾਹੁੰਦਾ ਸੀ, ਪਰ ਉਸਦੀ ਏਹ ਚਾਲ ਨਾ ਚਲ ਸਕੀ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿੱਛੋਂ ਧਿਆਨ ਸਿੰਘ ਉਨ੍ਹਾਂ ਦੇ ਮਰਨ ਵੇਲੇ ਦੇ ਆਖਰੀ ਹੁਕਮ ਤੇ ਆਪਣੇ ਵਾਹਦੇ ਨੂੰ, ਕਿ ਉਹ ਮਹਾਰਾਜ ਖੜਕ ਸਿੰਘ ਦਾ ਰਾਜ-ਭਗਤ ਤੇ ਵਫ਼ਾਦਾਰ ਵਜ਼ੀਰ ਤੇ ਨੌਕਰ ਰਹੇਗਾ, ਜਲਦੀ ਹੀ ਭੁਲ ਗਿਆ ਤੇ ਆਪਣੀਆਂ ਚਾਲਾਂ ਚਲਣ ਲੱਗ ਪਿਆ। ਮਹਾਰਾਜਾ ਖੜਕ ਸਿੰਘ ਨੇ ਏਹ ਵਿਚਾਰਕੇ ਕਿ ਧਿਆਨ ਸਿੰਘ ਨੇ ਮਹਿਲਾਂ ਵਿਚ ਬਹੁਤ ਸਾਰਾ ਜਾਲ ਵਿਛਾਇਆ ਹੋਇਆ ਹੈ ਅਤੇ ਬਹੁਤ ਸਾਰੇ ਗੁੱਝੇ ਸ਼ਾਹੀ ਭੇਤ ਉਥੋਂ ਹੀ ਕਢਦਾ ਹੈ, ਉਸਦੀ ਮਹਿਲਾਂ ਵਿਚ ਖੁਲ੍ਹੀ ਆਵਾ-ਜਾਈ ਬੰਦ ਕਰ ਦਿਤੀ। ਮਹਾਰਾਜਾ ਸਾਹਿਬ ਨੇ ਉਸ ਨੂੰ ਇਕੱਲੇ ਬੁਲਾ ਕੇ ਸਮਝਾਇਆ ਕਿ ਉਨ੍ਹਾਂ ਦਾ ਇਸ ਨਾਲ ਉਸ ਦੀ ਵਜ਼ੀਰੀ ਤਾਕਤ ਘੱਟ ਕਰਨ ਦਾ ਮਨਸ਼ਾ ਨਹੀਂ, ਬਲਕਿ ਸਿਰਫ਼ ਇਸ ਲਈ ਕਿ ਉਹ ਹੁਣ ਇਸ ਖੁਲ੍ਹ ਦੀ ਕੋਈ ਖਾਸ ਲੋੜ ਨਹੀਂ ਸਮਝਦੇ। ਧਿਆਨ ਸਿੰਘ ਅੱਗੇ ਹੀ ਬਹਾਨੇ ਦੀ ਢੂੰਡ ਵਿਚ ਸੀ। ਉਸ ਨੇ ਕਿਹਾ ਕਿ ਇਸ ਖੁਲ੍ਹ ਤੋਂ ਬਿਨਾਂ ਉਹ ਆਪਣਾ ਵਜ਼ੀਰੀ ਕੰਮ ਹੱਛੀ ਤਰ੍ਹਾਂ ਨਹੀਂ ਕਰ ਸਕਦਾ। ਦੂਸਰੇ ਪਾਸੇ ਇਹ ਹੁਕਮ ਸੁਣਕੇ ਸਿਖ ਸਰਦਾਰ ਬਹੁਤ ਖੁਸ਼ ਹੋਏ, ਪਰ ਡੋਗਰਾ ਕੈਂਪ ਵਿਚ

ਅੱਗ ਲੱਗ ਗਈ।

ਹੁਣ ਧਿਆਨ ਸਿੰਘ ਨੇ ਆਪਣੇ ਏਜੰਟਾਂ ਰਾਹੀਂ ਮਹਿਲਾਂ, ਦਰਬਾਰ ਅਤੇ ਸ਼ਹਿਰ ਵਿਚ ਏਹ ਹਵਾਈ ਉਡਾ ਦਿਤੀ ਕਿ ਮਹਾਰਾਜਾ ਖੜਕ ਸਿੰਘ ਸ: ਚੇਤ ਸਿੰਘ ਨੂੰ (ਜੋ ਧਿਆਨ ਸਿੰਘ ਦੀਆਂ ਡੂੰਘੀਆਂ ਚਾਲਾਂ ਚੰਗੀ ਤਰ੍ਹਾਂ ਸਮਝਦਾ ਸੀ ਤੇ ਮਹਾਰਾਜਾ ਸਾਹਿਬ ਦਾ ਹੱਛਾ ਸਲਾਹ-ਕਾਰ ਸੀ) ਵਡਾ ਵਜ਼ੀਰ ਬਣਾ ਕੇ ਉਸ ਦੀ ਸਲਾਹ ਨਾਲ ਪੰਜਾਬ ਨੂੰ ਫ਼ਰੰਗੀਆਂ ਦੇ ਅਧੀਨ ਕਰਨ ਦੀਆਂ ਗੋਂਦਾਂ ਗੁੰਦ ਰਿਹਾ ਹੈ ਅਤੇ ਆਮਦਨ ਵਿਚੋਂ ਇਕ ਰੁਪਏ ਪਿੱਛੇ ਛੇ ਆਨੇ ਉਨ੍ਹਾਂ ਨੂੰ ਦੇਣ ਦੀ ਸਲਾਹ ਕਰਦਾ ਹੈ ਜਿਸ ਨਾਲ ਖਾਲਸਾ ਫ਼ੌਜ ਤੇ ਸਰਦਾਰਾਂ ਦੀ ਥਾਂ ਅੰਗ੍ਰੇਜ਼ੀ ਫ਼ੌਜ ਰੱਖੀ ਜਾਏਗੀ। ਏਹ ਅਫ਼ਵਾਹ ਇਸ ਤਰ੍ਹਾਂ ਧੁੰਮੀ ਕਿ ਲਾਹੌਰ ਤੇ ਬਾਹਰ ਹਰ ਜਗ੍ਹਾ ਇਸੇ ਦਾ ਹੀ ਚਰਚਾ ਸੀ। ਕਈ ਸਰਦਾਰ ਤੇ ਫ਼ੌਜ ਦੇ ਕਮਾਨ-ਅਫ਼ਸਰ ਭੀ ਇਸ ਨੂੰ ਸੱਚ ਮੰਨ ਬੈਠੇ। ਧਿਆਨ ਸਿੰਘ ਨੇ ਏਹ ਵੇਲਾ ਤਾੜਕੇ ਉਨ੍ਹਾਂ ਨੂੰ ਹੋਰ ਭੜਕਾ ਦਿਤਾ ਤੇ ਉਨ੍ਹਾਂ ਨੂੰ ਆਪਣੀ ਤਰਫ਼ ਮਹਰਾਜਾ ਖੜਕ ਸਿੰਘ ਦੀ ਥਾਂ ਕੰਵਰ ਨੌ-ਨਿਹਾਲ ਸਿੰਘ ਨੂੰ ਗੱਦੀ ਤੇ ਬਿਠਾ ਕੇ ਰਾਜ ਨੂੰ ਫ਼ਰੰਗੀਆਂ ਤੋਂ ਬਚਾਉਣ ਦਾ ਟਪਲਾ ਦਿਤਾ। ਮਹਿਲਾਂ ਵਿਚ ਮਹਾਰਾਜਾ ਸਾਹਿਬ ਤੇ ਕੰਵਰ ਸਾਹਿਬ ਦੀਆਂ ਰਾਣੀਆਂ ਨੂੰ ਭੀ ਏਹ ਅਫ਼ਵਾਹ ਪਹੁੰਚਾ ਦਿਤੀ ਗਈ ਜਿਸ ਕਰ ਕੇ ਉਹ ਵਿਚਾਰੀਆਂ ਬਹੁਤ ਡਰ ਗਈਆਂ।

ਕੰਵਰ ਨੌ-ਨਿਹਾਲ ਸਿੰਘ ਉਸ ਵੇਲੇ ਪਿਸ਼ਾਵਰ ਸੀ। ਉਨ੍ਹਾਂ ਨੂੰ ਉਥੋਂ ਬਹੁਤ ਜਲਦੀ ਬੁਲਾ ਭੇਜਿਆ। ਉਨ੍ਹਾਂ ਉਥੋਂ ਧਿਆਨ ਸਿੰਘ ਦੀ ਖ਼ੁਫ਼ੀਆ ਚਿਠੀ ਅਨੁਸਾਰ, ਜੋ ਉਸ ਨੇ ਆਪਣੇ ਭਰਾ ਗੁਲਾਬ ਸਿੰਘ ਨੂੰ ਲਿਖੀ ਹੋਈ ਸੀ, ਕੁਝ ਦਿਨ ਪਹਿਲੇ ਹੀ ਚਲ ਪੈਣਾ ਸੀ, ਪਰ ਕਪਤਾਨ ਵੇਡ ਨੇ ਜੋ ਉਸ ਵੇਲੇ ਖ਼ੈਬਰ ਤੇ ਕੈਂਪ ਲਾਈ ਬੈਠਾ ਸੀ, ਗੁਲਾਬ ਸਿੰਘ ਨੂੰ ਅਟਕਾ ਲਿਆ। ਕੰਵਰ ਨੌ-ਨਿਹਾਲ ਸਿੰਘ ਛੇ ਦਿਨਾਂ ਵਿਚ ਲਾਹੌਰ ਆ ਪੁੱਜਾ।

ਗੁਲਾਬ ਸਿੰਘ ਨੇ ਰਸਤੇ ਵਿਚ ਤੇ ਪਿਸ਼ਾਵਰ ਵਿਚ ਕੰਵਰ ਨੌ-ਨਿਹਾਲ ਸਿੰਘ ਨੂੰ ਮਨਘੜਤ ਗੱਲਾਂ ਸੁਣਾ ਸੁਣਾ ਕੇ ਇਸ ਤਰ੍ਹਾਂ

ਚਕਰਾਇਆ ਕਿ ਉਹ ਵਿਚਾਰਾ ਝੂਠ ਸੱਚ ਦੀ ਪਰਖ ਨਾ ਕਰ ਸਕਿਆ ਤੇ ਗੁਲਾਬ ਸਿੰਘ ਦੀ ਪੱਟੀ ਵਿਚ ਆਕੇ ਆਪਣੇ ਪਿਤਾ ਮਹਾਰਾਜ ਖੜਕ ਸਿੰਘ ਦਾ ਦੁਸ਼ਮਨ ਬਣ ਗਿਆ। ਲਾਹੌਰ ਪੁੱਜਦੇ ਹੀ ਧਿਆਨ ਸਿੰਘ ਅਤੇ ਉਸਦੇ ਸਾਥੀਆਂ ਪਾਸੋਂ ਕੰਵਰ ਸਾਹਿਬ ਨੂੰ ਗੁਲਾਬ ਸਿੰਘ ਦੀਆਂ ਗੱਲਾਂ ਦੀ ਗਵਾਹੀ ਮਿਲ ਗਈ ਅਤੇ ਉਹ ਸਭ ਕੁਝ ਸਚ ਮੰਨ ਬੈਠਾ। ਆਪਣਾ ਪਾਜ ਖੁਲ੍ਹਣ ਦੇ ਡਰ ਕਰਕੇ ਧਿਆਨ ਸਿੰਘ ਨੇ ਮੁਖਾਲਿਫ਼ ਪਾਰਟੀ ਦੇ ਕਿਸੇ ਭੀ ਆਦਮੀ ਨੂੰ ਕੰਵਰ ਸਾਹਿਬ ਤਕ ਪੁਜਣ ਨਾ ਦਿਤਾ।

ਹੁਣ ਧਿਆਨ ਸਿੰਘ ਨੇ ਕੰਵਰ ਸਾਹਿਬ ਪਰ ਆਪਣਾ ਜਾਦੂ ਚਲ ਗਿਆ ਦੇਖ ਕੇ ਸਮਝ ਲਿਆ ਕਿ ਆਪਣਾ ਕੰਮ ਕਰਨ ਦਾ ਵੇਲਾ ਆ ਪੁੱਜਾ ਹੈ। ਮਲੂਮ ਹੁੰਦਾ ਹੈ ਕਿ ਸਰਦਾਰ ਚੇਤ ਸਿੰਘ ਨੂੰ ਗੁਲਾਬ ਸਿੰਘ ਦੇ ਅੰਗ੍ਰੇਜ਼ਾਂ ਨਾਲ ਯਰਾਨੇ ਤੇ ਗੁਪਤ ਚਿਠੀ ਪੱਤਰ ਦਾ ਪਤਾ ਸੀ। ਏਹ ਭੇਤ ਖੁਲ੍ਹਣ ਤੇ ਆਪਣੀਆਂ ਚਾਲਾਂ ਦਾ ਭਾਂਡਾ ਫੁਟ ਜਾਣ ਦੇ ਡਰ ਕਰ ਕੇ ਡੋਗਰਾ ਭਰਾਵਾਂ ਨੇ ਸਰਦਾਰ ਚੇਤ ਸਿੰਘ ਨੂੰ ਜਾਨੋਂ ਹੀ ਮਾਰ ਮੁਕਾਉਣ ਦੀ ਸੋਚੀ। ਇਕ ਦਿਨ ਵੇਲਾ ਤਾੜਕੇ ਧਿਆਨ ਸਿੰਘ ਦਰਬਾਰੋਂ ਉਠਦੇ ਹੀ ਮਹਾਰਾਜਾ ਸਾਹਿਬ ਦੀ ਮਹਿਲੀਂ ਪੁੱਜਾ ਅਤੇ ਮਹਾਰਾਣੀ ਸਾਹਿਬਾ ਨਾਲ ਲਾਹੌਰ ਵਿਚ ਉਡ ਰਹੀਆਂ ਅਫ਼ਵਾਹਾਂ ਸੰਬੰਧੀ ਗਲ ਬਾਤ ਜਾ ਛੇੜੀ ਤੇ ਕਹਿਣ ਲੱਗਾ ਕਿ ਸਰਦਾਰ ਚੇਤ ਸਿੰਘ ਇਤਨਾ ਮਹਾਰਾਜ ਖੜਕ ਸਿੰਘ ਦੇ ਸਿਰ ਚੜ੍ਹ ਗਿਆ ਹੈ ਕਿ ਉਸ ਦੇ ਸਾਹਮਣੇ ਸ਼ਾਹੀ ਖਾਨਦਾਨ (ਕੰਵਰ ਸਾਹਿਬ ਤੇ ਦੂਸਰੇ ਸ਼ਾਹਜ਼ਾਦੇ) ਨਾ ਹੋਣ ਦੇ ਬਰਾਬਰ ਹੈ ਅਤੇ ਉਹ ਉਨ੍ਹਾਂ ਨਾਲ ਮਿਲਕੇ ਪੰਜਾਬ ਫ਼ਰੰਗੀਆਂ ਪਾਸ ਵੇਚਣ ਨੂੰ ਫਿਰਦਾ ਹੈ। ਮਹਾਰਾਜਾ ਖੜਕ ਸਿੰਘ ਦੀ ਸਭ ਸਲਾਹ ਭੀ ਉਸਦੇ ਨਾਲ ਹੈ। ਇਸ ਤਰ੍ਹਾਂ ਕਰਨਾ ਮਹਾਰਾਜਾ ਰਣਜੀਤ ਸਿੰਘ ਤੇ ਵੱਡਿਆਂ ਦੇ ਨਾਮ ਨੂੰ ਵੱਟਾ ਲਗਾਣਾ ਹੈ। ਕਿਉਂ ਨਾ ਕਿਸੇ ਨਾ ਕਿਸੇ ਤਰ੍ਹਾਂ ਚੇਤ ਸਿੰਘ ਨੂੰ ਟਿਕਾਣੇ ਲਾ ਕੇ ਮਹਾਰਾਜਾ ਸਾਹਿਬ ਦੀ ਥਾਂ ਕੰਵਰ ਨੌ-ਨਿਹਾਲ ਸਿੰਘ ਨੂੰ ਗੱਦੀ ਪੁਰ ਬਿਠਾਕੇ ਰਾਜ ਨੂੰ ਫ਼ਰੰਗੀਆਂ ਪਾਸੋਂ ਬਚਾ ਲਿਆ ਜਾਵੇ। ਕੰਵਰ ਸਾਹਿਬ ਤੋਂ ਬਿਨਾਂ ਰਾਜ ਦੀ ਰੱਖਿਆ ਹੋਰ

ਕੌਣ ਕਰੇਗਾ ? ਉਸੇ ਵੇਲੇ ਕੰਵਰ ਸਾਹਿਬ ਦੀ ਰਾਣੀ ਸਾਹਿਬਾ ਨੂੰ ਸਲਾਹ ਲੈਣ ਲਈ ਸੱਦ ਲਿਆ ਤੇ ਥੋੜੀ ਜਿਹੀ ਗੱਲ ਬਾਤ ਪਿਛੋਂ ਕੰਵਰ ਸਾਹਿਬ ਨੂੰ ਭੀ ਬੁਲਾ ਲਿਆ। ਕੰਵਰ ਸਾਹਿਬ ਦੇ ਆਉਣ ਪਰ ਧਿਆਨ ਸਿੰਘ ਨੇ ਮਹਾਰਾਜਾ ਖੜਕ ਸਿੰਘ ਤੇ ਸਰਦਾਰ ਚੇਤ ਸਿੰਘ ਦੇ ਦਸਖਤਾਂ ਵਾਲੀਆਂ ਫ਼ਰੰਗੀਆਂ ਵਲ ਚਿਠੀਆਂ (ਜੋ ਇਸ ਮਤਲਬ ਲਈ ਜਾਹਲੀ ਬਣਾ ਲਈਆਂ ਹੋਈਆਂ ਸਨ) ਰੱਖ ਦਿਤੀਆਂ ਤੇ ਆਖਿਆ ਕਿ ਹੁਣ ਰਾਜ ਨੂੰ ਬਚਾਉਣ ਦਾ ਇੱਕੋ ਹੀ ਢੰਗ ਹੈ। ਆਖਿਰ ਏਹ ਫ਼ੈਸਲਾ ਹੋਇਆ ਕਿ ਸਰਦਾਰ ਚੇਤ ਸਿੰਘ ਨੂੰ ਤਾਂ ਪਾਰ ਬੁਲਾਇਆ ਜਾਵੇ ਤੇ ਚੂੰਕਿ ਮਹਾਰਾਜਾ ਖੜਕ ਸਿੰਘ ਰਾਜ ਦੇ ਲਾਇਕ ਨਹੀਂ, ਇਸ ਲਈ ਗੱਦੀ ਤੇ ਕੰਵਰ ਸਾਹਿਬ ਨੂੰ ਬਿਠਾਇਆ ਜਾਵੇ। ਉਸ ਵੇਲੇ ਕੰਵਰ ਸਾਹਿਬ ਤੇ ਮਹਾਰਾਣੀ ਨੇ ਏਹ ਸ਼ਰਤ ਕਰ ਲਈ ਕਿ ਮਹਾਰਾਜਾ ਸਾਹਿਬ ਨੂੰ ਤਖਤੋਂ ਉਤਾਰਨ ਤੋਂ ਬਿਨਾ ਹੋਰ ਕੋਈ ਸਰੀਰਕ ਤਕਲੀਫ ਨਾ ਦਿਤੀ ਜਾਵੇ।

ਇਸ ਕੰਮ ਲਈ ਧਿਆਨ ਸਿੰਘ ਨੇ ਸਿਖ ਸਰਦਾਰਾਂ ਨੂੰ ਟਪਲਾ ਦੇਕੇ ਅੱਗੇ ਹੀ ਫਾਹਿਆ ਹੋਇਆ ਸੀ। ਸਿਰਫ ਇਕ ਸੰਧਾਂ ਵਾਲੀਏ ਹੀ ਬਾਕੀ ਸਨ। ਉਨ੍ਹਾਂ ਨੂੰ ਧਿਆਨ ਸਿੰਘ ਨੇ ਕਿਹਾ ਕਿ ਜੇ ਮੇਰੀ ਨੀਅਤ ਵਿਚ ਫਰਕ ਹੋਵੇ ਤਾਂ ਮੈਂ ਕੰਵਰ ਨੌ-ਨਿਹਾਲ ਸਿੰਘ ਨੂੰ ਗੱਦੀ ਤੇ ਬਿਠਾਉਣ ਲਈ ਕਿਉਂ ਜ਼ੋਰ ਲਾਵਾਂ। ਸੰਧਾਂਵਾਲੀਆਂ ਨੂੰ ਇਸ ਦੀ ਡੂੰਘੀ ਚਾਲਾਕੀ ਦਾ ਕੀ ਪਤਾ ਸੀ ਕਿ ਉਹ ਸਾਰੇ ਖਾਨਦਾਨ ਦੀ ਇਕੋ ਵਾਰੀ ਇਕੱਠੀ ਹੀ ਸਫ਼ਾਈ ਕਰਨ ਦੇ ਢੰਗ ਬਣਾਉਂਦਾ ਫਿਰਦਾ ਹੈ। ਉਹ ਭੀ ਇਸ ਦੇ ਅੱਡੇ ਲੱਗ ਗਏ।

੮ ਅਕਤੂਬਰ ੧੮੩੯ ਦੀ ਸ਼ਾਮ ਨੂੰ ਸਭ ਫ਼ੌਜ ਨੂੰ ਹੁਕਮ ਘਲ ਦਿਤੇ ਕਿ ਉਹ ਸਾਰੀ ਰਾਤ ਚੁੱਪ ਰਹਿਣ ਤੇ ਭਾਵੇਂ ਕੁਝ ਭੀ ਹੋ ਜਾਵੇ ਉਹ ਬਿਲਕੁਲ ਆਪਣੀਆਂ ਬਾਰਕਾਂ ਤੋਂ ਬਾਹਰ ਨਾ ਨਿਕਲਣ। ਕਰਨਲ ਗਾਰਡਨਰ ਨੂੰ ਸ਼ਾਮ ਨੂੰ ਹੀ ਸਾਰੇ ਦਰਵਾਜ਼ਿਆਂ ਤੇ ਤੋਪਾਂ ਭਰ ਕੇ ਰਖ ਦੇਣ ਦਾ ਹੁਕਮ ਮਿਲਿਆ ਤੇ ਲੋਕਾਂ ਨੂੰ ਕਿਹਾ ਗਿਆ ਕਿ ਦਰਵਾਜ਼ਿਆਂ ਪਰ ਕਿਤਨਾ ਭੀ ਸ਼ੋਰ ਕਿਉਂ ਨਾ ਹੋਵੇ ਉਹ ਸੁੱਤੇ ਹੀ ਪਏ ਰਹਿਣ। ਧਿਆਨ

ਸਿੰਘ ਨੇ ਇਹੋ ਜਿਹੇ ਸਭ ਲੋੜੀਂਦੇ ਪ੍ਰਬੰਧ ਕਰ ਕੇ ਚੌਦਾਂ ਪੰਦਰਾਂ ਆਦਮੀਆਂ ਦੀ ਇਕ ਪਾਰਟੀ ਬਣਾਈ, ਜਿਸ ਵਿਚ ਧਿਆਨ ਸਿੰਘ, ਗੁਲਾਬ ਸਿੰਘ, ਸੁਚੇਤ ਸਿੰਘ (ਤਿੰਨੇ ਡੋਗਰਾ ਭਰਾ), ਕੰਵਰ ਨੌ-ਨਿਹਾਲ ਸਿੰਘ, ਰਾਉ ਲਾਲ ਸਿੰਘ, ਰਾਉ ਕੇਸਰ ਸਿੰਘ, ਕਰਨਲ ਗਾਰਡਨਰ ਤੇ ਸੰਧਾਂ ਵਾਲੀਏ ਸਰਦਾਰ ਸ਼ਾਮਲ ਸਨ। ਇਹ ਪਾਰਟੀ ਅੱਧੀ ਰਾਤੀਂ ਮਹਿਲਾਂ ਨੂੰ ਤੁਰ ਪਈ। ਅੰਦਰ ਜਾਣ ਹੀ ਲੱਗੇ ਸਨ ਕਿ ਸੰਤਰੀ ਨੇ ਪੁੱਛਿਆ "ਕੌਣ ਏ?" ਧਿਆਨ ਸਿੰਘ ਨੇ ਝੱਟ ਘੜਿਆ ਘੜਾਇਆ ਉਤਰ ਦਿਤਾ: "ਮਹਾਰਾਜਾ ਸਾਹਿਬ ਸਵੇਰੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਅਸ਼ਨਾਨ ਕਰਨ ਜਾ ਰਹੇ ਹਨ, ਇਸ ਲਈ ਅਸੀਂ ਕੁਝ ਤਿਆਰੀ ਕਰਨ ਚੱਲੇ ਹਾਂ।" ਏਹ ਕਹਿ ਕੇ ਸਾਰੇ ਅੱਗੇ ਵਧੇ ਤੇ ਡਿਉਢੀ ਲੰਘ ਕੇ ਹਨੇਰੀਆਂ ਪੌੜੀਆਂ ਚੜ੍ਹਕੇ ਜਦ "ਬਾਦਸ਼ਾਹੀ ਤਖ਼ਤ" ਪਾਸ ਪਹੁੰਚੇ ਤਾਂ ਦੋ ਭੱਈਆਂ ਨੇ ਟੋਕਿਆ, ਜਿਨ੍ਹਾਂ ਨੂੰ ਉਥੇ ਹੀ ਢੇਰ ਕਰ ਦਿੱਤਾ ਗਿਆ। ਇਥੇ ਧਿਆਨ ਸਿੰਘ ਤੇ ਗੁਲਾਬ ਸਿੰਘ ਨੇ ਇਕ ਦੂਸਰੇ ਦੇ ਕੰਨਾਂ ਵਿਚ ਹੀ ਕੁਝ ਸਲਾਹ ਕੀਤੀ। ਅਗੋਂ ਗੜਵਈ ਮਹਾਰਾਜਾ ਸਾਹਿਬ ਲਈ ਪਾਠ ਕਰਨ ਲਈ ਹਥ ਮੂੰਹ ਧੋਣ ਵਾਸਤੇ ਜਲ ਛਡ ਕੇ ਆ ਰਿਹਾ ਸੀ। ਉਸਨੇ ਜਦ ਏਹ ਟੋਲੀ ਦੇਖੀ ਤਾਂ ਮਹਾਰਾਜਾ ਸਾਹਿਬ ਨੂੰ ਖ਼ਬਰ ਦੇਣ ਲਈ ਪਿਛੇ ਨੂੰ ਦੌੜਿਆ ਕਿ ਸੁਚੇਤ ਸਿੰਘ ਨੇ ਗੋਲੀ ਕੱਢ ਮਾਰੀ। ਵਿਚਾਰਾ ਉਥੇ ਹੀ ਡਿਗ ਪਿਆ, ਉਸ ਵੇਲੇ ਮਹਾਰਾਜਾ ਸਾਹਿਬ ਦੀ ਗਾਰਡ ਦੀਆਂ ਦੋ ਕੰਪਨੀਆਂ ਪਹਿਰੇ ਪਰ ਸਨ। ਧਿਆਨ ਸਿੰਘ ਉਥੇ ਪੁੱਜਾ, ਉਸਦੇ ਪਿਛੇ ਪਿਛੇ ਗਾਰਡਨਰ ਭੀ ਸੀ। ਸੂਬੇਦਾਰ ਦੇ ਪੁਛਣ ਪਰ ਕਿ "ਤੁਸੀ ਗੋਲੀ ਕਿਉਂ ਚਲਾਈ?" ਧਿਆਨ ਸਿੰਘ ਨੇ ਸਿਰਫ਼ ਆਪਣਾ ਦੋ ਅੰਗੂਠਿਆਂ ਵਾਲਾ ਹੱਥ ਦਿਖਾਇਆ ਤੇ ਇਕ ਉਂਗਲੀ ਆਪਣੇ ਬੁਲ੍ਹਾਂ ਤੇ ਰਖਕੇ ਚੁਪ ਰਹਿਣ ਦਾ ਇਸ਼ਾਰਾ ਕੀਤਾ। ਇਹ ਇਸ਼ਾਰਾ ਵੇਖ ਕੇ ਸੂਬੇਦਾਰ ਨੇ ਸਭ ਨੂੰ ਲੇਟ ਜਾਣ ਦਾ ਹੁਕਮ ਦੇ ਦਿੱਤਾ ਤੇ ਧਿਆਨ ਸਿੰਘ ਨੂੰ ਮਹਾਰਾਜਾ ਸਾਹਿਬ ਦੇ ਕਮਰੇ ਵੱਲ ਇਸ਼ਾਰਾ ਕੀਤਾ।

ਜਿਸ ਵੇਲੇ ਏਹ ਚੰਡਾਲ ਪਾਰਟੀ ਅੰਦਰ ਪਹੁੰਚੀ ਤਾਂ ਮਹਾਰਾਜਾ

ਸਾਹਿਬ ਕੁਰਲੀ ਕਰ ਰਹੇ ਸਨ। ਸਰਦਾਰ ਚੇਤ ਸਿੰਘ ਦਾ ਪਲੰਘ ਖਾਲੀ ਸੀ। ਓਹ ਗੋਲੀ ਦਾ ਸ਼ੋਰ ਸੁਣ ਕੇ, ਖਿਸਕ ਗਿਆ ਸੀ ਤੇ ਪਰ੍ਹੇ ਇਕ ਹਨੇਰੇ ਕਮਰੇ 'ਖ਼ਾਬ-ਗਾਹ' ਵਿਚ ਜਾ ਛੁਪਿਆ ਸੀ। ਜਦ ਮਹਾਰਾਜਾ ਸਾਹਿਬ ਤੋਂ ਪੁਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਗੋਲੀ ਦੀ ਆਵਾਜ਼ ਸੁਣਕੇ ਬਾਹਰ ਗਿਆ ਹੈ। ਮਹਾਰਾਜਾ ਸਾਹਿਬ ਉਠਣ ਹੀ ਲਗੇ ਸਨ ਕਿ ਕੁਝ ਆਦਮੀਆਂ ਨੇ ਉਨ੍ਹਾਂ ਨੂੰ ਪਕੜ ਕੇ ਬੰਨ੍ਹ ਦਿੱਤਾ। ਕੋਈ ਵੱਡੀ ਗੱਲ ਨਹੀਂ ਸੀ ਕਿ ਉਸ ਵੇਲੇ ਮਹਾਰਾਜਾ ਸਾਹਿਬ ਨੂੰ ਮਾਰ ਹੀ ਦਿਤਾ ਜਾਂਦਾ–ਡੋਗਰੇ ਤਾਂ ਕੋਈ ਅਜਿਹਾ ਮੌਕਾ ਹੀ ਟੋਲਦੇ ਸਨ–ਪਰ ਕੰਵਰ ਸਾਹਿਬ ਦੇ ਸਾਥ ਹੋਣ ਕਰਕੇ ਤੇ ਮਹਾਰਾਣੀ ਚੰਦ ਕੌਰ ਦੇ ਆ ਪੁੱਜਣ ਤੇ ਉਹ ਬਚ ਗਏ। ਫਿਰ ਇਹ ਪਾਰਟੀ ਮਸਾਲਾਂ ਜਗਾਕੇ ਸਰਦਾਰ ਚੇਤ ਸਿੰਘ ਨੂੰ ਢੂੰਡਣ ਲੱਗੀ। ਖਾਬ ਗਾਹ ਖਾਲੀ ਹੀ ਮਲੂਮ ਹੋਈ ਅਤੇ ਮੁੜਨ ਹੀ ਲੱਗੇ ਸਨ ਕਿ ਲਾਲ ਸਿੰਘ ਨੂੰ ਅੰਦਰੋਂ ਤਲਵਾਰ ਦੀ ਝਲਕ ਪਈ। ਬਸ ਫੇਰ ਕੀ ਸੀ, ਸਾਰੇ ਚੇਤ ਸਿੰਘ ਵਲ ਹੋ ਪਏ। ਧਿਆਨ ਸਿੰਘ ਆਪਣੇ ਭਰਾ ਗੁਲਾਬ ਸਿੰਘ ਨੂੰ ਪਿੱਛੇ ਹਟਾਕੇ ਅੱਗੇ ਵਧਿਆ ਤੇ ਕਹਿਣ ਲੱਗਾ 'ਓਹ ਚਵ੍ਹੀ ਘੰਟੇ ਜੋ ਤੂੰ ਮੈਨੂੰ ਦੱਸਦਾ ਸੀ ਹਾਲਾਂ ਤਕ ਨਹੀਂ ਗੁਜ਼ਰੇ?' ਏਹ ਕਹਿਕੇ ਧਿਆਨ ਸਿੰਘ ਨੇ ਕਟਾਰ ਸਰਦਾਰ ਚੇਤ ਸਿੰਘ ਦੇ ਪੇਟ ਵਿਚ ਕਢ ਮਾਰੀ ਤੇ ਆਖਿਆ: 'ਆਹ ਲੈ, ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ ਵਿਚ !'

ਸਰਦਾਰ ਚੇਤ ਸਿੰਘ ਨੂੰ ਟਿਕਾਣੇ ਲਾ ਕੇ ਮਹਾਰਾਜਾ ਖੜਕ ਸਿੰਘ ਨੂੰ ਤਖਤੋਂ ਉਤਾਰ ਦੇਣਾ ਕੋਈ ਮੁਸ਼ਕਲ ਗਲ ਨਹੀਂ ਸੀ। ਮਹਾਰਾਜਾ ਸਾਹਿਬ ਨੂੰ ਨਜ਼ਰ-ਬੰਦ ਕਰ ਦਿਤਾ ਗਿਆ ਤੇ ਰਾਜ ਦਾ ਕੰਮ ਕਾਰ ਕੰਵਰ ਨੌ-ਨਿਹਾਲ ਸਿੰਘ ਕਰਨ ਲਗ ਪਏ। ਕੰਵਰ ਸਾਹਿਬ ਨੂੰ ਮਹਾਰਾਜਾ ਸਾਹਿਬ ਦੇ ਅਸਰ ਤੋਂ ਬਚਾਈ ਰਖਣ ਲਈ ਗੁਲਾਬ ਸਿੰਘ ਯਾ ਧਿਆਨ ਸਿੰਘ ਪਰਛਾਵੇਂ ਵਾਂਙ ਓਨ੍ਹਾਂ ਦੇ ਪਿਛੇ ਰਹਿੰਦੇ ਸਨ। ਕੰਵਰ ਸਾਹਿਬ ਇਕ ਦੋ ਵਾਰੀ ਜਦ ਭੀ ਮਹਾਰਾਜਾ ਸਾਹਿਬ ਨੂੰ ਮਿਲੇ ਤਾਂ

ਡੋਗਰਿਆਂ ਦੀ ਸਿਖਲਾਵਟ ਅਨੁਸਾਰ ਬੁਰਾ ਭਲਾ ਹੀ ਬੋਲੇ। ਇਸ ਵੇਲੇ ਧਿਆਨ ਸਿੰਘ ਬਾਹਰੀ ਦਿਖਲਾਵੇ ਲਈ ਕੰਵਰ ਨੌ-ਨਿਹਾਲ ਸਿੰਘ ਨੂੰ ਨਸੀਹਤਾਂ ਕਰਨ ਲੱਗ ਪੈਂਦਾ ਸੀ। ਇਹ ਉਸ ਦੀ ਦੋ-ਰੰਗੀ ਚਾਲ ਸੀ।

ਨਜ਼ਰ-ਬੰਦੀ ਵਿਚ ਮਹਾਰਾਜਾ ਸਾਹਿਬ ਬੀਮਾਰ ਹੋ ਗਏ। ਪਰ ਧਿਆਨ ਸਿੰਘ ਨੇ ਕੰਵਰ ਸਾਹਿਬ ਨੂੰ ਕਿਹਾ ਕਿ ਅਸਲ ਵਿਚ ਮਹਾਰਾਜਾ ਸਾਹਿਬ ਬੀਮਾਰ ਨਹੀਂ ਹਨ ਬਲਕਿ ਇਕ ਬਹਾਨਾ ਹੈ ਕਿ ਓਹ ਕਿਸੇ ਤਰ੍ਹਾਂ ਨਜ਼ਰ-ਬੰਦੀ ਵਿਚੋਂ ਨਿਕਲ ਕੇ ਅੰਗਰੇਜ਼ਾਂ ਪਾਸ ਚਲੇ ਜਾਣ। ਨਤੀਜਾ ਏਹ ਹੋਇਆ ਕਿ ਇਲਾਜ ਤਾਂ ਕੀ ਕਰਨਾ ਸੀ ਉਨ੍ਹਾਂ ਉਪਰ ਸਗੋਂ ਪਹਿਰਾ ਹੋਰ ਸਖ਼ਤ ਕਰ ਦਿਤਾ ਗਿਆ ਅਤੇ ਹਕੀਮਾਂ ਦੀ ਰਾਹੀਂ ਸੁਫੈਦ ਕਸਕਰੀ (white Lead or the Acetate of lead) ਤੇ ਰਸ ਕਪੂਰ (Corrosive Sublimate or the Native Muriate of Mercury) ਆਦਿ ਜ਼ਹਿਰ ਥੋੜੀ ਥੋੜੀ ਦੇਣੀ ਸ਼ੁਰੂ ਕਰ ਦਿਤੀ। ਭਾਈ ਗੁਰਮੁਖ ਸਿੰਘ ਦਰਬਾਰੀ ਗ੍ਰੰਥੀ ਨੂੰ ਇਸ ਭੇਤ ਦਾ ਪਤਾ ਲਗ ਗਿਆ ਸੀ ਤੇ ਉਸਨੇ ਮਹਾਰਾਜਾ ਸਾਹਿਬ ਨੂੰ ਇਸ਼ਾਰਾ ਹੀ ਨਹੀਂ ਸੀ ਕੀਤਾ, ਬਲਕਿ ਇਨ੍ਹਾਂ ਬੇਈਮਾਨ ਗ਼ੱਦਾਰਾਂ ਨੂੰ ਲਾਹਨਤ ਫਿਟਕਾਰ ਭੀ ਬਹੁਤ ਪਾਈ। ਨੌਂ ਮਹੀਨੇ ਤਕ ਮਹਾਰਾਜਾ ਸਾਹਿਬ ਏਸੇ ਤਰਾਂ ਬੀਮਾਰੀ ਨਾਲ ਰਿੜਕੀਂਦੇ ਰਹੇ ਪਰ ਰਾਜ ਦੇ ਦਰਬਾਰੀ ਡਾਕਟਰ ਜੇ: ਮਾਰਟਿਨ ਹੋਨਿਗਬਰਗਰ ਨੂੰ ਇਕ ਵਾਰੀ ਭੀ ਨਾ ਬੁਲਾਇਆ ਗਿਆ। ਉਸਨੂੰ ਤੇ ਤਾਂ ਬੁਲਾਂਦੇ ਜੇ ਇਲਾਜ ਕਰਵਾਣਾ ਹੁੰਦਾ; ਓਥੇ ਤਾਂ ਭਾਵ ਹੀ ਕੁਝ ਹੋਰ ਸੀ। ਇਨ੍ਹਾਂ ਦਿਨਾਂ ਵਿਚ ਮਹਾਰਾਜਾ ਸਾਹਿਬ ਨੇ ਕਈ ਵਾਰੀ ਕੰਵਰ ਸਾਹਿਬ ਨੂੰ ਮਿਲਣ ਦੀ ਖ਼ਾਹਸ਼ ਪ੍ਰਗਟ ਕੀਤੀ, ਪਰ ਸਿਵਾਏ ਇਕ ਵਾਰੀ ਦੇ—ਉਹ ਭੀ ਮੌਤ ਤੋਂ ਇਕ ਦਿਨ ਪਹਿਲਾਂ ਬੇਹੋਸ਼ੀ ਦੀ ਹਾਲਤ ਵਿਚ—ਕੰਵਰ ਸਾਹਿਬ ਦਾ ਮੇਲ ਨਾ ਹੀ ਹੋਇਆ। ਆਖਿਰ ੫ ਨਵੰਬਰ ੧੮੪੦ ਨੂੰ ਜ਼ਹਿਰ ਦੇ ਅਸਰ ਨਾਲ ਮਹਾਰਾਜਾ ਖੜਕ ਸਿੰਘ ਜੀ ਸੁਰਗਵਾਸ ਹੋ ਗਏ।

੫ ਨਵੰਬਰ ਨੂੰ ਲੌਢੇ ਵੇਲੇ ਮਹਾਰਾਜਾ ਸਾਹਿਬ ਦਾ ਸਸਕਾਰ ਸੀ। ਧਿਆਨ ਸਿੰਘ ਇਸਦੇ ਨਾਲ ਹੀ ਕੁਝ ਹੋਰ ਭੀ ਬੰਦੋਬਸਤ ਕਰਦਾ ਫ਼ਿਰਦਾ ਸੀ। ਕੰਵਰ ਨੌ-ਨਿਹਾਲ ਸਿੰਘ ਨੂੰ ਭੀ ਉਸੇ ਦਿਨ ਹੀ ਮਰਵਾ ਦੇਣ ਦਾ ਅੰਦਰੂਨੀ ਮਤਲਬ ਏਹ ਸੀ ਕਿ ਕੰਵਰ ਸਾਹਿਬ ਦੀ ਮੌਤ ਦੂਸਰੇ ਸ਼ਾਹਜ਼ਾਦਿਆਂ ਦੇ ਮੱਥੇ ਮੜ੍ਹਕੇ ਯਾ ਕਿਸੇ ਹੋਰ ਬਹਾਨੇ ਉਨ੍ਹਾਂ ਨੂੰ ਖਾਲਸਾ ਫ਼ੌਜ ਦੀ ਮਦਦ ਨਾਲ ਤਤਕਾਲ ਹੀ ਟਿਕਾਣੇ ਲਗਾ ਸਕੇਗਾ ਤੇ ਬਸ ਫੇਰ ਹੀਰਾ ਸਿੰਘ ਲਈ ਰਾਹ ਸਾਫ ਹੋ ਜਾਊ। ਇਸ ਮਤਲਬ ਲਈ ਉਸਨੇ ਹਜ਼ੂਰੀ ਬਾਗ ਦੀ ਡਿਉਢੀ ਉਪਰ ਆਪਣੇ ਆਦਮੀ ਮੁਕਰਰ ਕਰ ਦਿਤੇ ਕਿ ਜਿਸ ਵੇਲੇ ਕੰਵਰ ਸਾਹਿਬ ਹੇਠੋਂ ਦੀ ਗੁਜ਼ਰਨ ਤਾਂ ਡਿਉਢੀ ਦੀ ਛੱਤ ਉਨ੍ਹਾਂ ਪਰ ਗਿਰਾ ਦਿਤੀ ਜਾਵੇ—ਇਸ ਬਾਬਤ ਸਾਰਾ ਪੂਰਾ ਪੂਰਾ ਇੰਤਜ਼ਾਮ ਭੀ ਪਹਿਲਾਂ ਹੀ ਕਰ ਛਡਿਆ।

ਮਹਾਰਾਜਾ ਖੜਕ ਸਿੰਘ ਦੇ ਨਾਲ ਹੀ ਮਹਾਰਾਣੀ ਤੋਂ ਬਿਨਾਂ ਦੂਸਰੀਆਂ ਰਾਣੀਆਂ—ਤੇ ਖ਼ਾਸ ਕਰਕੇ ਸਰਦਾਰ ਮੰਗਲ ਸਿੰਘ ਦੀ ਭੈਣ—ਨੂੰ ਧਿਆਨ ਸਿੰਘ ਵਲੋਂ ਜ਼ੋਰ ਨਾਲ ਮਜਬੂਰ ਕਰਕੇ ਸਤੀ ਕੀਤਾ ਗਿਆ।

ਚਿਤਾ ਨੂੰ ਲੰਬੂ ਲਾਉਣ ਤੋਂ ਥੋੜੀ ਦੇਰ ਹੀ ਪਿਛੋਂ ਧਿਆਨ ਸਿੰਘ ਨੇ ਕਰਨਲ ਗਾਰਡਨਰ ਨੂੰ ਆਪਣੇ ਤੋਪਖਾਨੇ ਦੇ ਚਾਲੀ ਕੁ ਆਦਮੀ ਮਮੂਲੀ ਫਟੀਕ ਦੀ ਵਰਦੀ ਵਿਚ ਲਿਆਕੇ ਤਿਆਰ ਰੱਖਣ ਲਈ ਭੇਜਿਆ ਤੇ ਆਪਣੇ ਸਾਥੀਆਂ ਨਾਲ ਕੰਨਾਂ ਵਿਚ ਕੁਝ ਸਲਾਹਾਂ ਕਰਨ ਲਗ ਪਿਆ। ਮਲੂਮ ਹੁੰਦਾ ਹੈ ਕਿ ਕੰਵਰ ਸਾਹਿਬ ਨੂੰ ਏਸ ਘੁਸਰ-ਮੁਸਰ ਤੇ ਦੌੜ-ਭੱਜ ਤੋਂ ਕੁਝ ਸ਼ਕ ਜਿਹਾ ਪੈ ਗਿਆ, ਕਿਉਂ ਕਿ ਉਹ ਸਸਕਾਰ ਨੂੰ ਅਧੂਰਾ ਹੀ ਛਡਕੇ ਤਲਾਉ ਵਲ ਅਸ਼ਨਾਨ ਕਰਨ ਲਈ ਤੁਰ ਪਏ। ਭਵੇਂ ਧਿਆਨ ਸਿੰਘ ਨੇ ਰੋਕਣਾ ਭੀ ਚਾਹਿਆ, ਪਰ ਉਹ ਨਾ ਮੰਨੇ। ਜਦ ਮੁੜ ਦੇ ਹੋਏ ਆਏ ਤਾਂ ਉਨ੍ਹਾਂ ਨੇ ਮੀਆਂ ਊਧਮ ਸਿੰਘ ਦਾ ਹਥ ਫੜਕੇ ਉਸ ਨੂੰ ਭੀ ਨਾਲ ਹੀ ਲੈ ਲਿਆ। ਇਹ ਦੋਵੇਂ ਡਿਉਢੀ ਵਿਚ ਦੀ ਗੁਜ਼ਰੇ ਹੀ ਸਨ ਕਿ ਛੱਤ ਉਨ੍ਹਾਂ

ਉਪਰ ਗਿਰ ਗਈ। ਮੀਆਂ ਊਧਮ ਸਿੰਘ ਤਾਂ ਉਥੇ ਹੀ ਚਿੱਤ ਹੋ ਗਿਆ, ਪਰ ਕੰਵਰ ਸਾਹਿਬ ਨੂੰ ਥੋੜੀ ਹੀ ਚੋਟ ਲੱਗੀ ਪਰ ਉਹ ਡਿਗ ਪਏ ਸਨ। ਉਹ ਉਠਣ ਹੀ ਲੱਗੇ ਸਨ ਕਿ ਧਿਆਨ ਸਿੰਘ ਕੰਵਰ ਸਾਹਿਬ ਨੂੰ ਚਾਰ ਪੰਜ ਡੋਲੀ-ਬਹਿਰਿਆਂ ਦੀ ਮਦਦ ਨਾਲ ਪਾਲਕੀ ਵਿਚ ਪਾਕੇ ਕਿਲ੍ਹੇ ਵਿਚ ਲੈ ਗਿਆ (ਮਲੂਮ ਹੁੰਦਾ ਹੈ ਕਿ ਡੋਲੀ ਬਹਿਰੇ ਤੇ ਪਾਲਕੀ ਉਥੇ ਅੱਗੇ ਹੀ ਮੌਜੂਦ ਰੱਖੇ ਹੋਏ ਸਨ) ਤੇ ਸਭ ਦਰਵਾਜ਼ੇ ਬੰਦ ਕਰ ਲਏ। ਸਰਦਾਰ ਲਹਿਣਾ ਸਿੰਘ ਮਜੀਠੀਆ ਪਾਲਕੀ ਦੇ ਪਿਛੇ ਜਾਣਾ ਚਾਹੁੰਦਾ ਸੀ, ਪਰ ਧਿਆਨ ਸਿੰਘ ਨੇ ਉਸ ਨੂੰ ਧੱਕਾ ਦੇਕੇ ਪਿਛੇ ਕਰ ਦਿਤਾ। ਜਿਸ ਵੇਲੇ ਕਰਨਲ ਗਾਰਡਨਰ ਦੇ ਆਦਮੀਂ ਪੁਜੇ ਤਾਂ ਕਾਰਾ ਵਰਤ ਚੁੱਕਿਆ ਸੀ। ਧਿਆਨ ਸਿੰਘ ਨੇ ਗਾਰਡਨਰ ਨੂੰ ਕਿਹਾ ਕਿ ਇਨ੍ਹਾਂ ਦੀ ਲੋੜ ਨਹੀਂ ਰਹੀ ਹੁਣ ਇਨ੍ਹਾਂ ਨੂੰ ਵਾਪਸ ਕਰ ਦਿਉ। ਧਿਆਨ ਸਿੰਘ ਦੇ ਇਕ ਦੋ ਸਾਥੀਆਂ ਤੋਂ ਬਿਨਾ ਕਿਸੇ ਨੂੰ ਭੀ ਅੰਦਰ ਜਾਣ ਦੀ ਆਗਿਆ ਨਹੀਂ ਸੀ। ਏਥੋ ਤਕ ਕਿ ਕੰਵਰ ਸਾਹਿਬ ਦੀ ਮਾਤਾ ਮਹਾਰਾਣੀ ਚੰਦ ਕੌਰ ਭੀ ਆਪਣੇ ਦੋਹਾਂ ਹਥਾਂ ਨਾਲ ਕਿਲ੍ਹੇ ਦੇ ਦਰਵਾਜ਼ੇ ਕੁਟ ਕੁਟ ਕੇ ਥਕ ਗਈ, ਪਰ ਕਿਸੇ ਨੇ ਦਰਵਾਜ਼ਾ ਨਾ ਖੋਲ੍ਹਿਆ। ਕੰਵਰ ਸਾਹਿਬ ਦੇ ਪਾਸ ਜਾਣਾ ਤਾਂ ਇਕ ਪਾਸੇ ਰਿਹਾ, ਕਿਲ੍ਹੇ ਦੇ ਭੀ ਅੰਦਰ ਜਾਣ ਜਾ ਹੁਕਮ ਨਹੀਂ ਸੀ। ਕੰਰਵ ਸਾਹਿਬ ਨੂੰ ਅੰਦਰ ਲੈ ਜਾਕੇ ਧਿਆਨ ਸਿੰਘ ਤੇ ਉਸਦੇ ਸਾਥੀਆਂ ਨੇ ਉਨ੍ਹਾਂ ਦੀ ਖੋਪਰੀ ਤੋੜ ਦਿਤੀ ਤੇ ਉਨ੍ਹਾਂ ਨੂੰ ਮੁਰਦੇ ਬਰਾਬਰ ਕਰ ਦਿਤਾ। ਕਿਉਂਕਿ ਜਿਸ ਵੇਲੇ ਡਿਉਢੀ ਵਿਚੋਂ ਉਠਾਕੇ ਕੰਵਰ ਸਾਹਿਬ ਨੂੰ ਪਾਲਕੀ ਵਿਚ ਪਾਇਆ ਤੇ ਕਿਲ੍ਹੇ ਵਿਚ ਲਿਆਂਦਾ ਸੀ ਤਾਂ ਉਨ੍ਹਾਂ ਦੇ ਸਿਰ ਹੇਠਾਂ ਰਖੇ ਹੋਏ ਕਪੜੇ ਪਰ ਸਿਰਫ਼ ਰੁਪਏ ਜਿਤਨਾ ਖ਼ੂਨ ਦਾ ਮਾਮੂਲੀ ਦਾਗ ਸੀ। ਪਰ ਜਿਸ ਵੇਲੇ ਥੋੜੀ ਦੇਰ ਪਿਛੋਂ ਡਾਕਟਰ ਹੋਨਿਗਬਰਗਰ ਨੇ ਕੰਵਰ ਸਾਹਿਬ ਨੂੰ ਦੇਖਿਆ ਤਾਂ ਉਨ੍ਹਾਂ ਦਾ ਸਿਰ ਬਹੁਤ ਬੁਰੀ ਤਰ੍ਹਾਂ ਫਟਿਆ ਹੋਇਆ ਸੀ ਤੇ ਬਿਸਤਰੇ ਦੇ ਕਪੜੇ ਲਹੂ ਨਾਲ ਭਰੇ ਹੋਏ ਸਨ ਤੇ ਲਹੂ ਦੀਆਂ ਧਾਰਾਂ ਵਗੀਆਂ ਹੋਈਆਂ ਸਨ।

ਜਿਸ ਵੇਲੇ ਗੁਪਤ ਕਾਰਵਾਈ ਹੋ ਚੁਕੀ, ਤਾਂ ਲੋਕ-ਦਿਖਾਵੇ ਲਈ

ਡਾਕਟਰ ਹੌਨਿਗਬਰਗਰ ਨੂੰ ਬੁਲਾਇਆ ਗਿਆ। ਓਹ ਕੀ ਦੇਖਦਾ ਹੈ ਕਿ ਕੰਵਰ ਸਾਹਿਬ ਇਕ ਤੰਬੂ ਵਿਚ ਲਹੂ-ਲੁਹਾਣ ਬੇ-ਹੋਸ਼ ਪਏ ਹਨ, ਸਿਰ ਬਹੁਤ ਹੀ ਬੁਰੀ ਤਰ੍ਹਾਂ ਟੁੱਟਿਆ ਹੋਇਆ ਹੈ। ਬਿਸਤਰੇ ਦੇ ਕਪੜਿਆਂ ਪਰ ਖ਼ੂਨ ਦੀਆਂ ਧਾਰਾਂ ਚਲੀਆਂ ਹੋਈਆਂ ਹਨ ਤੇ ਉਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ। ਧਿਆਨ ਸਿੰਘ ਨੇ ਡਾਕਟਰ ਹੌਨਿਗਬਰਗਰ ਨੂੰ ਪੱਕੀ ਤਰ੍ਹਾਂ ਤਾਕੀਦ ਕੀਤੀ ਕਿ ਇਸ ਬਾਬਤ ਕਿਸੇ ਨਾਲ ਵੀ ਕੋਈ ਗਲ ਨਾ ਕਰੇ। ਡਾਕਟਰ ਹੌਨਿਗਬਰਗਰ ਕੰਵਰ ਸਾਹਿਬ ਦਾ ਇਹ ਹਾਲ ਦੇਖਕੇ ਨਿਰਾਸ ਹੋਕੇ ਤੰਬੂ ਤੋਂ ਬਾਹਰ ਨਿਕਲ ਆਇਆ। ਧਿਆਨ ਸਿੰਘ ਫਿਰ ਤੰਬੂ ਦੇ ਅੰਦਰ ਗਿਆ ਤੇ ਬਾਹਰ ਲੋਕਾਂ ਨੂੰ ਸੁਣਾਉਣ ਲਈ ਡਾਕਟਰ ਸਾਹਿਬ ਨੂੰ ਉੱਚੀ ਆਵਾਜ਼ ਦੇਕੇ ਪੁਛਣ ਲੱਗਾ "ਕੰਵਰ ਸਾਹਿਬ ਕੁਝ ਤਰੀ ਮੰਗਦੇ ਹਨ, ਕੀ ਅਸੀ ਉਨ੍ਹਾਂ ਨੂੰ ਦੇ ਦੇਵੀਏ ?" ਡਾਕਟਰ ਹੌਨਿਗਬਰਗਰ ਨੇ ਜਵਾਬ ਦਿੱਤਾ "ਹਾਂ ਜ਼ਰੂਰ ! ਹੁਣ ਉਨ੍ਹਾਂ ਨੂੰ ਤਰੀ ਦੀ ਜ਼ਰੂਰ ਹੀ ਲੋੜ ਹੈ !"

ਜਿਸ ਵੇਲੇ ਦਰਵਾਜ਼ਾ ਖੋਲ੍ਹਿਆ ਗਿਆ ਅਤੇ ਸੰਧਾਂ ਵਾਲੀਏ ਸਰਦਾਰ ਅੰਦਰ ਗਏ ਤਾਂ ਕੰਵਰ ਸਾਹਿਬ ਮਰ ਚੁੱਕੇ ਹੋਏ ਸਨ।

ਕੰਵਰ ਨੌ-ਨਿਹਾਲ ਸਿੰਘ ਦੀ ਮੌਤ ਦੇ ਪਿਛੋਂ ਇਸ ਸੰਬੰਧੀ ਸਭ ਗੁਪਤ ਕਾਰਵਾਈਆਂ ਦਾ ਉੱਕਾ ਹੀ ਖੁਰਾ-ਖੋਜ ਮਿਟਾ ਦੇਣ ਲਈ ਸਭ ਪੂਰੇ ਪੂਰੇ ਯਤਨ ਕੀਤੇ, ਇਥੋਂ ਤਕ ਕਿ ਉਨ੍ਹਾਂ ਪੰਜਾਂ ਡੋਲੀ-ਬਹਿਰੇ ਭੱਈਆਂ—ਇਹ ਗਾਰਡਨਰ ਦੇ ਤੋਪਖਾਨੇ ਦੇ ਸਪਾਹੀ ਸਨ—ਵਿਚੋਂ ਦੋ ਨੂੰ, ਜਿਨ੍ਹਾਂ ਦੇ ਸਾਹਮਣੇ ਤੇ ਮਦਦ ਨਾਲ ਏਹ ਭੈੜਾ ਕੰਮ ਕੀਤਾ ਸੀ, ਖ਼ੁਫ਼ੀਆ ਢੰਗ ਨਾਲ ਮਰਵਾ ਦਿੱਤਾ ਗਿਆ। ਦੋ ਵਿਚਾਰੇ ਮੌਤ ਦੇ ਡਰ ਤੋਂ ਆਪਣੇ ਵਤਨ ਹਿੰਦੁਸਤਾਨ ਨੂੰ ਭੱਜ ਗਏ ਤੇ ਪੰਜਵੇਂ ਦਾ ਕੁਝ ਪਤਾ ਹੀ ਨਹੀਂ ਲੱਗਾ। ਉਹ ਭੀ ਕਿਸੇ ਦੀ ਗੋਲੀ ਦਾ ਨਿਸ਼ਾਨਾ ਬਣ ਗਿਆ ਹੋਵੇਗਾ।

ਤਿੰਨ ਦਿਨ ਤਕ ਕੰਵਰ ਸਾਹਿਬ ਦੀ ਮੌਤ ਦੀ ਖਬਰ ਖ਼ੁਫ਼ੀਆ ਰਖੀ ਗਈ।

ਭਰੋਵਾਲ ਦੇ ਅਹਿਦਨਾਮੇ ਤੇ ਨਵਾਂ ਚਾਨਣ

ਲਾਹੌਰ ਦਰਬਾਰ ਅਤੇ ਸਰਕਾਰ ਅੰਗ੍ਰੇਜ਼ੀ ਵਿਚਕਾਰ ਹੋਏ ੧੧ ਮਾਰਚ ਸੰਨ ੧੮੪੬ ਦੇ ਅਹਿਦਨਾਮੇ ਦੇ ਨਾਲ ਵਾਧੂ ਸ਼ਰਤਾਂ ਦੀ ਪਹਿਲੀ ਸ਼ਰਤ ਵਿੱਚ ਫੈਸਲਾ ਹੋਇਆ ਸੀ ਕਿ "ਸਰਕਾਰ ਅੰਗ੍ਰੇਜ਼ੀ ਸੰਨ ੧੮੪੬ ਦੇ ਆਖੀਰ ਤੱਕ ਅਹਿਦਨਾਮਾ ਲਾਹੌਰ ਦੀ ਛੇਵੀਂ ਸ਼ਰਤ ਅਨੁਸਾਰ ਸਿਖ ਫੌਜ ਦੀ ਨਵੀ ਬਣਤਰ ਦੇ ਦਿਨੀਂ ਮਹਾਰਾਜਾ (ਦਲੀਪ ਸਿੰਘ) ਅਤੇ ਸ਼ਹਿਰ ਲਾਹੌਰ ਦੀ ਹਫਾਜ਼ਤ ਲਈ ਇਤਨੀ ਫੌਜ ਛਡੇਗੀ ਜਿਤਨੀ ਕਿ ਗਵਰਨਰ ਜੈਨਰਲ ਇਨ੍ਹਾਂ ਮਤਲਬਾਂ ਲਈ ਜ਼ਰੂਰੀ ਸਮਝੇਗਾ; ਅਤੇ ਜੇ ਦਰਬਾਰ ਦੀ ਰਾਏ ਵਿੱਚ ਇਸ ਅਰਸੇ ਤੋਂ ਪਹਿਲਾਂ ਪਹਿਲਾਂ ਹੀ ਇਹ ਮਤਲਬ ਹੱਲ ਹੋ ਗਿਆ ਤਾਂ ਇਹ ਫੌਜ ਸਾਲ ਮੁੱਕਣ ਤੋਂ ਪਹਿਲਾਂ ਹੀ ਕਿਸੇ ਸੁਖਾਲੇ ਮੌਕੇ ਹਟਾ ਲਈ ਜਾਏਗੀ; ਪਰ ਇਹ ਫੌਜ ਮੌਜੂਦਾ ਸਾਲ ਦੇ ਅੰਤਿ ਤੋਂ ਬਾਅਦ ਲਾਹੌਰ ਵਿਚ ਨਹੀਂ ਠਹਿਰਾਈ ਜਾਏਗੀ।" ਜਿਉਂ ਜਿਉਂ ਸੰਨ ੧੮੪੬ ਮੁੱਕਣ ਦੇ ਲਾਗੇ ਆਉਂਦਾ ਗਿਆ ਲਾਹੌਰ ਦਰਬਾਰ ਨੇ ਉਪਰਲੇ ਅਹਿਦਨਾਮੇ ਦੀ ਸ਼ਰਤ ਅਨੁਸਾਰ ਅੰਗ੍ਰੇਜ਼ੀ ਫ਼ੌਜਾਂ ਹਟਾਏ ਜਾਣ ਪਿੱਛੋਂ ਪੰਜਾਬ ਦੇ ਨਵੇਂ ਰਾਜ ਪ੍ਰਬੰਧ ਲਈ ਇੰਤਜ਼ਾਮ ਕਰਨੇ ਸ਼ੁਰੂ ਕਰ ਦਿੱਤੇ। ਦੂਸਰੇ ਪਾਸੇ ਸਰ ਹੈਨਰੀ ਹਾਰਡਿੰਗ ਪੰਜਾਬ ਉੱਤੇ ਅੰਗ੍ਰੇਜ਼ੀ ਕਾਬੂ ਹੋਰ ਕਰੜਾ ਕਰਨ ਅਤੇ ਅੰਗ੍ਰੇਜ਼ੀ ਫ਼ੌਜਾਂ ਉੱਥੇ ਰੱਖੀ ਰੱਖਣ ਦੀ ਇੱਛਾ ਲਾਈ ਬੈਠਾ ਸੀ। ਰਾਜ-ਮਾਤਾ ਮਹਾਰਾਣੀ ਜਿੰਦ ਕੌਰ, ਜੋ ਆਪਣੇ ਨਾਬਾਲਗ

ਪੁੱਤਰ ਮਹਾਰਾਜਾ ਦਲੀਪ ਸਿੰਘ ਦੀ ਰਾਜ-ਪ੍ਰਬੰਧਕ ਸੀ, ਵੀ ਚਾਹੁੰਦੀ ਸੀ ਕਿ ੧੧ ਮਾਰਚ ਸੰਨ ੧੮੪੬ ਦੇ ਅਹਿਦਨਾਮੇ ਦੀ ਸ਼ਰਤ ਨੰਬਰ ੯ ਅਨੁਸਾਰ ਅੰਗ੍ਰੇਜ਼ੀ ਫ਼ੌਜ ਉਤਨੀ ਦੇਰ ਤੱਕ ਲਾਹੌਰ ਟਿਕੀ ਰਹੇ ਜਿਤਨੀ ਦੇਰ ਕਿ ੯ ਮਾਰਚ ਦੀ ਸ਼ਰਤ ਨੰਬਰ ੧੫ ਅਨੁਸਾਰ "ਸਰਕਾਰ ਅੰਗ੍ਰੇਜ਼ੀ ਲਾਹੌਰ ਰਾਜ ਦੇ ਅੰਦਰੂਨੀ ਪ੍ਰਬੰਧ ਵਿਚ ਕਿਸੀ ਪ੍ਰਕਾਰ ਦਾ ਦਖਲ ਨਹੀਂ ਦੇਵੇਗੀ–ਪ੍ਰੰਤੂ ਜਿਨ੍ਹਾਂ ਮਾਮਲਿਆਂ ਵਿੱਚ ਸਰਕਾਰ ਅੰਗ੍ਰੇਜ਼ੀ ਦੀ ਸਲਾਹ ਮੰਗੀ ਜਾਏਗੀ ਗਵਰਨਰ ਜੈਨਰਲ ਲਾਹੌਰ ਸਰਕਾਰ ਦੇ ਭਲੇ ਲਈ ਸਲਾਹ ਦੇਕੇ ਸਹਾਇਤਾ ਕਰੇਗਾ।" ੧੭ ਦਸੰਬਰ ੧੮੪੬ ਦੀ ਰਪੋਰਟ ਵਿੱਚ ਹੈਨਰੀ ਲਾਰੈਂਸ ਦਸਦਾ ਹੈ ਕਿ "ਪਿਛਲਿਆਂ ਚੰਦ ਮਹੀਨਿਆਂ ਵਿਚ ਸਾਡੇ ਠਹਿਰੇ ਰਹਿਣ ਲਈ ਮਹਾਰਾਨੀ ਤੋਂ ਜ਼ਿਆਦਾ ਹੋਰ ਕਿਸੇ ਨੇ ਇੱਛਾ ਪ੍ਰਗਟ ਨਹੀਂ ਕੀਤੀ। ਅਤੇ ਰਾਜਾ ਲਾਲ ਸਿੰਘ ਨੂੰ ਵਜ਼ੀਰੀ ਤੋਂ ਲਾਹੇ ਜਾਣ ਦੇ ਦਿਨ (੪ ਦਸੰਬਰ ਸੰਨ ੧੮੪੬) ਤੋਂ ਅਗਲੇ ਭਲਕ ਜਦ ਕਿ ਉਸਨੂੰ ਬਹੁਤ ਅਫ਼ਸੋਸ ਲੱਗਾ ਹੋਇਆ ਸੀ ਜਦ ਮੈਂ ਮਹਾਰਾਨੀ ਪਾਸ ਗਿਆ ਤਦ ਉਸਨੇ ਮੈਨੂੰ ਆਖਿਆ ਸੀ ਕਿ ਜਦ ਅਸੀਂ ਪੰਜਾਬੋਂ ਚਲੇ ਗਏ ਤਾਂ ਉਹ ਭੀ ਛੱਡ ਜਾਏਗੀ।"

ਪਰ ਮਾਲੂਮ ਹੁੰਦਾ ਹੈ ਮਹਾਰਾਨੀ ਨੂੰ ਹੈਨਰੀ ਹਾਰਡਿੰਗ ਦੀ ਨੀਯਤ ਸੰਬੰਧੀ ਛੇਤੀ ਹੀ ਚਾਨਣਾ ਹੋ ਗਿਆ ਜੋ ਅੰਦਰਲੇ ਤੇ ਬਾਹਰਲੇ ਪ੍ਰਬੰਧ ਦੀਆਂ ਸਾਰੀਆਂ ਗੱਲਾਂ ਵਿੱਚ ਅੰਗ੍ਰੇਜ਼ੀ ਰੈਜ਼ੀਡੈਂਟ ਨੂੰ ਪੂਰੀ ਪੂਰੀ ਖੁੱਲ੍ਹੀ ਤਾਕਤ ਦੇਣਾ ਚਾਹੁੰਦਾ ਸੀ। ਇਸਦਾ ਅਮਲੀ ਨੁਕਤਾ ਨਿਗਾਹ ਤੋਂ ਸਾਫ਼ ਮਤਲਬ ਲਾਹੌਰ ਦਰਬਾਰ, ਰਾਜ-ਮਾਤਾ ਅਤੇ ਮਹਾਰਾਜੇ ਨੂੰ ਨਿਹੱਥਲ ਕਰ ਦੇਣਾ ਤੇ ਸਿੱਖ ਰਾਜ ਦਾ ਅੰਤ ਸੀ। ਏਸੇ ਲਈ ਹੀ ਮਹਾਰਾਨੀ ਤੇ ਦਰਬਾਰ ਦੇ ਸਰਦਾਰਾਂ ਦੇ ਰਵੱਈਏ ਵਿੱਚ ਇੱਕ ਬੜੀ ਭਾਰੀ ਤਬਦੀਲੀ ਆ ਗਈ। ਅੰਗ੍ਰੇਜ਼ਾਂ ਦੇ ਹੱਥਾਂ ਵਿੱਚ ਬਾਹਰਲੀਆਂ ਤੇ ਅੰਦਰਲੀਆਂ ਗੱਲਾਂ ਦਾ ਸਾਰਾ ਅਖਤਿਆਰ ਦੇਕੇ ਅੰਗ੍ਰੇਜ਼ੀ ਫ਼ੌਜ ਦੇ ਲਾਹੌਰ ਟਿਕੇ ਰਹਿਣ ਦਾ ਜੋ ਮੁੱਲ ਉਨ੍ਹਾਂ ਨੂੰ ਦੇਣਾ ਪੈ ਰਿਹਾ ਸੀ ਉਹ ਬਹੁਤ ਭਿਆਨਕ ਸੀ। ਰਾਜਸੀ ਅੱਖਰਾਂ

ਵਿੱਚ ਇਸਦਾ ਅਰਥ ਪੰਜਾਬ ਦੇ ਸੁਤੰਤਰ ਰਾਜ ਨੂੰ ਹਿੰਦੁਸਤਾਨ ਦੀ ਅੰਗ੍ਰੇਜ਼ੀ ਹਕੂਮਤ ਦਾ ਇਕ ਸੂਬਾ ਬਣਾ ਦੇਣਾ ਸੀ। ਇਸ ਗੱਲ ਨੇ ਮਹਾਰਾਨੀ ਦੇ ਦਿਲੀ ਰੁਖ ਨੂੰ ਹੋਰ ਤੇਜ਼ੀ ਨਾਲ ਪੱਕਾ ਕਰ ਦਿੱਤਾ। ਹੈਨਰੀ ਲਾਰੈਂਸ ੧੭ ਦਸੰਬਰ ੧੮੪੬ ਦੀ ਚਿੱਠੀ ਵਿੱਚ ਸਰਕਾਰ ਨੂੰ ਲਿਖਦਾ ਹੈ ਕਿ "ਪਿਛਲੇ ਇਕ ਦੋ ਦਿਨਾਂ ਤੋਂ ਰਾਣੀ ਆਪਣਾ ਸਾਰੇ ਦਾ ਸਾਰਾ ਤਾਣ ਛੋਟੇ ਤੇ ਵੱਡੇ ਸਰਦਾਰਾਂ ਨੂੰ ਆਪਣੇ ਨਾਲ ਮਿਲਾਕੇ ਰਾਜ ਦੀ ਸੁਤੰਤਰਤਾ ਦੀ ਇਕ ਸਕੀਮ ਵਿਚ ਸੰਗਠਤ ਕਰਨ ਵਿਚ ਲਾ ਰਹੀ ਹੈ, ਜਿਸ ਨਾਲ ਕਿ ਉਹ ਖੁਦ ਰਾਜ ਦੀ ਮੋਹਰੀ ਹੋਵੇਗੀ। ਇਸ ਵਿਚ ਉਸਦਾ ਵੱਡਾ ਸਲਾਹਕਾਰ ਅੰਗ੍ਰੇਜ਼ਾਂ ਦਾ ਸਦਾ ਦਾ ਵਿਰੋਧੀ ਰਾਜਾ ਦੀਨਾ ਨਾਥ ਹੈ ਜੋ ਹੁਣ ਸਾਡੇ ਨੌਜਵਾਨ ਮਹਾਰਾਜੇ ਅਤੇ ਸ਼ਾਹੀ ਖ਼ਜ਼ਾਨੇ ਦੇ ਗਾਰਡੀਅਨ ਬਣ ਜਾਣ ਦੇ ਖ਼ਿਆਲ ਤੋਂ ਡਰ ਗਿਆ ਜਾਪਦਾ ਹੈ।"

ਜਿਵੇਂ ਗਵਰਨਰ ਜੈਨਰਲ ਹੈਨਰੀ ਹਾਰਡਿੰਗ ਦੀਆਂ ਲਾਹੌਰ ਵਿੱਚ ਅੰਗ੍ਰੇਜ਼ੀ ਰੈਜ਼ੀਡੈਂਟ ਫ੍ਰੈਡਰਿੱਕ ਕਰੀ ਦੇ ਨਾਂ ਲਿਖੀਆਂ ਪ੍ਰਾਈਵੇਟ ਚਿੱਠੀਆਂ ਤੋਂ ਪਤਾ ਲਗਦਾ ਹੈ ਹੈਨਰੀ ਹਾਰਡਿੰਗ ਨੇ ਇਹ ਗੱਲ ਪੱਕੀ ਤਰ੍ਹਾਂ ਠਾਣ ਲਈ ਹੋਈ ਸੀ ਕਿ ਉਹ ਸਾਰੀ ਤੇ ਪੂਰੀ ਪੂਰੀ ਤਾਕਤ ਆਪਣੇ ਹੱਥ ਵਿਚ ਲੈਕੇ ਲਾਹੌਰ ਵਿਚ ਰੱਖੇ ਜਾਣ ਵਾਲੇ ਨਵੇਂ ਰੈਜ਼ੀਡੈਂਟ ਨੂੰ ਹਿੰਦੁਸਤਾਨ ਦੀ ਅੰਗ੍ਰੇਜ਼ੀ ਸਰਕਾਰ ਦੇ ਇਕ ਸੂਬੇ ਦੇ ਗਵਰਨਰ ਦੇ ਤੁੱਲ ਬਣਾ ਦੇਵੇਗਾ। ਰਾਜਾ ਲਾਲ ਸਿੰਘ ਦੇ ਮੁਕੱਦਮੇ ਦੇ ਸੰਬੰਧ ਵਿਚ ਸਰ ਹੈਨਰੀ ਹਾਰਡਿੰਗ ਨੇ ਭਰੋਵਾਲ ਦੇ ਮੁਕਾਮ ਤੋਂ ੧੦ ਦਸੰਬਰ ੧੮੪੬ ਨੂੰ ਫ੍ਰੈਡਰਿੱਕ ਕਰੀ ਨੂੰ ਲਾਹੌਰ ਲਿਖਿਆ, "ਮੈਨੂੰ ਇਸ ਗੱਲ ਬਾਬਤ ਕੋਈ ਭੀ ਸ਼ੱਕ ਨਹੀਂ, ਤੂੰ ਹੀ ਇਕ ਤੋਂ ਜ਼ਿਆਦਾ ਇਸ ਲਾਇਕ ਹੈਂ ਕਿ ਪੰਜਾਬ ਦੀਆਂ ਮੌਜੂਦਾ ਮੁਸ਼ਕਲਾਂ ਵਿਚ ਉੱਥੇ ਦੇ ਅੰਗ੍ਰੇਜ਼ੀ ਪ੍ਰਬੰਧ ਨੂੰ ਕਾਮਯਾਬ ਬਣਾ ਸਕੇਂ। ਅਤੇ ਇਸ ਹਾਲਤ ਵਿਚ ਮੈਂ ਤੈਨੂੰ ਲੈਫਟੈਂਨੈਂਟ ਗਵਰਨਰ ਦੇ ਬਰਾਬਰ ਦੀ ਪੋਜ਼ੀਸ਼ਨ ਤੇ ਰੱਖਣਾ ਚਾਹੁੰਦਾ ਹਾਂ।"

ਕਰੀ ਨੇ ਹਾਰਡਿੰਗ ਨੂੰ ਰੀਪੋਰਟ ਕੀਤੀ ਕਿ ਲਾਹੌਰ ਦਰਬਾਰ ਦੇ

ਸਰਦਾਰ ਸਰਕਾਰ ਅੰਗ੍ਰੇਜ਼ੀ ਵੱਲੋਂ ਪੰਜਾਬ ਲਈ ਸੋਚੇ ਗਏ ਨਵੇਂ ਪ੍ਰਬੰਧ ਨੂੰ ਪ੍ਰਵਾਨ ਕਰਨ ਉੱਤੇ ਰਾਜ਼ੀ ਨਹੀਂ ਹਨ। ਸਰ ਹੈਨਰੀ ਹਾਰਡਿੰਗ ਭੀ ਲਾਹੌਰ ਦਰਬਾਰ ਦੇ ਸਰਦਾਰਾਂ ਵੱਲੋਂ ਇਸ ਪ੍ਰਬੰਧ ਨੂੰ ਮੰਨਣ ਉੱਤੇ ਰਾਜ਼ੀ ਨਾ ਹੋਣ ਦੀ ਗੱਲ ਤੋਂ ਜਾਣੂ ਹੋਣਾ ਪ੍ਰਵਾਣ ਕਰਦਾ ਹੋਇਆ ੧੦ ਦਸੰਬਰ ਨੂੰ ਲਿਖਦਾ ਹੈ, "ਦਰਬਾਰ ਤੇ ਸਰਦਾਰਾਂ ਦੀ ਨਾਂਹ ਬਿਲਕੁਲ ਕੁਦਰਤੀ ਹੈ।" ਇਹ ਗੱਲ ਹੈਨਰੀ ਹਾਰਡਿੰਗ ਵਾਸਤੇ ੧੧ ਮਾਰਚ ੧੮੪੬ ਦੇ ਅਹਿਦਨਾਮੇ ਦੀ ਪਹਿਲੀ ਸ਼ਰਤ ਅਨੁਸਾਰ ਪੰਜਾਬ ਵਿਚੋਂ ਅੰਗ੍ਰੇਜ਼ੀ ਫ਼ੌਜ ਕੱਢ ਲੈਣ ਲਈ ਕਾਫੀ ਹੋਣੀ ਚਾਹੀਦੀ ਸੀ। ਅਹਿਦਨਾਮੇ ਵਿੱਚ ਸਾਫ ਲਿਖਿਆ ਹੋਇਆ ਸੀ ਕਿ ਜੇ ਲਾਹੌਰ ਦਰਬਾਰ ਦੀ ਰਾਏ ਵਿਚ ਫ਼ੌਜ ਰੱਖਣ ਦਾ ਮਤਲਬ ਪੂਰਾ ਹੋ ਗਿਆ ਹੋਇਆ ਤਾਂ ਸਾਲ ਤੋਂ ਪਹਿਲਾਂ ਪਹਿਲਾਂ ਹੀ ਕਿਸੇ ਸੁਖਾਲੇ ਸਮੇਂ ਫ਼ੌਜ ਹਟਾ ਲਈ ਜਾਏਗੀ ਅਤੇ ਇਹ ਫ਼ੌਜ ਮੌਜੂਦਾ ਸਾਲ ਦੇ ਅੰਤ ਤੋਂ ਬਾਅਦ ਲਾਹੌਰ ਵਿੱਚ ਨਹੀਂ ਠਹਿਰਾਈ ਜਾਏਗੀ। ਹੁਣ ਦਰਬਾਰ ਦੀ ਰਾਏ ਅੰਗ੍ਰੇਜ਼ਾਂ ਵਲੋਂ ਸੋਚੇ ਗਏ ਨਵੇਂ ਰਾਜ ਪ੍ਰਬੰਧ ਸੰਬੰਧੀ ਦਿਲੀ ਰਜ਼ਾਮੰਦੀ ਦੇ ਹੱਕ ਵਿੱਚ ਨਹੀਂ ਸੀ ਅਤੇ ੧੮੪੬ ਭੀ ਮੁੱਕਣ ਤੇ ਆ ਰਿਹਾ ਸੀ। ਇਸ ਵੇਲੇ ਸਰਦਾਰਾਂ ਦੀ ਹਮਦਰਦੀ ਹਾਸਲ ਕਰਨ ਦੇ ਯਤਨ ਕਰਨ ਅਤੇ ਉਨ੍ਹਾਂ ਨੂੰ ਪੰਜਾਬ ਦੀ ਆਜ਼ਾਦ ਹਕੂਮਤ ਬਣੌਣ ਦੀ ਸਕੀਮ ਵਿਚ ਇਕ ਮੁੱਠ ਕਰਨਾ ਮਹਾਰਾਨੀ ਦਾ ਹੱਕ ਤੇ ਫਰਜ਼ ਸੀ, ਪਰ ਹੈਨਰੀ ਹਾਰਡਿੰਗ ਪੰਜਾਬ ਤੋਂ ਅੰਗ੍ਰੇਜ਼ੀ ਫ਼ੌਜ ਨਾ ਹਟੌਣ ਦੇ ਹੱਕ ਵਿੱਚ ਹੀ ਨਹੀਂ ਸੀ ਸਗੋਂ ਰਾਜਸੀ ਲੋੜਾਂ ਨੂੰ ਸਾਹਮਣੇ ਰੱਖਕੇ ਪੰਜਾਬ ਉੱਤੇ ਆਪਣਾ ਕਾਬੂ ਹੋਰ ਜ਼ਿਆਦਾ ਪੱਕਾ ਕਰਨਾ ਚਾਹੁੰਦਾ ਸੀ। ਪਰ ਉਹ ਪੰਜਾਬ ਵਿੱਚ ਅੰਗ੍ਰੇਜ਼ੀ ਫੌਜਾਂ ਰੱਖਣ ਅਤੇ ਮੁਲਕ ਉਤੇ ਪੂਰੇ ਪੂਰੇ ਅਖਤਿਆਰ ਹਾਸਲ ਕਰਨ ਲਈ ਸਰਕਾਰ ਅੰਗ੍ਰੇਜ਼ੀ ਵੱਲੋਂ ਲਾਹੌਰ ਦਰਬਾਰ ਪਾਸ ਆਪ ਇਹ ਤਜਵੀਜ਼ ਕਰਕੇ ਇਹ ਕੁਝ ਸਿੱਧੀ ਤਰਾਂ ਨਹੀਂ ਸੀ ਕਰਨਾ ਚਾਹੁੰਦਾ। ਉਹ ਬਾਹਰਲੀ ਦੁਨੀਆਂ ਦੀਆਂ ਅੱਖਾਂ ਦੇ ਸਾਹਮਣੇ ਪੰਜਾਬ ਲਈ ਸੋਚੇ ਗਏ ਅੰਗ੍ਰੇਜ਼ਾਂ ਦੇ ਹੋਰ ਜ਼ਿਆਦਾ ਪਕੇ ਕਾਬੂ ਵਾਲੇ ਨਵੇਂ ਪ੍ਰਬੰਧ ਨੂੰ ਕਿਸੇ ਹੋਰ

ਸ਼ਕਲ ਵਿਚ ਪੇਸ਼ ਕਰਨਾ ਚਾਹੁੰਦਾ ਸੀ। ਉਹ ਜ਼ਾਹਰ ਇਹ ਕਰਨਾ ਚਾਹੁੰਦਾ ਸੀ ਕਿ ਉਹ ਇਸ ਪ੍ਰਬੰਧ ਵਿਚ ਲਾਹੌਰ ਦਰਬਾਰ ਦੀ ਉਚੇਚੀ ਬੇਨਤੀ ਨੂੰ ਪ੍ਰਵਾਨ ਕਰਕੇ ਆਪਣੀ ਰਜ਼ਾਮੰਦੀ ਦੇ ਰਿਹਾ ਹੈ। ਇਸ ਲਈ ਉਸਨੇ ਆਪਣੀ ੧੦ ਦਸੰਬਰ ੧੮੪੬ ਦੀ ਚਿੱਠੀ ਵਿੱਚ ਕਰੀ ਨੂੰ ਲਿਖਿਆ, "ਦਰਬਾਰ ਦੇ ਸਰਦਾਰਾਂ ਦੀ ਨਾਂਹ ਬਿਲਕੁਲ ਕੁਦਰਤੀ ਹੈ। ਪਰ ਇਹ ਬੜਾ ਜ਼ਰੂਰੀ ਹੈ ਕਿ ਇਹ ਤਜਵੀਜ਼ ਪਹਿਲਾਂ ਉਨ੍ਹਾਂ ਵਲੋਂ ਹੋਵੇ, ਅਤੇ ਉਨ੍ਹਾਂ ਵਲੋਂ ਕਿਸੇ ਭੀ ਲਿਖਤ ਵਿਚ ਇਹ ਗੱਲ ਸਾਫ ਸਾਫ ਅੱਖਰਾਂ ਵਿਚ ਲਿਖੀ ਹੋਈ ਔਣੀ ਚਾਹੀਦੀ ਹੈ ਔਰ ਇਸ ਬੜੀ ਭਾਰੀ ਜ਼ਮੇਵਾਰੀ ਨੂੰ ਚੁੱਕਣ ਲਈ ਸਾਡੀ ਵਲੋਂ ਝਿਜਕ ਸਾਫ ਦੱਸੀ ਜਾਣੀ ਚਾਹੀਦੀ ਹੈ। ਕੁਝ ਦਿਨਾਂ ਦੀ ਦੇਰ ਹੋ ਜਾਣੀ ਮਾਮੂਲੀ ਗੱਲ ਹੈ ਕਿਉਂਕਿ ਮੈਂ ਸਰ ਜਾਨ ਹਾਬ ਹਾਊਸ ਦੀ ਚਿੱਠੀ ਦੀ ਪਲ ਪਲ ਉਡੀਕ ਕਰ ਰਿਹਾ ਹਾਂ।"

ਇਹ ਗੱਲ ਵੇਖਕੇ ਕਿ ਉਸਦੀ ਇਛਾ ਅਨੁਸਾਰ ਦਰਬਾਰ ਦੇ ਸਰਦਾਰਾਂ ਵਲੋਂ ਉਪ੍ਰੋਕਤ ਮਤਲਬ ਦੀ ਬੇਨਤੀ ਪ੍ਰਾਪਤ ਕਰਨਾ ਕੋਈ ਸੁਖਾਲੀ ਗੱਲ ਨਹੀਂ ਹੈ, ਗਵਰਨਰ ਜੈਨਰਲ ਨੇ ੧੨ ਦਸੰਬਰ ਦੀ ਫ੍ਰੈਡਰਿੱਕ ਕਰੀ ਦੇ ਨਾਂ ਆਪਣੀ ਪ੍ਰਾਈਵੇਟ ਚਿੱਠੀ ਵਿਚ ਲਿਖਿਆ, "ਸਿੱਖ ਦਰਬਾਰ ਵਲੋਂ ਇਹ ਸ਼ਰਤ ਪੇਸ਼ ਕਰਵੌਣ ਲਈ ਅਰਥਾਤ ਸਾਡੀ ਮਦਦ ਦੇ ਜਾਰੀ ਰਹਿਣ ਦੇ ਮੁੱਲ ਵਜੋਂ ਕਿਸੇ ਭੀ ਸਾਡੀ ਸ਼ਰਤ ਨੂੰ ਪ੍ਰਵਾਨ ਕਰ ਲੈਣ ਲਈ ਰਜ਼ਾਮੰਦੀ ਹਾਸਲ ਕਰਨ ਵਾਸਤੇ ਹਿੰਮਤ ਨਾਲ ਉਨ੍ਹਾਂ ਦੇ ਪਿੱਛੇ ਲੱਗੇ ਰਹੋ। ਵਾਧੂ ਸ਼ਰਤਾਂ ਦੇ ਮੁਖਬੰਦ ਵਿੱਚ ਇਹ ਬੇਨਤੀ ਐਨ ਸਾਫ ਤੌਰ ਤੇ ਉਨ੍ਹਾਂ (ਸਿੱਖਾਂ) ਵਲੋਂ ਹੋਣੀ ਚਾਹੀਦੀ ਹੈ।" ੧

੧ "Persevere in your line of making the Sikh Durbar propose the condition or rather their readiness to assent to any conditions imposed as the price of the continuance of our support. In the preamble of the supplementary Arts, this solicitation must clearly be their act."—Hardinge to Currie, December 12, 1846.

ਗਵਰਨਰ ਜੈਨਰਲ ਅਤੇ ਲਾਹੌਰ ਵਿਚ ਉਸਦੇ ਪੁਲੀਟੀਕਲ ਏਜੰਟ ਦੀਆਂ ਸਕੀਮਾਂ ਦੇ ਰਸਤੇ ਵਿਚ ਰਾਜ-ਮਾਤਾ ਮਹਾਰਾਣੀ ਜਿੰਦ ਕੌਰ ਇਕ ਬੜੀ ਭਾਰੀ ਰੁਕਾਵਟ ਦਿਸ ਰਹੀ ਸੀ। ਇਸ ਗੱਲ ਨੂੰ ਸਾਹਮਣੇ ਰੱਖਕੇ ੭ ਦਸੰਬਰ ਸੰਨ ੧੮੪੬ ਨੂੰ ਗਵਰਨਰ ਜੈਨਰਲ ਨੇ ਬਿਆਸਾ ਦੇ ਪਾਰ ਪੁਲ ਦੇ ਮੁਕਾਮ ਤੋਂ ਕਰੀ ਨੂੰ ਲਿਖਿਆ ਸੀ ਕਿ "ਸਾਡੇ ਲਾਹੌਰ ਵਿੱਚ ਕਬਜ਼ਾ ਜਾਰੀ ਰੱਖਣ ਦੇ ਕਿਸੇ ਭੀ ਅਹਿਦਨਾਮੇ ਵਿਚ ਇਹ ਸ਼ਰਤ ਹੋਣੀ ਅਤਿ ਜ਼ਰੂਰੀ ਹੈ ਕਿ ਮਹਾਰਾਨੀ ਦੇ ਹੱਥ ਵਿਚ ਕੋਈ ਤਾਕਤ ਨਾ ਰਹੇ।" ੧੦ ਤਰੀਕ ਨੂੰ ਉਸ ਨੇ ਇਹ ਸਵਾਲ ਖੜਾ ਕਰ ਦਿੱਤਾ ਕਿ ਮਹਾਰਾਨੀ ਨੂੰ ਕੀ ਹੱਕ ਹੈ ਕਿ ਉਹ ਆਪਣੇ ਪੁਤਰ ਮਹਾਰਾਜਾ ਦਲੀਪ ਸਿੰਘ ਦੀ ਕਾਰ ਮੁਖਤਾਰ ਹੋਵੇ। ਉਸਨੇ ਲਿਖਿਆ, "ਮੈਨੂੰ ਨਹੀਂ ਪਤਾ ਕਿ ਕਿਸ ਬਾਕਾਇਦਾ ਰਸਮ ਅਨੁਸਾਰ ਰਾਣੀ ਕਾਰ ਮੁਖਤਾਰ ਬਣੀ ਹੈ। ਮੇਰਾ ਅਨੁਭਵ ਇਹ ਹੈ ਕਿ ਉਹ ਮਹਾਰਾਜੇ ਦੀ ਮਾਤਾ ਅਤੇ ਗਾਰਡੀਅਨ ਹੋਣ ਦੀ ਕੁਦਰਤੀ ਤੇ ਅਣ-ਪੁੱਛੀ ਹੈਸੀਅਤ ਵਿਚ ਕਾਰਮੁਖਤਾਰ ਬਣੀ ਹੋਈ ਹੈ।" ਉਸਨੇ ਅੱਗੇ ਚੱਲ ਕੇ ਇਹ ਤਜਵੀਜ਼ ਕੀਤੀ ਕਿ "ਜੇ ਸਰਦਾਰ ਅਤੇ ਰਸੂਖ ਵਾਲੇ ਹਾਕਮ, ਖ਼ਾਸ ਤੌਰ ਤੇ ਅਟਾਰੀ ਵਾਲੇ ਸਰਦਾਰ, ਮਹਾਰਾਜੇ ਦੀ ਛੋਟੀ ਉਮਰ ਦੇ ਦਿਨਾਂ ਵਿੱਚ ਸਰਕਾਰ ਅੰਗਰੇਜ਼ੀ ਨੂੰ ਉਸਦੇ ਗਾਰਡੀਅਨ ਬਨਣ ਲਈ ਪ੍ਰੇਰਨਾ ਭਰੀ ਬੇਨਤੀ ਕਰਨ, ਤਾਂ ਚੁੱਪ ਚਪੀਤੇ ਹੀ ਰਾਣੀ ਦੀ ਤਾਕਤ ਖ਼ਤਮ ਹੋ ਜਾਇਗੀ ਕਿਉਂਕਿ ਇਹ ਗੱਲ ਸਾਫ ਤੌਰ ਤੇ ਲਿਖਤ ਵਿੱਚ ਲਿਆਂਦੀ ਜਾਇਗੀ ਕਿ ਨੌਜਵਾਨ ਮਹਾਰਾਜੇ ਦੇ ਗਾਰਡੀਅਨ ਦੀ ਹੈਸੀਅਤ ਵਿੱਚ ਅਤੇ ਰਾਜ ਦੇ ਪ੍ਰਬੰਧ ਕਰਨ ਲਈ ਮਹਾਰਾਜੇ ਦੀ ਤਰਫੋਂ ਕਾਰ ਮੁਖਤਾਰੀ ਦੇ ਸਾਰੇ ਅਖ਼ਤਿਆਰ ਅਤੇ ਕੰਮ ਸਰਕਾਰ ਅੰਗਰੇਜ਼ੀ ਦੇ ਹੱਥਾਂ ਵਿਚ ਹੋਣੇ ਹਨ।"

ਪੰਜਾਬ ਸਰਕਾਰ ਉੱਤੇ ਲਾਈਆਂ ਜਾਣ ਵਾਲੀਆਂ ਤਜਵੀਜ਼

ਹੋਈਆਂ ਸ਼ਰਤਾਂ ਦੀ ਪ੍ਰਵਾਨਗੀ ਸਰਦਾਰਾਂ ਪਾਸੋਂ ਲੈਣ ਲਈ ਸਰ ਹੈਨਰੀ ਲਾਰੈਂਸ ਨੇ ਉਨ੍ਹਾਂ ਦੀਆਂ ਜਾਗੀਰਾਂ ਬਰਕਰਾਰ ਰੱਖਣ ਦਾ ਭਰੋਸਾ ਦਵਾਇਆ। ਅਤੇ ਭਰੋਵਾਲ ਦੇ ਮੁਕਾਮ ਤੋਂ ੧੪ ਦਸੰਬਰ ਨੂੰ ਕਰੀ ਨੂੰ ਲਿਖਿਆ, "ਅੰਗਰੇਜ਼ੀ ਕਬਜ਼ੇ ਵੇਲੇ ਸਰਦਾਰਾਂ ਦੀਆਂ ਜਾਗੀਰਾਂ ਦੇ ਕਾਇਮ ਰਹਿਣ ਦਾ ਦਵਾਇਆ ਹੋਇਆ ਭਰੋਸਾ ਉਨ੍ਹਾਂ ਦੇ ਸ਼ਰਤਾਂ ਦੀ ਪ੍ਰਵਾਨਗੀ ਦੇਣ ਲਈ ਬੜਾ ਜ਼ੋਰਦਾਰ ਉਤਸ਼ਾਹ ਹੋਵੇਗਾ।"

ਮਾਲੂਮ ਹੁੰਦਾ ਹੈ ਸਰਕਾਰ ਅੰਗਰੇਜ਼ੀ ਦੀਆਂ ਤਜਵੀਜ਼ਾਂ ਦੀ ਵਿਰੋਧਤਾ ਦੇ ਕਾਰਨ ਇੱਕ ਹਫਤਾ ਪਹਿਲਾਂ ਰਾਜਾ ਲਾਲ ਸਿੰਘ ਨੂੰ ਹੋਈ ਜਲਾਵਤਨੀ ਦੀ ਸਜ਼ਾ ਦੇ ਡਰ ਦੇ ਨਾਲੋ ਨਾਲ ਇਸ ਗੱਲ ਨੇ ਭੀ ਕੁਝ ਕੁ ਸਰਦਾਰਾਂ ਤੇ ਲੋੜੀਂਦਾ ਅਸਰ ਕੀਤਾ।

ਲਾਹੌਰ ਦਰਬਾਰ ਉਤੇ ਉਪਰੋਂ ਉੱਪਰ ਇਹ ਜ਼ਾਹਰ ਕਰਨ ਲਈ ਕਿ ਲਾਹੌਰ ਵਿਚ ਬਠਾਈ ਗਈ ਅੰਗਰੇਜ਼ੀ ਫ਼ੌਜ ਤੁਰ ਜਾਣ ਵਾਲੀ ਹੈ, ਸਰ ਹੈਨਰੀ ਹਾਰਡਿੰਗ ਨੇ ਫੌਜੀ ਆਵਾ ਜਾਈ ਲਈ ਕੁੱਝ ਹੁਕਮ ਜਾਰੀ ਕੀਤੇ। ਭਰੋਵਾਲ ਦੇ ਮੁਕਾਮ ਤੋਂ ੧੨ ਦਸੰਬਰ ੧੮੪੬ ਨੂੰ ਉਸਨੇ ਆਪਣੀ ਪ੍ਰਾਈਵੇਟ ਚਿੱਠੀ ਵਿਚ ਕਰੀ ਨੂੰ ਲਿਖਿਆ।

"ਮੈਂ ਇਹ ਤੇਜ਼ ਡਾਕ ਰਾਹੀਂ ਭੇਜ ਰਿਹਾ ਹਾਂ ਤਾਕਿ ਦੇਸੀ ਪਿਆਦਾ ਪਲਟਨ, ਦੋ ਤੋਪਾਂ ਅਤੇ ਖੁਲ੍ਹੇ ਘੋੜ ਚੜ੍ਹਿਆਂ ਦਾ ਰਸਾਲਾ ਜੋ ਲਾਲ ਸਿੰਘ ਨੂੰ ਲਿਜਾ ਰਿਹਾ ਹੈ ਲਾਹੌਰ ਨੂੰ ਨਾ ਮੁੜੇ।

"ਇਹ ਫੌਜੀ ਨਵੇਂ ਹੁਕਮ ਪੁੱਜਣ ਤੱਕ ਸਤਲਜੋਂ ਪਾਰ ਹੋਕੇ ਫ਼ੀਰੋਜ਼ਪੁਰ ਡੇਰੇ ਲਾਈ ਰੱਖਣਗੇ ਅਤੇ ਫੀਰੋਜ਼ਪੁਰੋਂ ਕਸੂਰ ਨੂੰ ਜਾਣ ਲਈ ਦਿੱਤਾ ਹੋਇਆ ਫੌਜ ਨੂੰ ਹੁਕਮ ਬੰਦ ਕਰ ਦਿੱਤਾ ਜਾਏ।

"ਮੇਰਾ ਮਤਲਬ ਲਾਹੌਰ ਦਰਬਾਰ ਵੱਲ ਇਹ ਇਸ਼ਾਰਾ ਸੁੱਟਣ ਦਾ ਹੈ ਕਿ ਲਾਹੌਰ ਵਿਚ ਟਿੱਕੀ ਹੋਈ ਫੌਜ ਤੁਰਦੀ ਜਾ ਰਹੀ ਹੈ।

"ਮੈਂ ਤੁਹਾਨੂੰ ਲਾਹੌਰੋਂ ਇੱਕ ਹੋਰ ਦੇਸੀ ਪਿਆਦਾ ਪਲਟਨ ਨੂੰ ਫੀਰੋਜ਼ਪੁਰ ਤੋਰ ਦੇਣ ਦਾ ਅਖਤਿਆਰ ਦਿੰਦਾ ਹਾਂ। ਉਹ ਫੀਰੋਜ਼ਪੁਰ ਉਤਨੀ ਦੇਰ ਤੱਕ ਡੇਰਾ ਲਾਈ ਰੱਖਣ ਜਦ ਤੱਕ ਕਿ ਕੋਈ ਨਵਾਂ ਹੁਕਮ ਨਾ ਦੇ ਦਿੱਤਾ ਜਾਏ। ਅਤੇ ਫੀਰੋਜ਼ਪੁਰੋਂ ਕੋਈ ਪਲਟਨ ਉਨ੍ਹਾਂ ਦੀ ਬਦਲੀ ਲਈ ਨਾ ਭੇਜੀ ਜਾਏ।

"੮੦ ਨੰਬਰ ਪਲਟਨ ਨੂੰ ਮੇਰਠ ਲਈ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ ਜਾਏ। ੧੦ ਨੰਬਰ ਪਲਟਨ ਫੀਰੋਜ਼ਪੁਰੋਂ ਉਸਦੀ ਬਦਲੀ ਕਰਨ ਲਈ ਤਿਆਰ ਬੈਠੀ ਹੈ, ਪਰ ਉੱਤਨੀ ਦੇਰ ਤੱਕ ਉਥੋਂ ਨਾ ਤੁਰੇ ਜਿਤਨੀ ਦੇਰ ਤੱਕ ਕਿ ਉਸਨੂੰ ਨਵਾਂ ਹੁਕਮ ਨਾ ਮਿਲੇ ਅਤੇ ਨਾ ਹੀ ਬਾਹਰ ਕਿਸੇ ਨੂੰ ਇਹ ਪਤਾ ਲੱਗੇ ਕਿ ਉਨ੍ਹਾਂ ਨੇ ੮੦ ਨੰਬਰ ਪਲਟਨ ਦੀ ਬਦਲੀ ਕਰਨੀ ਹੈ।

"ਇਹ ਐਲਾਨ ਇਸ ਲਈ ਕਰਨੇ ਹਨ ਤਾਕਿ ਲਾਹੌਰ ਦਰਬਾਰ ਛੇਤੀ ਤੋਂ ਛੇਤੀ ਆਪਣਾ ਫੈਸਲਾ ਦੇ ਸਕੇ।

"ਫੀਰੋਜ਼ਪੁਰੋਂ ਕੂਚ ਕਰਨ ਲਈ ਦੂਸਰੀ ਦੇਸੀ ਪਲਟਨ ਚੁਣਨ ਵੇਲੇ ਕੂਚ ਦਾ ਹੁਕਮ ਉਸ ਪਲਟਨ ਨੂੰ ਦਿੱਤਾ ਜਾਏ ਜਿਸਨੇ ਕਿ ਹਿੰਦੁਸਤਾਨ ਵਿੱਚ ਸਭ ਤੋਂ ਦੂਰ ਥਾਂ ਜਾਣਾ ਹੋਵੇ।"

"ਇਸ ਚਿੱਠੀ ਦੇ ਨਾਲ ਲਾਰਡ ਗਾਫ ਦਾ ਇੱਕ ਨੋਟ ਭੇਜਦਾ ਹਾਂ ਜੋ ਤੂੰ ਉਸ ਵੇਲੇ ਆਪਣੀ ਇੱਕ ਚਿੱਠੀ ਨਾਲ ਭੇਜ ਦੇਵੀਂ ਜੇ ਤੈਨੂੰ ਇਕ ਹੋਰ ਪਲਟਨ ਭੇਜ ਦੇਣ ਦੀ ਲੋੜ ਭਾਸੇ, ਪਰ ਇਹ ਗੱਲ ਨਾ ਭੁੱਲ ਜਾਏ ਕਿ ਦੋਨੋ ਲਾਹੌਰੋਂ ਭੇਜੀਆਂ ਜਾਣ ਵਾਲੀਆਂ ਪਲਟਨਾਂ, ਰਸਾਲੇ ਤੇ ਤੋਪਖਾਨੇ ਦੀ ਥਾਂ ਫੀਰੋਜ਼ਪੁਰੋਂ ਕੋਈ ਬਦਲੀ ਨਹੀਂ ਕੀਤੀ ਜਾਏਗੀ।"

੧੪ ਦਸੰਬਰ ਸੰਨ ੧੮੪੬ ਨੂੰ ਗਵਰਨਰ ਜੈਨਰਲ ਸਰ ਹੈਨਰੀ ਹਾਰਡਿੰਗ ਨੇ ਆਪਣੀ ਇੱਕ ਪ੍ਰਾਈਵੇਟ ਚਿੱਠੀ ਵਿਚ ਫ੍ਰੈਡਰਿੱਕ ਕਰੀ ਨੂੰ ਲਿਖਿਆ :—

"ਮੈਂ ਤੁਹਾਨੂੰ ਅਖਤਿਆਰ ਦਿੰਦਾ ਹਾਂ ਕਿ ਹਫਤੇ ਦੇ ਆਖ਼ੀਰ ਵਿੱਚ ਜਿਸ ਦਿਨ ਤੁਸੀਂ ਮੁਨਾਸਬ ਸਮਝੋ ਸਰ ਜਾਨ ਲਿਟਲਰ ਨੂੰ ਕਹਿ ਦਿਉ ਕਿ ੮੦ ਨੰਬਰ ਤੋਂ ਸਿਵਾ ਸਾਰੀਆਂ ਪਲਟਨਾਂ ਨੂੰ ਲਾਹੌਰੋਂ ਬਾਹਰ ਕੱਢ ਲਵੇ ਅਤੇ ਕਿਲੇ ਦੇ ਲਾਗੇ ਹੀ ਕਿਤੇ ਸੌਖੀ ਜਗ੍ਹਾ ਤੇ ਡੇਰਾ ਲਾ ਦੇਵੇ।

"ਜੇ ਸਰਦਾਰਾਂ ਦੇ ਸਾਡੀਆਂ ਗੱਲਾਂ ਮੰਨ ਜਾਣ ਦੇ ਰਵੱਯੇ ਤੋਂ ਇਹ ਇਸ਼ਾਰਾ ਸੁੱਟਣ ਦੀ ਲੋੜ ਨਾ ਭਾਸੇ ਤਾਂ ਇਹ ਗੱਲ ਨਾ ਕੀਤੀ ਜਾਵੇ।

ਇਸ ਵੇਲੇ ਤੱਕ ਸਰ ਹੈਨਰੀ ਲਾਰੰਸ ਤੇ ਫ੍ਰੈਡਰਿੱਕ ਕਰੀ ਦੇ ਅਸਰ ਨਾਲ ਕੁਝ ਕੁ ਸਰਦਾਰ ਸ਼ਰਤਾਂ ਮੰਨਣ ਨੂੰ ਤਿਆਰ ਹੋ ਗਏ ਸਨ। ਸਰਦਾਰ ਸ਼ੇਰ ਸਿੰਘ ਅਟਾਰੀ ਵਾਲੇ ਨੂੰ ਲਾਹੌਰ ਕਿਲੇ ਵਿਚ ਸ਼ਾਹੀ ਮਹਿਲ ਦਾ ਇਨਚਾਰਜ ਬਣਾ ਦਿੱਤਾ ਗਿਆ ਸੀ ਅਤੇ ਅੰਗਰੇਜ਼ਾਂ ਵੱਲੋਂ ਖਤਾਬ ਦੇਕੇ ਬਣਾਇਆ ਗਿਆ 'ਰਾਜਾ' ਤੇਜ ਸਿੰਘ ਤਾਂ ਉਨ੍ਹਾਂ ਦਾ ਆਪਣਾ ਹੀ ਬੰਦਾ ਸੀ। ਉਹ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸਨ ਕਿ ਮਹਾਰਾਣੀ ਨੂੰ ਰਾਜ ਦੀ ਮੋਹਰੀ ਬਣਾ ਦਿੱਤਾ ਜਾਏ। ਦੂਸਰੇ ਪਾਸੇ ਦੀਵਾਨ ਦੀਨਾ ਨਾਥ ਵਫ਼ਾਦਾਰ ਪਾਰਟੀ ਵਿੱਚ ਸੀ ਅਤੇ ਅੰਗਰੇਜ਼ਾਂ ਦੇ ਦਖਲ ਨੂੰ ਘਟੌਣ ਦੇ ਹੱਕ ਵਿਚ ਸੀ। ਦੋਨਾਂ ਦੇ ਵਿਚਕਾਰ ਬੜਾ ਡੂੰਘਾ ਮਤਭੇਦ ਸੀ। ਮਾਲੂਮ ਹੁੰਦਾ ਹੈ ਕਿ ਸਮਝੌਤੇ ਦੇ ਤੌਰ ਤੇ ਇਹ ਫੈਸਲਾ ਹੋਇਆ ਕਿ ਗਵਰਨਰ ਜੈਨਰਲ ਨੂੰ ਇਹ ਆਖਿਆ ਜਾਏ ਕਿ ਉਹ ਦੋ ਪਲਟਨਾ ਅਤੇ ਏਜੰਟ ਨੂੰ 'ਕੁਝ ਮਹੀਨਿਆਂ ਲਈ' ਲਾਹੌਰ ਰਹਿਣ ਦੇਵੇ। ਅਤੇ ਮਹਾਰਾਜਾ ਦਲੀਪ ਸਿੰਘ ਵੱਲੋਂ ਗਵਰਨਰ ਜੈਨਰਲ ਦੀ ੯ ਦਸੰਬਰ ਦੀ ਚਿੱਠੀ ਦੇ ਉੱਤ੍ਰ ਵਿੱਚ ਸਰਕਾਰ ਹਿੰਦ ਦੇ ਸਕੱਤ੍ਰ ਫ੍ਰੈਡਰਿਕ ਕਰੀ ਦੇ ਨਾਮ ਲਾਹੌਰ ਦੇ ਮੁਕਾਮ ਤੇ ਲਿਖੀ ਗਈ ੩੦ ਮੱਘਰ ਸੰਮਤ ੧੯੦੩ ਬਿਕ੍ਰਮੀ, ਮੁਤਾਬਕ ੧੪ ਦਸੰਬਰ ੧੮੪੬, ਦੀ ਚਿੱਠੀ ਦਾ ਆਖਰੀ ਪੈਰਾ ਇਸ ਤਰ੍ਹਾਂ ਸੀ :–

"ਚੂੰਕਿ ਗਵਰਨਰ ਜੈਨਰਲ ਇਸ ਰਾਜ ਨੂੰ ਕਾਇਮ ਰੱਖਣ ਦਾ
ਚਾਹਵਾਨ ਹੈ ਇਸ ਲਈ ਇਹ ਗੱਲ ਚੰਗੀ ਨਹੀਂ ਕਿ ਏਥੇ ਠਹਿਰੀ
ਹੋਈ ਸਾਰੀ ਦੀ ਸਾਰੀ ਫੌਜ ਨੂੰ ਹੋਰ ਜ਼ਿਆਦਾ ਖੇਚਲ ਦਿੱਤੀ ਜਾਏ,
ਪਰ ਮੁਲਕ ਦੇ ਪ੍ਰਬੰਧ ਦੀ ਜ਼ਰੂਰਤ ਦਾ ਖਿਆਲ ਕਰਕੇ ਅਤੇ
ਇਹ ਦੇਖਕੇ ਕਿ ਫੌਜ ਹਟਾ ਲੈਣ ਦਾ ਵੇਲਾ ਨੇੜੇ ਆ ਗਿਆ ਹੈ
ਇਹ ਆਸ ਕੀਤੀ ਜਾਂਦੀ ਹੈ ਕਿ ਏਜੰਟ ਅਤੇ ਦੋ ਪਲਟਨਾਂ, ਇੱਕ
ਰਸਾਲਾ ਤੇ ਇੱਕ ਬਾਟ੍ਰੀ ਕੁਝ ਮਹੀਨਿਆਂ ਲਈ ਏਥੇ ਠਹਿਰੇ ਰਹਿਣ
ਦਿੱਤੇ ਜਾਣ, ਜਿਸ ਸਮੇਂ ਵਿੱਚ ਕਿ ਬਾਕੀ ਰਹਿੰਦੇ ਰਾਜ ਪ੍ਰਬੰਧ ਨੂੰ
ਲੋੜੀਂਦੀ ਹੱਦ ਤੱਕ ਮੁਕੰਮਲ ਕਰ ਲਿਆ ਜਾਏਗਾ, ਅਤੇ ਇਸ
ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਪਹਿਲੇ ਅਹਿਦਨਾਮੇ ਅਨੁਸਾਰ
ਹੈਨਰੀ ਲਾਰੰਸ ਰਾਜ ਪ੍ਰਬੰਧ ਕਾਇਮ ਕਰਨ ਲਈ ਹਰ ਪ੍ਰਕਾਰ ਦੀ
ਸਹੈਤਾ ਕਰਦਾ ਰਹੇਗਾ।"

ਫ੍ਰੈਡਰਿਕ ਕਰੀ ਕੋਲੋਂ ਇਹ ਗੱਲ ਸੁਣਕੇ ਸਰ ਹੈਨਰੀ ਹਾਰਡਿੰਗ
ਬਹੁਤ ਘਬਰਾਇਆ। ਅੰਗ੍ਰੇਜ਼ਾਂ ਦੇ ਦਖ਼ਲ ਤੋਂ ਬਿਨਾਂ ਰਾਜ ਪ੍ਰਬੰਧ ਚਲਾ
ਸਕਣ ਲਈ ਕੁਝ ਹੋਰ ਮਹੀਨੇ ਸਿੱਖ ਦਰਬਾਰ ਨੂੰ ਪ੍ਰਬੰਧ ਵਿੱਚ ਸਹਾਇਤਾ
ਦੇਣਾ ਉਸਦੇ ਮਨਸ਼ਾ ਦੇ ਵਿਰੁਧ ਸੀ। ਇਸ ਲਈ ਉਸੇ ਸ਼ਾਮ ਨੂੰ ਪੰਜ ਬਜੇ
ਮੋੜਵੀਂ ਡਾਕੇ ਹਾਰਡਿੰਗ ਨੇ ਕਰੀ ਨੂੰ ਲਿਖਿਆ:

"ਪੰਜਾਬ ਵਿੱਚ ਐਸੇ ਦੇਸੀ ਪ੍ਰਬੰਧ ਚਲੌਣ ਲਈ, ਜਿਸ ਦੇ ਕਿ
ਨਕਾਰਾ, ਬੇਇਨਸਾਫ ਤੇ ਸਾਜ਼ਸ਼ਾਂ ਭਰੇ ਹੋਣ ਦੇ ਸਾਨੂੰ ਤਾਜ਼ਾ ਤਜਰਬੇ
ਹੋ ਚੁੱਕੇ ਹਨ, ਅੰਗ੍ਰੇਜ਼ੀ ਫ਼ੌਜ ਨਾਲ ਸਹਾਇਤਾ ਨਾ ਕਰਨ ਲਈ
ਮੈਂ ਪੱਕਾ ਇਰਾਦਾ ਕੀਤਾ ਹੋਇਆ ਹੈ। ਇਸ ਲਈ ਮੈਂ ਐਸੇ
ਪ੍ਰਬੰਧ ਦੀ ਸਹਾਇਤਾ ਲਈ ਅੰਗ੍ਰੇਜ਼ੀ ਫੌਜ ਦੇਣ ਲਈ ਰਜ਼ਾਮੰਦੀ
ਨਹੀਂ ਦਿਆਂਗਾ ਜਿਸ ਤੇ ਕਿ ਕੋਈ ਭਰੋਸਾ ਨਾ ਕੀਤਾ ਜਾ ਸਕੇ।

"ਦੋ ਪਿਆਦਾ ਪਲਟਨਾਂ, ਇੱਕ ਰਸਾਲਾ ਤੇ ਇੱਕ ਤੋਪਖਾਨਾ
ਬਾਟ੍ਰੀ ਦੀ ਤਜਵੀਜ਼ ਇਤਨੀ ਫ਼ਜ਼ੂਲ ਹੈ ਕਿ ਮੈਂ ਇਸ ਨੂੰ ਇਸ ਗੱਲ

ਦੇ ਤੁੱਲ ਸਮਝਦਾ ਹਾਂ ਕਿ ਉਹ ਸਾਡੇ ਦਖਲ ਦੇ ਬਗ਼ੈਰ ਆਪਣਾ ਰਾਜ ਪ੍ਰਬੰਧ ਆਪ ਕਰਨ ਦੀ ਇੱਛਾ ਰਖਦੇ ਹਨ।

"ਸਰਦਾਰ ਇਸ ਗੱਲ ਵਿੱਚ ਪੂਰੇ ਖੁਦਮੁਖ਼ਤਾਰ ਹਨ। ਅਹਿਦ-ਨਾਮੇ ਦੀਆਂ ਸ਼ਰਤਾਂ ਅਨੁਸਾਰ ਮੈਂ ਸਾਰੇ ਆਦਮੀ ਵਾਪਸ ਕਰ ਲੈਣ ਨੂੰ ਤਿਆਰ ਹਾਂ ਅਤੇ ਭਾਵੇਂ ਮੈਂ ਇਹ ਗੱਲ ਨਹੀਂ ਆਖਦਾ ਕਿ ਕਿਸੇ ਤਬਦੀਲੀ ਦੇ ਹੱਕ ਵਿੱਚ ਸਰਦਾਰਾਂ ਵੱਲੋਂ ਪੇਸ਼ ਕੀਤੀਆਂ ਗਈਆਂ ਸਾਰੀਆਂ ਦਲੀਲਾਂ ਪੂਰੀ ਤੇ ਚੰਗੀ ਤਰ੍ਹਾਂ ਸੁਣਕੇ ਆਪ ਦੀਆਂ ਹਦਾਇਤਾਂ ਵਿੱਚ ਮੈਂ ਕੋਈ ਅਦਲਾ ਬਦਲੀ ਨਹੀਂ ਕਰਾਂਗਾ, ਪਰ ਤਾਂ ਭੀ ੯ ਪਿਆਦਾ ਪਲਟਨਾਂ ਤੇ ਰਸਾਲੇ ਤੇ ਤੋਪਖਾਨੇ ਦੀ ਮੌਜੂਦਾ ਨਫ਼ਰੀ ਤੋਂ ਘੱਟ ਫੌਜ ਲਾਹੌਰ ਵਿੱਚ ਰੱਖਣ ਲਈ ਮੈਂ ਰਜ਼ਾਮੰਦ ਨਹੀਂ ਹੋਵਾਂਗਾ।

"ਮੈਂ ਹੀ ਸਭ ਤੋਂ ਚੰਗੀ ਤਰ੍ਹਾਂ ਇਹ ਫੈਸਲਾ ਦੇ ਸਕਦਾ ਹਾਂ ਕਿ ਲਾਹੌਰ ਵਿੱਚ ਕਿਤਨੀ ਫੌਜ ਰੱਖਣੀ ਯੋਗ ਹੈ। ਅਤੇ ਅੰਗ੍ਰੇਜ਼ੀ ਕਬਜ਼ੇ ਲਈ ਲੋੜੀਂਦੀ ਫੌਜ ਦੀ ਗਿਣਤੀ ਦੀ ਮੁੱਢਲੀ ਸ਼ਰਤ ਉਤੇ ਹੀ ਤੁਸੀਂ ਉਨ੍ਹਾਂ ਦੇ ਇਨਕਾਰਾਂ ਨੂੰ ਟਿਕਾ ਸਕਦੇ ਹੋ।

"ਇਨ੍ਹਾਂ ਨੌ ਪਲਟਨਾਂ ਤੇ ਦੂਸਰੇ ਪਿਆਦਾ ਦਸਤਿਆਂ ਦੀ ਗਿਣਤੀ ੮੦੦ ਫੀ ਪਲਟਨ ਤੱਕ ਘਟਾਈ ਜਾ ਸਕਦੀ ਹੈ। ਪਰ ਇਹ ਵੇਰਵੇ ਉਨ੍ਹਾਂ ਦੀ ਰਜ਼ਾਮੰਦੀ ਪਰ ਨਿਰਭਰ ਨਹੀਂ ਹਨ। ਉਨ੍ਹਾਂ ਵਲੋਂ ਦਿਤੀ ਜਾਣ ਵਾਲੀ ਰਕਮ ਫ਼ੌਜ ਦੇ ਆਦਮੀਆਂ ਦੀ ਗਿਣਤੀ ਤੋਂ ਬਿਲਕੁਲ ਆਜ਼ਾਦ ਹੋਵੇਗੀ। ਫ਼ੌਜ ਦੀ ਗਿਣਤੀ ਦਸ ਹਜ਼ਾਰ ਜਾਂ ਇਸਤੋਂ ਘੱਟ ਰੱਖੀ ਜਾਵੇਗੀ? ਇਸਦਾ ਫੈਸਲਾ ਵੇਲੇ ਵੇਲੇ ਸਿਰ ਅੰਗ੍ਰੇਜ਼ੀ ਸਰਕਾਰ ਕਰੇਗੀ।

"ਹੋਰ ਮਾਮਲਿਆਂ ਵਿਚ ਪੈਣ ਤੋਂ ਪਹਿਲਾਂ ਫੌਜ ਦੀ ਗਿਣਤੀ ਅਤੇ ਉਸਦੇ ਖਰਚ ਲਈ ਲਾਹੌਰ ਦਰਬਾਰ ਵਲੋਂ ਦਿਤੀ ਜਾਣ ਵਾਲੀ ਰਕਮ ਤੇ ਅੜ ਜਾਣ ਲਈ ਮੈਂ ਤੁਹਾਨੂੰ ਆਖਦਾ ਹਾਂ। ਮੈਂ ਬਿਨਾ

ਕਿਸੇ ਝਿਜਕ ਦੇ ਤੁਹਾਨੂੰ ਲਿਖ ਦਿਤਾ ਹੈ ਕਿ ਤੁਸਾਂ ਕੀ ਕਰਨਾ ਹੈ। ਅਤੇ ਮੈਂ ਤੁਹਾਨੂੰ ਇਹ ਅਖਤਿਆਰ ਦਿੰਦਾ ਹਾਂ ਕਿ ਜੇ ਇਨ੍ਹਾਂ ਦੋ ਨੁਕਤਿਆਂ ਤੇ ਤੁਹਾਨੂੰ ਤਸੱਲੀ ਬਖਸ਼ ਜਵਾਬ ਨਾ ਮਿਲਣ ਤਾਂ ਤੁਸੀਂ ਲਾਹੌਰ ਛੱਡ ਆਉ।"

ਉਸੇ ਦਿਨ ਹੀ ੧੪ ਦਸੰਬਰ ੧੮੪੬ ਨੂੰ ਮਹਾਰਾਜੇ ਦੀ ਚਿੱਠੀ ਦੇ ਉੱਪਰ ਦਿੱਤੇ ਪਹਿਲੇ ਪੈਰੇ ਨੂੰ "ਮਹਾਰਾਜੇ ਦੀ ਬੇਨਤੀ" ਦਸਦੇ ਹੋਏ ਇਕ ਬੜੇ ਰਾਜਸੀ ਚਾਤੁਰਤਾ ਭਰੇ ਤਰੀਕੇ ਨਾਲ ਉੱਤਰ ਦੇ ਦਿੱਤਾ ਸੀ। ਉਸ ਵਿਚ ਲਿਖਿਆ ਸੀ :–

"ਤੁਹਾਡੀ ਇਹ ਬੇਨਤੀ ਕਿ ਲਾਹੌਰ ਵਿਚ ਇਸ ਵੇਲੇ ਮੌਜੂਦ ਅੰਗ੍ਰੇਜ਼ੀ ਫੌਜ ਦਾ ਕੁਝ ਹਿੱਸਾ ਅਤੇ ਗਵਰਨਰ ਜੈਨਰਲ ਦਾ ਏਜੰਟ ਮੁਕੱਰਰ ਕੀਤੇ ਹੋਏ ਸਮੇਂ ਦੇ ਮੁੱਕਣ ਤੋਂ ਬਾਅਦ ਕੁਝ ਹੋਰ ਠਹਿਰੇ ਅਤੇ ਜਿਸਦਾ ਠਹਿਰਨਾ ਕਿ ਮੁਲਕ ਦੇ ਰਾਜ ਪ੍ਰਬੰਧ ਕਰਨ ਲਈ ਤੁਸੀਂ ਬੜਾ ਜ਼ਰੂਰੀ ਸਮਝਦੇ ਹੋ ਪਿਛਲੀ ੧੧ ਮਾਰਚ ਦੇ ਅਹਿਦਨਾਮੇ ਦੀਆਂ ਸ਼ਰਤਾਂ ਦੇ ਵਿਰੁੱਧ ਜਾਂਦਾ ਹੈ, ਅਤੇ ਬੜਾ ਜ਼ਰੂਰੀ ਮਾਮਲਾ ਹੈ।

"ਮੈਨੂੰ ਇਹ ਜ਼ਰੂਰੀ ਮਲੂਮ ਹੁੰਦਾ ਹੈ ਕਿ ਲਾਹੌਰ ਦਰਬਾਰ ਦੇ ਦਰਬਾਰੀ ਅਤੇ ਲਾਹੌਰ ਰਾਜ ਦੇ ਸ਼ੁਭ ਚਿੰਤਕ ਹੋਰ ਸਰਦਾਰ ਕੱਲ੍ਹ ਮੇਰੇ ਦਰਬਾਰ ਦੇ ਤੰਬੂ ਵਿੱਚ ਇਕੱਠੇ ਹੋਣ ਜਦ ਕਿ ਮੈਂ ਉਨ੍ਹਾਂ ਦੇ ਸਾਹਮਣੇ ਉਹ ਸ਼ਰਤਾਂ ਰੱਖ ਦਿਆਂਗਾ ਕਿ ਕੇਵਲ ਜਿਨ੍ਹਾਂ ਉੱਤੇ ਗਵਰਨਰ ਜੈਨਰਲ ਉਪ੍ਰੋਕਤ ਅਹਿਦਨਾਮੇ ਵਿੱਚ ਕੋਈ ਅਦਲਾ ਬਦਲੀ ਕਰਨ ਨੂੰ ਤਿਆਰ ਹੋ ਸਕਦਾ ਹੈ, ਅਤੇ ਇਹ ਗੱਲ ਚੰਗੀ ਹੋਵੇਗੀ ਕਿ ਇਹ ਦਰਬਾਰੀ ਉਨ੍ਹਾਂ ਸ਼ਰਤਾਂ ਨੂੰ ਮੰਨਣ ਯਾ ਨਾ ਮੰਨਣ ਸੰਬੰਧੀ ਆਖਰੀ ਫੈਸਲਾ ਦੇ ਸਕਣ ਲਈ ਤਿਆਰ ਹੋ ਕੇ ਔਣ, ਤਾਕਿ ਇਹ ਮਾਮਲਾ ਨਜਿੱਠਿਆ ਜਾ ਸਕੇ ਅਤੇ ਅੰਗ੍ਰੇਜ਼ੀ ਫ਼ੌਜ ਦੇ ਚਾਲੇ ਪੌਣ ਸੰਬੰਧੀ ਜ਼ਰੂਰੀ ਹੁਕਮ ਦਿੱਤੇ ਜਾ ਸਕਣ।"

ਗਵਰਨਰ ਜੈਨਰਲ ਦੇ ਖ਼ਿਆਲ ਤੇ ਪੱਕੇ ਇਰਾਦਿਆਂ ਨੂੰ ਜੋ ਉਸਨੇ ਆਪਣੀਆਂ ਪ੍ਰਾਈਵੇਟ ਚਿੱਠੀਆਂ ਵਿਚ ਜ਼ਾਹਿਰ ਕੀਤੇ ਸਨ, ਆਪਣੀ ਢਾਲ ਬਣਾ ਕੇ ਫ੍ਰੈਡਰਿੱਕ ਕਰੀ ਨੇ ੧੫ ਦਸੰਬਰ ੧੮੪੬ ਦੀ ਸਵੇਰੇ ਲਾਹੌਰ ਦਰਬਾਰ ਦੇ ਦਰਬਾਰੀਆਂ ਅਤੇ ਹੋਰ ਸਰਦਾਰਾਂ ਦਾ ਇਕ ਦਰਬਾਰ ਕੀਤਾ ਜਿਥੇ ਕਿ ਉਸ ਨੇ ਇਕ ਕਾਗਜ਼ ਪੜ੍ਹਕੇ ਸੁਣਾਇਆ ਜਿਸ ਵਿਚ ਕਿ ਮਹਾਰਾਜੇ ਦੀ 'ਬੇਨਤੀ' ਦੇ ਉੱਤ੍ਰ ਵਿੱਚ ਗਵਰਨਰ ਜੈਨਰਲ ਵੱਲੋਂ ਪੰਜਾਬ ਤੇ ਲੌਣ ਲਈ ਆਖਰੀ ਸ਼ਰਤਾਂ ਦਰਜ ਸਨ।

ਬਿਨਾਂ ਬਹੁਤੀ ਬਹਿਸ ਦੇ ਸਾਰੇ ਹੀ ਮੰਨ ਗਏ। ਨਾਂਹ ਤਾਂ ਕਿਸੇ ਕਰਨੀ ਹੀ ਨਹੀਂ ਸੀ। ਸਿੱਖ ਦਰਬਾਰ ਵੱਲੋਂ ਸ਼ਰਤਾਂ ਤਜਵੀਜ਼ ਕਰੌਣ ਜਾਂ ਅੰਗਰੇਜ਼ਾਂ ਵੱਲੋਂ ਲਾਈਆਂ ਗਈਆਂ ਸ਼ਰਤਾਂ ਪ੍ਰਵਾਣ ਕਰ ਲੈਣ ਲਈ ਅੰਗਰੇਜ਼ੀ ਕਬਜ਼ੇ ਪਿੱਛੋਂ ਦਰਬਾਰੀਆਂ ਦੀਆਂ ਜਾਗੀਰਾਂ ਕਾਇਮ ਰੱਖਣ ਦੀ ਭੇਟ ਤੇ ਭਰੋਸੇ ਦੇਕੇ ਵਧੇਰੀ ਰਾਜਸੀ ਚਾਤੁਰਤਾ ਤੇ ਹੇਰਾ ਫੇਰੀ ਨਾਲ ਸ਼ਰਤਾਂ ਲਈ ਬੇਨਤੀ ਹੀ ਦਰਬਾਰੀਆਂ ਵੱਲੋਂ ਕਰਵਾਈ ਗਈ ਸੀ ਅਤੇ ਸਰਦਾਰਾਂ ਦੀ ਰਜ਼ਾਮੰਦੀ ਪਹਿਲੇ ਹੀ ਗਿਣ ਮਿਥ ਲਈ ਸੀ। ਜੇ ਕਿਸੇ ਪਾਸਿਉਂ ਕੋਈ ਵਿਰੋਧਤਾ ਹੋ ਸਕਦੀ ਸੀ ਤਾਂ ਉਹ ਸੀ ਮਹਾਰਾਜੇ ਦੀ ਕਾਰ ਮੁਖਤਾਰ ਰਾਜਮਾਤਾ ਮਹਾਰਾਨੀ ਜਿੰਦ ਕੌਰ ਵੱਲੋਂ। ਪਰ ਉਸਨੂੰ ਮਹਾਰਾਜਾ ਦਲੀਪ ਸਿੰਘ ਤੇ ਲਾਹੌਰ ਦੇ ਰਾਜ ਦੇ ਕੀਤੇ ਜਾਣ ਵਾਲੇ ਨਵੇਂ ਪ੍ਰਬੰਧ ਲਈ ਹੋ ਰਹੀਆਂ ਉਨ੍ਹਾਂ ਸਲਾਹਾਂ ਤੇ ਮਸ਼ਵਰਿਆਂ ਵਿੱਚ ਗਿਣ ਮਿਥ ਕੇ ਤੇ ਡਟਕੇ ਲਾਂਭੇ ਛੱਡ ਦਿੱਤਾ ਗਿਆ ਸੀ ਜਿਨ੍ਹਾਂ ਦਵਾਰਾ ਕਿ ਲਾਹੌਰ ਦੇ ਰਾਜ ਦੇ ਹਰ ਇੱਕ ਮਹਿਕਮੇ ਅਤੇ ਹਰ ਗੱਲ ਵਿਚ ਹਰ ਤਰਾਂ ਦੇ ਦਖਲ ਦੇਣ ਦੇ ਪੂਰੇ ਪੂਰੇ ਅਖਤਿਆਰ ਅੰਗਰੇਜ਼ੀ ਪ੍ਰੈਜ਼ੀਡੈਂਟ ਨੂੰ ਦਿੱਤੇ ਜਾਣੇ ਸਨ।

ਹੈਨਰੀ ਲਾਰੈਂਸ ਆਪਣੀ ੧੭ ਦਸੰਬਰ ਦੀ ਸਰਕਾਰ ਦੇ ਨਾਂ ਚਿੱਠੀ ਵਿੱਚ ਲਿਖਦਾ ਹੈ ਕਿ, "ਜਦ ਇਹ ਤਜਵੀਜ਼ ਦਰਬਾਰ ਵਿੱਚ ਸੁਣਾਈ ਗਈ ਤਾਂ ਦੀਵਾਨ ਦੀਨਾ ਨਾਥ ਨੇ ਇਹ ਇੱਛਾ ਪ੍ਰਗਟ

ਕੀਤੀ ਕਿ ਥੋੜੀ ਦੇਰ ਲਈ ਦਰਬਾਰ ਮੁਲਤਵੀ ਕਰ ਦਿੱਤਾ ਜਾਏ ਤਾਕਿ ਦਰਬਾਰੀ ਮਹਾਰਾਣੀ ਦੀ ਸਲਾਹ ਲੈ ਸਕਣ। ਪਰ ਕਰੀ ਨੇ ਉਨ੍ਹਾਂ ਨੂੰ ਕਿਹਾ ਕਿ ਗਵਰਨਰ ਜੈਨਰਲ ਮਹਾਰਾਨੀ ਦੀ ਸਲਾਹ ਨਹੀਂ ਪੁੱਛ ਰਿਹਾ, ਰਾਜ ਦੇ ਸਰਦਾਰਾਂ ਅਤੇ ਥੰਮਾਂ ਦੀ ਸਲਾਹ ਪੁਛ ਰਿਹਾ ਹੈ। ਸਰਕਾਰ ਦੇ ਸਕੱਤ੍ਰ ਵੱਲੋਂ ਇਸ ਸਖਤ ਤੇ ਰੁੱਖੇ ਇਸ਼ਾਰੇ ਤੋਂ ਦਰਬਾਰੀ ਅਤੇ ਸਰਦਾਰ ਸਰਕਾਰ ਦੇ ਮਨ ਅਤੇ ਅੰਦਰਲੀ ਨੀਅਤ ਨੂੰ ਸਮਝ ਗਏ ਅਤੇ ਵਿਰੋਧੀ ਆਵਾਜ਼ ਜੇ ਕੋਈ ਉਠਣੀ ਭੀ ਸੀ ਤਾਂ ਉਹ ਭੀ ਦਬ ਗਈ।"

ਗਵਰਨਰ ਜੈਨਰਲ ਵਲੋਂ ਪੰਜਾਬ ਵਿੱਚ ਰੱਖੀ ਜਾਣ ਵਾਲੀ ਅੰਗਰੇਜ਼ੀ ਫੌਜ ਦੇ ਖ਼ਰਚ ਲਈ ਮੰਗੀ ਗਈ ੨੪ ਲੱਖ ਰੁਪਏ ਸਾਲਾਨੇ ਦੀ ਰਕਮ ਵਿੱਚ ਦੋ ਲੱਖ ਦੀ ਤੁੱਛ ਰਕਮ ਦੀ ਕਾਟ ਹੀ ਇੱਕ ਤਬਦੀਲੀ ਸੀ ਜੇਹੜੀ ਕਿ ਪੰਜਾਬ ਉੱਤੇ ਲਾਈਆਂ ਜਾਣ ਵਾਲੀਆਂ ਸ਼ਰਤਾਂ ਵਿਚ ਕੀਤੀ ਗਈ। ਬਾਕੀ ਸਾਰੀਆਂ ਦੀਆਂ ਸਾਰੀਆਂ ਸ਼ਰਤਾਂ ਮੰਨੀਆਂ ਗਈਆਂ। ਇਸ ਤਰਾਂ ਨਵਾਂ ਤਜਵੀਜ਼ ਕੀਤਾ ਹੋਇਆ ਅਹਿਦਨਾਮਾ, ਜੋ ਭਰੋਵਾਲ ਦੇ ਅਹਿਦਨਾਮੇ ਦੇ ਨਾਂ ਨਾਲ ਮਸ਼ਹੂਰ ਹੈ, ੧੬ ਦਸੰਬਰ ੧੮੪੬ ਨੂੰ ਕੀਤਾ ਗਿਆ। ਇਸ ਦੀਆਂ ਕੁਝ ਕੁ ਸ਼ਰਤਾਂ ਇਸ ਤਰਾਂ ਹਨ:-

ਸ਼ਰਤ ਨੰ: ੨-ਇੱਕ ਅੰਗਰੇਜ਼ੀ ਅਫਸਰ ਕੁਝ ਲ ਇਕ ਸਹਾਇਕਾਂ ਸਮੇਤ ਲਾਹੌਰ ਰਹਿਣ ਲਈ ਗਵਰਨਰ ਜੈਨਰਲ ਵੱਲੋਂ ਨੀਯਤ ਕੀਤਾ ਜਾਇਗਾ, 'ਜਿਸ ਅਫ਼ਸਰ ਨੂੰ ਕਿ ਰਾਜ ਦੇ ਹਰ ਮਹਿਕਮੇ ਦੀਆਂ ਸਾਰੀਆਂ ਗੱਲਾਂ ਨੂੰ ਆਪਣੀ ਮਰਜ਼ੀ ਅਨੁਸਾਰ ਚਲੌਣ ਅਤੇ ਕਾਬੂ ਰਖਣ ਲਈ ਪੂਰਾ ਪੂਰਾ ਸਾਰਾ ਅਖਤਿਆਰ ਹੋਵੇਗਾ।

ਸ਼ਰਤ ਨੰ: ੫-ਹੇਠ ਲਿਖੇ ਆਦਮੀ ਰਾਜ ਦੀ ਪਹਿਲੀ ਕਾਰ ਮੁਖਤਾਰ ਕਮੇਟੀ ਦੇ ਮੈਂਬਰ ਹੋਣਗੇ..................ਇਨ੍ਹਾਂ ਵਿੱਚ ਗਵਰਨਰ ਜੈਨਰਲ ਦੇ ਹੁਕਮ ਅਨੁਸਾਰ ਨੀਯਤ ਹੋਏ ਅੰਗਰੇਜ਼ੀ

ਰੇਜ਼ੀਡੈਂਟ ਦੀ ਰਜ਼ਾਮੰਦੀ ਤੋਂ ਬਗੈਰ ਕੋਈ ਤਬਦੀਲੀ ਨਹੀਂ ਕੀਤੀ ਜਾ ਸਕੇਗੀ ।

ਸ਼ਰਤ ਨੰ: ੭–ਮੁਲਕ ਵਿੱਚ ਅਮਨ ਕਾਇਮ ਰੱਖਣ ਅਤੇ ਮਹਾਰਾਜੇ ਦੀ ਰਾਖੀ ਲਈ ਇੱਕ ਅੰਗ੍ਰੇਜ਼ੀ ਫੌਜ ਜਿਸ ਦੀ ਗਿਣਤੀ ਕਿ ਗਵਰਨਰ ਜੈਨਰਲ ਮੁਕਰੱਰ ਕਰੇਗਾ ਉਨ੍ਹੀਂ ਉਨ੍ਹੀਂ ਥਾਈਂ ਲਾਹੌਰ ਦੇ ਰਾਜ ਵਿੱਚ ਰੱਖੀ ਜਾਏਗੀ ਜਿੱਥੇ ਕਿ ਗਵਰਨਰ ਜੈਨਰਲ ਜ਼ਰੂਰੀ ਸਮਝੇਗਾ ।

ਸ਼ਰਤ ਨੰ: ੮–ਗਵਰਨਰ ਜੈਨਰਲ ਨੂੰ ਅਖਤਿਆਰ ਹੋਵੇਗਾ ਕਿ ਮੁਲਕ ਦੇ ਅਮਨ ਅਤੇ ਰਾਜਧਾਨੀ ਦੀ ਰਾਖੀ ਲਈ ਲਾਹੌਰ ਦੇ ਰਾਜ ਵਿੱਚ ਜਿਨ੍ਹਾਂ ਜਿਨ੍ਹਾਂ ਕਿਲ੍ਹਿਆਂ ਜਾਂ ਫੌਜੀ ਟਿਕਾਣਿਆਂ ਤੇ ਲੋੜ ਸਮਝੇ ਅੰਗ੍ਰੇਜ਼ੀ ਫੌਜ ਨਾਲ ਕਬਜ਼ਾ ਕਰ ਲਏ ।

ਸ਼ਰਤ ਨੰ: ੯–ਇਸ ਫੌਜ ਦੇ ਖਰਚ ਅਤੇ ਸਰਕਾਰ ਅੰਗ੍ਰੇਜ਼ੀ ਦੇ ਹੋਰ ਖਰਚਾਂ ਲਈ ਲਾਹੌਰ ਰਾਜ ਸਰਕਾਰ ਅੰਗ੍ਰੇਜ਼ੀ ਨੂੰ ੨੨ ਲੱਖ ਨਾਨਕਸ਼ਾਹੀ ਰੁਪੈਆ ਸਾਲਾਨਾ ਦੇਵੇਗਾ ।

ਸ਼ਰਤ ਨੰ: ੧੦–ਚੂੰਕਿ ਇਹ ਜ਼ਰੂਰੀ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਮਹਾਰਾਨੀ ਅਤੇ ਉਸਦੇ ਸੰਬੰਧੀਆਂ ਦੇ ਗੁਜ਼ਾਰੇ ਲਈ ਯੋਗ ਪ੍ਰਬੰਧ ਕੀਤਾ ਜਾਏ, ਇਸ ਲਈ ਮਹਾਰਾਨੀ ਲਈ ਡੇਢ ਲੱਖ ਰੁਪਿਆ ਸਾਲਾਨਾ ਦਿੱਤਾ ਜਾਏਗਾ ।

ਸ਼ਰਤ ਨੰ: ੧੧–ਇਸ ਅਹਿਦਨਾਮੇ ਦੀਆਂ ਸ਼ਰਤਾਂ ਪਰ ਮਹਾਰਾਜਾ ਦਲੀਪ ਸਿੰਘ ਦੇ ਨਾਬਾਲਗੀ ਦੇ ਦਿਨਾਂ ਵਿੱਚ ਅਮਲ ਕੀਤਾ ਜਾਏਗਾ ਅਤੇ ਮਹਾਰਾਜਾ ਸਾਹਿਬ ਦੇ ੧੬ ਸਾਲ ਦੀ ਪੂਰੀ ਉਮਰ ਹੋ ਜਾਣ ਪਰ ਜਾਂ ੪ ਸਤੰਬਰ ੧੮੫੪ ਨੂੰ ਖ਼ਤਮ ਹੋ ਜਾਣਗੀਆਂ.............

ਸਰ ਹੈਨਰੀ ਹਾਰਡਿੰਗ ਨੂੰ ਜਿਸ ਵੇਲੇ ਇਹ ਪਤਾ ਲੱਗਾ ਕਿ ਉਸਦੇ

ਸਕੱਤ੍ਰ ਫ੍ਰਡਰਿਕ ਕਰੀ ਅਤੇ ਪੁਲੀਟੀਕਲ ਏਜੰਟ ਹੈਨਰੀ ਲਾਰੈਂਸ ਪੰਜਾਬ ਦੇ ਭਵਿੱਖ ਸੰਬੰਧੀ ਉਸਦੀ ਇੱਛਾ ਤੇ ਖਿਆਲ ਨੂੰ ਪੂਰਾ ਕਰਨ ਵਿੱਚ ਕਾਮ-ਯਾਬ ਹੋ ਗਏ ਹਨ ਅਤੇ ਉਨ੍ਹਾਂ ਨੇ ਇਸ ਕੇਸ ਨੂੰ ਉਸਦੇ ਪੈਰੀਂ ਲਿਆ ਸੁੱਟਿਆ ਹੈ ਤਾਂ ਉਸਨੇ ਭਰੋਵਾਲ ਦੇ ਡੇਰੇ ਤੋਂ ੧੬ ਦਸੰਬਰ ਨੂੰ ਤਿੰਨ ਵਜੇ ਲੌਢੇ ਵੇਲੇ ਦੀ ਆਪਣੀ ਪ੍ਰਾਈਵੇਟ ਚਿੱਠੀ ਵਿਚ ਇਸ ਤਰ੍ਹਾਂ ਲਿਖਿਆ:-

ਮੇਰੇ ਪਿਆਰੇ ਕਰੀ,

ਮੈਨੂੰ ਸਰਦਾਰਾਂ ਨਾਲ ਹੋਈ ਕਾਨਫ੍ਰੰਸ ਤੋਂ ਪਹਿਲਾਂ ੧੫ ਦੀ ਸਵੇਰ ਦੀ ਲਿਖੀ ਹੋਈ ਤੁਹਾਡੀ ਚਿੱਠੀ ਅਤੇ ਉਨ੍ਹਾਂ ਸਾਹਮਣੇ ਪੇਸ਼ ਕੀਤੀਆਂ ਗਈਆਂ ਸ਼ਰਤਾਂ ਦੇ ਫਾਰਸੀ ਕਾਗਜ਼ ਦਾ ਤਰਜਮਾ ਪੁੱਜ ਗਿਆ ਹੈ, ਅਤੇ ਸਰਦਾਰਾਂ ਨਾਲ ਹੋਈ ਮੀਟਿੰਗ ਤੋਂ ਬਾਅਦ ਦੀ ੧੫ ਤਾਰੀਖ ਦੀ ਚਿੱਠੀ ਅੱਜ ੮ ਵਜੇ ਸਵੇਰੇ ਮਿਲ ਗਈ ਹੈ।

ਕਾਨਫ੍ਰੰਸ ਵਿੱਚ ਤੁਹਾਡੀ ਕਾਮਯਾਬੀ ਮੇਰੀ ਵੱਲੋਂ ਬੇਹੱਦ ਪ੍ਰਸੰਸਾ ਦੀ ਹੱਕਦਾਰ ਹੈ। ਜਦੋਂ ਭੀ ਤੁਹਾਡੀ ਸਰਕਾਰੀ ਰਪੋਟ ਮੇਰੇ ਪਾਸ ਪੁੱਜੇਗੀ ਤਾਂ ਲੈਫਟੈਂਨੈਂਟ ਕਰਨਲ ਲਾਰੈਂਸ ਦੇ ਮੁਕਾਮੀ ਤਜਰਬੇ ਮਸ਼ਹੂਰੀ ਅਤੇ ਚੰਗੀ ਤਰਾਂ ਬੈਠੇ ਹੋਏ ਰੋਅਬ ਦੀ ਸਹਾਇਤਾ ਨਾਲ ਇਸ ਕਾਮਯਾਬੀ ਨੂੰ ਹਾਸਲ ਕਰਨ ਲਈ ਤੁਹਾਡੀ ਵਲੋਂ ਦਿਖਾਈ ਗਈ ਲਿਆਕਤ, ਉਤਸ਼ਾਹ, ਠਰ੍ਹੰਮੇ ਅਤੇ ਅਕਲਮੰਦੀ ਸੰਬੰਧੀ ਤੁਹਾਡੀ ਪ੍ਰਸੰਸਾ ਕਰਨ ਦਾ ਮੈ ਨੂੰ ਇਕ ਹੋਰ ਚੰਗਾ ਮੌਕਾ ਮਿਲ ਜਾਏਗਾ। ਇਸ ਮਾਮਲੇ ਨੂੰ ਇਹ ਤੋਂ ਹੋਰ ਚੰਗੀ ਤਰ੍ਹਾਂ ਨਜਿੱਠ ਸਕਣਾ ਸੰਭਵ ਹੀ ਨਹੀਂ ਸੀ।

ਮੇਰੇ ਭਾਵਾਂ ਨੂੰ ਚੰਗੀ ਤਰ੍ਹਾਂ ਸਮਝਦੇ ਅਤੇ ਪੰਜਾਬ ਸੰਬੰਧੀ ਮੇਰੀ ਰਾਜਨੀਤੀ ਨਾਲ ਸਹਿਮਤ ਹੁੰਦੇ ਹੋਏ ਤੁਸਾਂ ਬੜੀ ਹੀ ਕਾਮਯਾਬੀ ਨਾਲ ਉਹ ਸਾਰੇ ਮਤਲਬ, ਨਾ ਕੇਵਲ ਕੀਤੇ ਗਏ ਪ੍ਰਬੰਧ ਦੇ ਅਸਲੀ ਮਤਲਬ ਲਈ ਹੀ, ਜਿਵੇਂ ਕਿ ਮੇਰੀ ਮਨਸ਼ਾ ਸੀ, ਪੂਰੇ ਕਰ ਲਏ ਹਨ ਬਲਕਿ ਉਨ੍ਹਾਂ ਦੀ ਕਾਰਵਾਈ ਦੀ

ਸ਼ਕਲ ਭੀ ਇਸ ਚਤੁਰਾਈ ਨਾਲ ਬਣਾਈ ਹੈ ਕਿ ਕਿਸੇ ਭੀ ਆਦਮੀ ਨੂੰ ਸਾਡੀ ਸਰਕਾਰ ਦੀ ਪਾਲਿਸੀ ਦੀ ਸਚਿਆਈ ਅਤੇ ਈਮਾਨਦਾਰੀ ਤੇ ਸ਼ੱਕ ਕਰਨ ਅਤੇ ਸਰਕਾਰ ਦੀ ਇੱਜ਼ਤ ਉਤੇ ਹੱਥ ਪੌਣ ਦੀ ਗੁੰਜਾਇਸ਼ ਨਹੀਂ ਰਹੀ ਦਿਸਦੀ।

ਏਸ ਹਿੰਦੂ ਰਾਜ ਨੂੰ ਆਪਣਾ ਪ੍ਰਬੰਧ ਪੱਕਾ ਕਰਨ ਅਤੇ ਇਸਦੇ ਨਾਲ ਹੀ ਆਪਣੇ ਮੁਲਕ, ਬਲਕਿ ਮੈਨੂੰ ਉਮੈਦ ਹੈ ਸਾਰੇ ਹਿੰਦੁਸਤਾਨ ਦੀ ਸਰਹੱਦ, ਉੱਤੇ ਇੱਜ਼ਤ ਵਾਲੇ ਤਰੀਕਿਆਂ ਨਾਲ ਅਮਨ ਕਾਇਮ ਰੱਖ ਸਕਣ ਦਾ ਇਕ ਹੋਰ ਮੌਕਾ ਮਿਲ ਗਿਆ ਹੈ।

ਆਪਣੇ ਮਹਾਰਾਜੇ ਦੇ ਸਰਬਰਾਹ ਬਣਨ ਅਤੇ ਲਾਹੌਰ ਵਿਚ ਇੱਕ ਅੰਗਰੇਜ਼ੀ ਫੌਜ ਹੋਰ ਸਮੇਂ ਲਈ ਰਹਿਣ ਦੇਣ ਲਈ ਸਿੱਖ ਸਰਦਾਰਾਂ ਦੀਆਂ ਅੰਗਰੇਜ਼ੀ ਸਰਕਾਰ ਪਾਸ ਕੀਤੀਆਂ ਮਿੰਨਤਾਂ ਅਤੇ ਸਾਡੇ ਵੱਲੋਂ ਇਹ ਜ਼ਿਮੇਵਾਰੀ ਚੁੱਕ ਲੈਣ ਲਈ ਜ਼ਾਹਰ ਕੀਤੀ ਗਈ ਰਜ਼ਾਮੰਦੀ ਦਾ ਅਖਲਾਕੀ ਅਸਰ ਅੰਗਰੇਜ਼ੀ ਆਚਰਣ ਦਾ ਰੋਹਬ ਵਧੌਣ ਅਤੇ ਸਾਡੀ ਇੱਜ਼ਤ ਉੱਚਿਆਂ ਕਰਨ ਲਈ ਸਾਰੇ ਏਸ਼ੀਆ ਵਿੱਚ ਮਾਸੂਸ ਕੀਤਾ ਜਾਏਗਾ।

ਜ਼ਾਤੀ ਤੌਰ ਤੇ ਮੈਨੂੰ ਇਹ ਅਫਸੋਸ ਹੀ ਹੋਵੇਗਾ ਕਿ ਅੰਗ੍ਰੇਜ਼ੀ ਝੰਡਾ ਸਿੰਧ ਦੇ ਕੰਢਿਆਂ ਤੇ ਗੱਡਣਾ ਮੇਰੀ ਕਿਸਮਤ ਵਿੱਚ ਨਹੀਂ ਸੀ। ਮੈਂ ਘੱਟ ਲਾਲਸਾ ਵਾਲਾ ਰਸਤਾ ਫੜਿਆ ਹੈ ਅਤੇ ਮੈਨੂੰ ਇਹ ਖ਼ਿਆਲ ਕਰਕੇ ਦਿਲੀ ਖੁਸ਼ੀ ਹੈ ਕਿ ਮੈਂ ਇੰਗਲਿਸਤਾਨ ਅਤੇ ਹਿੰਦੁਸਤਾਨ ਲਈ ਇਕ ਚੰਗਾ ਕੰਮ ਕਰ ਦਿੱਤਾ ਹੈ।

ਲੋਕੀ ਭਾਵੇਂ ਕੁਝ ਪਏ ਆਖਣ ਜਿੱਥੋਂ ਤੱਕ ਮੇਰਾ ਵਾਸਤਾ ਹੈ ਫੌਜੀ ਨੁਕਤਾ ਨਿਗਾਹ ਅਤੇ ਮੇਰੇ ਰਾਜਸੀ ਫਰਜ਼ ਵਿਚਕਾਰ ਹੋ ਰਹੀ ਖਿਚਾ ਖਿੱਚ ਮੁੱਕ ਗਈ ਹੈ। ਹੁਣ ਮੈਂ ਕਾਰ ਵਿਹਾਰ ਦੀ ਗੱਲ ਕਰਦਾ ਹਾਂ।

ਫੌਜ ਦੇ ਖਰਚ ਲਈ ਦਿੱਤੀ ਜਾਣ ਵਾਲੀ ਰਕਮ ਵਿੱਚ ਤੁੱਛ ਜਹੀ ਰਕਮ ਦੀ ਕਾਟ ਜੋ ਤੁਸਾਂ ਯੋਗ ਤੌਰ ਤੇ ਪ੍ਰਵਾਨ ਕਰ ਲਈ ਹੈ ਮੈਂ ਉਸ ਨਾਲ ਸਹਿਮਤ ਹਾਂ।

ਜੇ ਕੋਈ ਗੱਲ ਬਹਿਸ ਵਾਲੀ ਹੈ ਤਾਂ ਉਹ ਹੈ ਰਾਣੀ ਨੂੰ ਬਿਲੇ ਲੌਣਾ। ਅਸੀਂ ਇਸ ਗੱਲ ਤੇ ਸਹਿਮਤ ਹਾਂ ਅਤੇ ਇਹ ਗੱਲ ਬਿਲਕੁਲ ਯੋਗ ਹੈ ਕਿ ਰਾਣੀ ਦੇ ਹੱਥ ਵਿਚ ਕਾਰਮੁਖਤਾਰ ਦੀ ਹੈਸੀਅਤ ਵਿੱਚ ਕੋਈ ਤਾਕਤ ਨਾ ਰਹੇ। ਸਵਾਲ ਬਾਕੀ ਇਹ ਹੈ ਕਿ ਮਹਾਰਾਜੇ ਦੀ ਮਾਤਾ ਦੇ ਯੋਗ ਗੁਜ਼ਾਰੇ ਲਈ ਕੀ ਰਕਮ ਨੀਯਤ ਕੀਤੀ ਜਾਏ ਤੇ ਉਹਦੇ ਰਹਿਣ ਲਈ ਕੇਹੜਾ ਥਾਂ ਚੁਣਿਆ ਜਾਏ। ਇਹ ਰਕਮ ਨੀਯਤ ਕਰਨ ਵੇਲੇ ਰਾਜ ਦੀ ਘਟ ਗਈ ਹੋਈ ਆਮਦਨੀ ਦਾ ਜ਼ਰੂਰ ਖਿਆਲ ਕਰ ਲੈਣਾ ਚਾਹੀਦਾ ਹੈ। ਇਹ ਗੱਲ ਸਰਦਾਰ ਝਟ ਪੱਟ ਆਪੇ ਫੈਸਲਾ ਕਰ ਸਕਦੇ ਹਨ।

ਉਸਦੀ ਰਹਾਇਸ਼ ਦੇ ਥਾਂ ਦਾ ਫੈਸਲਾ ਕਰਨ ਵੇਲੇ ਨਵੇਂ ਰਾਜ ਪ੍ਰਬੰਧ ਦੇ ਵਿਰੁੱਧ ਰਾਣੀ ਵੱਲੋਂ ਹੋਣ ਵਾਲੀਆਂ ਰਾਜਸੀ ਸਾਜਸ਼ਾਂ ਦੇ ਆਧਾਰ ਤੇ ਉਸਨੂੰ ਉਸਦੇ ਪੁੱਤ੍ਰ ਤੋਂ ਵੱਖਰਾ ਕਰ ਦੇਣ ਦੇ ਵਿਰੁੱਧ ਇਤਰਾਜ਼ ਹੋ ਸਕਦਾ ਹੈ, ਕਿਉਂਕਿ ਇਹ ਆਖਿਆ ਜਾ ਸਕਦਾ ਹੈ ਅਤੇ ਲੋਕਾਂ ਦੀ ਇਸ ਨਾਲ ਹਮਦਰਦੀ ਭੀ ਹੋ ਜਾਏਗੀ ਕਿ ਰਾਣੀ ਨੂੰ ਉਸ ਵੱਲੋਂ ਹੋਏ ਕਿਸੇ ਰਾਜਸੀ ਗੁਨਾਹ ਤੋਂ ਪਹਿਲਾਂ ਹੀ ਉਸਨੂੰ ਸਜ਼ਾ ਦੇ ਦਿਤੀ ਗਈ ਹੈ।

ਮੇਰਾ ਖਿਆਲ ਹੈ ਕਿ ਉਹ ਪੰਜਾਬ ਵਿਚ ਕਿਸੇ ਹੋਰ ਥਾਂ ਨਾਲੋਂ ਲਾਹੌਰ ਵਿੱਚ ਘੱਟ ਖਤਰਨਾਕ ਹੋਵੇਗੀ। ਜੇ ਉਹ ਕੁਝ ਔਖਿਆਂ ਕਰਨ ਲੱਗ ਪਏ ਅਤੇ ਉਸਨੂੰ ਦੇਸ ਨਿਕਾਲਾ ਦੇਣਾ ਯੋਗ ਹੋ ਜਾਏ ਤਾਂ ਜ਼ਰੂਰ ਉਸਨੂੰ ਸਤਲਜੋਂ ਪਾਰ ਭੇਜ ਦਿੱਤਾ ਜਾਏ। ਉਸ ਹਾਲਤ ਵਿਚ ਉਸਨੂੰ ਲਾਡਵੇ ਦੇ ਰਾਜੇ ਦੀ ਹਵੇਲੀ ਵਿਚ ਨਜ਼ਰਬੰਦ ਕਰ ਦਿਤਾ ਜਾਏ ਜਿਥੇ ਕਿ ਉਹ ਕਦੀ ਕਦੀ ਆਪਣੇ ਪੁੱਤ੍ਰ ਨੂੰ ਮਿਲ ਲਏ।

ਭਾਵੇਂ ਉਸਦੇ ਆਚਰਨ ਦੀ ਬਦਨਾਮੀ [?] ਕਾਫ਼ੀ ਹਦ ਤਕ ਸਾਡੇ ਹਕ ਵਿਚ ਜਾਂਦੀ ਹੈ, ਤਾਂ ਭੀ ਉਸਦੇ ਰਣਜੀਤ ਸਿੰਘ ਦੀ ਇਸਤ੍ਰੀ ਅਤੇ ਸਿੱਖਾਂ ਦੇ ਬਾਦਸ਼ਾਹ ਦੀ ਮਾਤਾ ਹੋਣ ਦੇ ਕਾਰਨ ਮੈਂ ਜ਼ਰਾ ਖਬਰਦਾਰੀ ਨਾਲ ਕੰਮ ਕਰਨਾ ਚਾਹੁੰਦਾ ਹਾਂ। ਮੈਨੂੰ ਇਹ ਖ਼ਿਆਲ ਨਹੀਂ ਕਿ ਉਸਨੂੰ ਲਾਹੌਰ ਦੇ ਬਾਜ਼ਾਰਾਂ ਵਿਚ ਦੀ ਫਤਹ ਦੀ ਧੂਮ ਧਾਮ ਤੇ ਜਲੂਸ ਨਾਲ ਲੈ ਜਾਣ ਵਾਲਾ ਕੋਈ ਵੁਡ ਵਰਗਾ ਚੌਧਰੀ ਪੈਦਾ ਹੋ ਜਾਏਗਾ।

ਮੈਂ ਹੁਣ ਹੀ ਜੌਨ ਲਾਰੈਂਸ ਨੂੰ ਮਿਲਿਆ ਹਾਂ। ਉਸਦੀ ਰਾਏ ਇਹ ਮਲੂਮ ਹੁੰਦੀ ਹੈ ਕਿ ਇਸ ਨਵੇਂ ਅਹਿਦਨਾਮੇ ਉੱਤੇ ਮਹਾਰਾਜਾ ਮੇਰੇ ਡੇਰੇ ਵਿਚ ਮੇਰੇ ਪਾਸ ਆ ਕੇ ਦਸਖਤ ਕਰੇ ਅਤੇ ਮੈਂ ਪਿੱਛੋਂ ਲਾਹੌਰ ਜਾਂ ਅੰਮ੍ਰਿਤਸਰ ਵਿੱਚ ਦੋਸਤਾਨਾ ਤੌਰ ਤੇ ਹੋ ਆਵਾਂ। ਮੈਂ ਭੀ ਏਹੋ ਢੰਗ ਠੀਕ ਸਮਝਦਾ ਹਾਂ, ਕਿਉਂਕਿ ਮੈਂ ਚਾਹੁੰਦਾ ਹਾਂ ਕਿ ਮੈਂ ਸਰ ਜੌਨ ਲਿੱਟਲਰ ਨੂੰ ਨਾਲ ਲੈਜਾ ਕੇ ਲਾਹੌਰ ਦੇ ਟਿਕਾਣੇ ਵੇਖ ਆਵਾਂ ਅਤੇ ਸ਼ਹਿਰ ਦੇ ਲੋਕਾਂ ਅਤੇ ਆਪਣੇ ਸਿਪਾਹੀਆਂ ਨੂੰ ਵੱਖਰੇ ਵੱਖਰੇ ਰੱਖਣ ਲਈ ਚੰਗਾ ਪ੍ਰਬੰਧ ਕਰ ਆਵਾਂ।

ਯਕੀਨ ਰੱਖੋ, ਅੰਤ ਵਿੱਚ ਜਿੰਨੇ ਵੀ ਅਸੀਂ ਸ਼ਹਿਰ ਦੇ ਲੋਕਾਂ ਕੋਲੋਂ ਵਖਰੇ ਰਹਾਂਗੇ ਉੱਨੇ ਹੀ ਉਹ ਸਾਨੂੰ ਜ਼ਿਆਦਾ ਚੰਗਾ ਸਮਝਣਗੇ।

[ਇਸ ਤੋਂ ਅੱਗੇ ਫੌਜੀ ਆਵਾ ਜਾਈ ਦੇ ਵੇਰਵੇ ਦਿੱਤੇ ਹੋਏ ਹਨ]

ਜੇ ਭਲਾ ਕੋਈ ਇਹ ਖ਼ਿਆਲ ਹੋ ਜਾਏ ਕਿ ਫਾਸਲਾ ਬਹੁਤ ਜ਼ਿਆਦਾ ਹੈ ਅਤੇ ਅੰਗ੍ਰੇਜ਼ੀ ਇਲਾਕੇ ਵਿੱਚ ਜਾ ਕੇ ਅਹਿਦਨਾਮੇ ਤੇ ਦਸਖਤ ਕਰਨਾ ਮੰਨ ਜਾਣਾ ਹੇਠੀ ਦੀ ਗੱਲ ਹੈ ਤਾਂ ਮੈਂ ਅੰਮ੍ਰਿਤਸਰ ਜਾਣ ਨੂੰ ਤਿਆਰ ਬਰ ਤਿਆਰ ਹਾਂ–ਪਰ ਕਸ਼ਮੀਰ ਦੇ ਮਾਮਲੇ ਤੋਂ ਬਾਅਦ। ਪਰ ਮੈਂ ਇਹ ਸਮਝਦਾ ਹਾਂ ਕਿ

ਮੀਟਿੰਗ ਦਾ ਏਥੇ ਹੋਣਾ ਰਾਜਸੀ ਨੁਕਤਾ ਨਿਗਾਹ ਤੋਂ ਵਧੇਰੇ ਚੰਗਾ ਹੈ। ਸਰਦਾਰਾਂ ਨਾਲ ਸਲਾਹ ਕਰਕੇ ਜਿਵੇਂ ਤੂੰ ਚੰਗਾ ਸਮਝੇਂ ਫੈਸਲਾ ਕਰ ਲਵੀਂ...........

ਇਕ ਵਾਰੀ ਫੇਰ, ਮੇਰੇ ਪਿਆਰੇ ਕਰੀ, ਮੈਂ ਤੁਹਾਡੀਆਂ ਮੇਰੇ ਲਈ ਅਤੇ ਸਭ ਤੋਂ ਵਧੇਰੇ ਸਰਕਾਰ ਲਈ ਕੀਤੀਆਂ ਬਹੁਮੁੱਲੀਆਂ ਖਿਦਮਤਾਂ ਲਈ ਤੁਹਾਡੀ ਪ੍ਰਸੰਸਾ ਕਰਦਾ ਹਾਂ।

ਏਸ ਰਾਜਸੀ ਚਾਤੁਰਤਾ ਨਾਲ ਨਜਿੱਠੇ ਗਏ ਕੰਮ ਨੂੰ ਮੁੜ ਗਹੁ ਨਾਲ ਵੇਖਣ ਤੋਂ ਮੈਨੂੰ ਕੋਈ ਇਕ ਭੀ ਗਲ ਅਜੇਹੀ ਨਹੀਂ ਲਭਦੀ ਜੋ ਕਿ ਤੁਸੀਂ ਛੱਡ ਗਏ ਹੋਵੋ।

ਮੈਂ ਹਾਂ, ਤੁਹਾਡਾ ਬਹੁਤ ਸਾਦਕ, ਹਾਰਡਿੰਗ

ਭਰੋਵਾਲ ਦੇ ਅਹਿਦਨਾਮੇ ਸੰਬੰਧੀ ਗਵਰਨਰ ਜੈਨਰਲ ਸਰ ਹੈਨਰੀ ਹਾਰਡਿੰਗ ਵਲੋਂ ਲਾਹੌਰ ਵਿਚ ਨੀਯਤ ਅੰਗ੍ਰੇਜ਼ੀ-ਹਿੰਦੁਸਤਾਨ ਦੀ ਸਰਕਾਰ ਦੇ ਸਕੱਤ੍ਰ ਸਰ ਫ੍ਰੈਡਰਿੱਕ ਕਰੀ ਦੇ ਨਾਮ ਲਿਖੀਆਂ ਹੋਈਆਂ ਪ੍ਰਾਈਵੇਟ ਚਿੱਠੀਆਂ ਵਿਚੋਂ ਇਹ ਆਖਰੀ ਚਿੱਠੀ ਹੈ ਜੋ ਕਿ ਇਸ ਮਾਮਲੇ ਉੱਤੇ ਇਤਨਾ ਨਵਾਂ ਚਾਨਣ ਪੌਂਦੀਆਂ ਹਨ।

ਅਹਿਦਨਾਮੇ ਦੇ ਮੁਖਬੰਦ, ਸਰਕਾਰੀ ਚਿੱਠੀ ਪੱਤ੍ਰ ਤੇ ਕਾਗਜ਼ਾਤ ਅਤੇ ਉਸ ਵੇਲੇ ਸੰਬੰਧੀ ਲਿਖੀਆਂ ਗਈਆਂ ਇਤਿਹਾਸਕ ਪੁਸਤਕਾਂ ਵਿਚ ਹੁਣ ਤਕ ਸਾਨੂੰ ਇਹ ਦਸਿਆ ਜਾਂਦਾ ਰਿਹਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗੀ ਦੇ ਦਿਨਾਂ ਵਿਚ ਲਾਹੌਰ ਰਾਜ ਦੇ ਪ੍ਰਬੰਧ ਕਰਨ ਲਈ ਲਾਹੌਰ ਦਰਬਾਰ ਦੇ ਵੱਡੇ ਵੱਡੇ ਦਰਬਾਰੀਆਂ ਤੇ ਸਰਦਾਰਾਂ ਨੇ ਸਾਫ ਸ਼ਬਦਾਂ ਵਿੱਚ ਸਰਕਾਰ ਅੰਗ੍ਰੇਜ਼ੀ ਪਾਸ ਇਹ ਇੱਛਾ ਪ੍ਰਗਟ ਕੀਤੀ ਸੀ ਕਿ ਗਵਰਨਰ ਜੈਨਰਲ ਆਪਣੀ ਸਹਾਇਤਾ ਦੇਵੇ। ਉਨ੍ਹਾਂ ਨੇ ਪੰਜਾਬ ਦਾ ਰਾਜ ਪ੍ਰਬੰਧ ਕਾਇਮ ਰੱਖਣ ਲਈ ਇਸ ਗੱਲ ਨੂੰ ਅਤੀ ਜ਼ਰੂਰੀ ਸਮਝਿਆ ਸੀ, ਅਤੇ ਲਾਰਡ ਹਾਰਡਿੰਗ ਨੇ ਨਾਂਹ ਨੁਕਰ ਕਰਦੇ ਹੋਏ ਇਸ ਗੱਲ ਲਈ ਆਪਣੀ

ਰਜ਼ਾਮੰਦੀ ਦਿੱਤੀ ਸੀ।

ਪਰ ਹੈਨਰੀ ਹਾਰਡਿੰਗ ਦੀਆਂ ਪ੍ਰਾਈਵੇਟ ਚਿੱਠੀਆਂ ਪੜ੍ਹਕੇ ਹੁਣ ਸਾਨੂੰ ਇਹ ਪਤਾ ਲਗਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਲਾਹੌਰ ਦਰਬਾਰ ਦੇ ਸਰਦਾਰਾਂ ਦੀ ਕੋਈ ਅਜੇਹੀ ਇੱਛਾ ਨਹੀਂ ਸੀ। ਅਤੇ ਜਿਸ ਵੇਲੇ ਦਰਬਾਰੀਆਂ ਅਤੇ ਸਰਦਾਰਾਂ ਨੂੰ ਕੁਝ ਚਿਰ ਹੱਥ ਵਿਚ ਲੈਕੇ ਮੋੜਿਆ ਮਰੋੜਿਆ ਜਾ ਚੁੱਕਾ ਸੀ ਤਾਂ ਕਿਧਰੇ ੧੪ ਦਸੰਬਰ ੧੮੪੬ ਨੂੰ ਮਹਾਰਾਜਾ ਦੁਲੀਪ ਸਿੰਘ ਵੱਲ ਚਿੱਠੀ ਲਿਖੀ ਗਈ ਸੀ ਕਿ, "ਇਹ ਆਸ ਕੀਤੀ ਜਾਂਦੀ ਹੈ ਕਿ ਏਜੰਟ ਤੇ ਦੋ ਪਲਟਨਾਂ ਇਕ ਰਸਾਲਾ ਤੇ ਇਕ ਬਾਤਰੀ 'ਕੁਝ ਮਹੀਨਿਆਂ ਲਈ' ਏਥੇ ਠਹਿਰੇ ਰਹਿਣ ਦਿਤੇ ਜਾਣ ਜਿਸ ਸਮੇਂ ਵਿਚ ਕਿ ਬਾਕੀ ਰਹਿੰਦੇ ਰਾਜ ਪ੍ਰਬੰਧ ਨੂੰ ਲੋੜੀਂਦੀ ਹੱਦ ਤੱਕ ਮੁਕੰਮਲ ਕਰ ਲਿਆ ਜਾਏ।" ਪਰ ਸਰ ਹੈਨਰੀ ਹਾਰਡਿੰਗ ਨੇ ਕੁਝ ਮਹੀਨਿਆਂ ਲਈ ਇਹ ਸਹਾਇਤਾ ਦੇਣੋਂ ਉੱਕੀ ਨਾਂਹ ਕਰ ਦਿੱਤੀ। ਉਹ ਜਾਂ ਤਾਂ ਬਿਲਕੁਲ ਕੋਈ ਸਹਾਇਤਾ ਨਹੀਂ ਸੀ ਦੇਣਾ ਚਾਹੁੰਦਾ ਜਾਂ ਅੰਗ੍ਰੇਜ਼ੀ ਸਪਾਹੀਆਂ ਨਾਲ ਹਰ ਇਕ ਕਿਲ੍ਹੇ ਤੇ ਫੌਜੀ ਟਿਕਾਣੇ ਉੱਤੇ ਕਬਜ਼ਾ ਕਰਨ ਦੀ ਖੁਲ੍ਹ ਲੈਕੇ ਦਸ ਗੁਣਾ ਜ਼ਿਆਦਾ ਫੌਜ ਰੱਖਣਾ, ਰਾਜ ਦੇ ਹਰ ਮਹਿਕਮੇ ਦੀਆਂ ਸਾਰੀਆਂ ਗੱਲਾਂ ਉੱਤੇ ਪੂਰਾ ਪੂਰਾ ਕਾਬੂ ਰੱਖਣਾ ਅਤੇ ਆਪਣੀ ਮਰਜ਼ੀ ਅਨੁਸਾਰ ਪੂਰੇ ਕੁਲ ਅਖਤਿਆਰ ਦੇਕੇ ਅੰਗ੍ਰੇਜ਼ੀ ਰੈਜ਼ੀਡੈਂਟ ਮੁਕਰੱਰ ਕਰਨਾ, ਮਹਾਰਾਜੇ ਦੇ ਗਾਰਡੀਅਨ ਬਣਨਾ, ਮਹਾਰਾਣੀ ਜਿੰਦ ਕੌਰਾਂ ਪਾਸੋਂ ਕਾਰਮੁਖਤਾਰੀ ਦੇ ਸਾਰੇ ਹੱਕ ਖੋਹ ਕੇ ਮੁਲਕ ਵਿੱਚ ਅੱਠ ਸਾਲਾਂ ਲਈ ਟਿਕੇ ਰਹਿਣਾ ਅਤੇ ੨੨ ਲੱਖ ਰੁਪੈਆ ਸਾਲਾਨਾ ਵਸੂਲ ਕਰਨਾ ਚਾਹੁੰਦਾ ਸੀ। ਲਾਹੌਰ ਦਰਬਾਰ ਨੂੰ ਗਵਰਨਰ ਜੈਨਰਲ ਦੀ ਮਰਜ਼ੀ ਅਨੁਸਾਰ ਰਜ਼ਾਮੰਦ ਨਾ ਹੁੰਦੇ ਵੇਖਕੇ ਫ੍ਰੈਡਰਿੱਕ ਕਰੀ ਨੂੰ ਆਖਿਆ ਗਿਆ ਸੀ ਕਿ "ਸਿੱਖ ਦਰਬਾਰ ਵੱਲੋਂ ਇਹ ਸ਼ਰਤ ਪੇਸ਼ ਕਰਵੌਣ, ਅਰਥਾਤ ਸਾਡੀ ਮਦਦ ਦੇ ਜਾਰੀ ਰਹਿਣ ਦੇ ਮੁੱਲ ਵਜੋਂ ਸਾਡੀ ਕਿਸੇ ਭੀ ਸ਼ਰਤ ਨੂੰ ਪ੍ਰਵਾਨ ਕਰ ਲੈਣ ਲਈ ਰਜ਼ਾਮੰਦੀ ਹਾਸਲ ਕਰਨ ਵਾਸਤੇ ਹਿੰਮਤ

ਨਾਲ ਉਨ੍ਹਾਂ ਦੇ ਪਿੱਛੇ ਲੱਗੇ ਰਹੋ।" ਇਸ ਦੇ ਨਾਲ ਹੀ ਉਸ ਨੂੰ ਇਹ ਭੀ ਹਦਾਇਤ ਦਿੱਤੀ ਗਈ ਕਿ "ਵਾਧੂ ਸ਼ਰਤਾਂ ਦੇ ਮੁਖਬੰਦ ਵਿਚ ਇਹ ਬੇਨਤੀ ਐਨ ਸਾਫ਼ ਤੌਰ ਤੇ ਉਨ੍ਹਾਂ (ਸਿੱਖਾਂ) ਵੱਲੋਂ ਹੋਣੀ ਚਾਹੀਦੀ ਹੈ।" ਅਤੇ ਇਹ ਸਭ ਤਾਣਾ ਬਾਣਾ ਇਸ ਰਾਜਸੀ ਚਾਤੁਰਤਾ ਨਾਲ ਤਣਿਆ ਗਿਆ ਜਿਸ ਨਾਲ ਕਿ ਇਸ ਨੂੰ ਇਸ ਪ੍ਰਕਾਰ ਦੀ ਸ਼ਕਲ ਦਿਤੀ ਗਈ ਜਿਸ ਤੋਂ ਕਿ ਇਹ ਪ੍ਰਤੀਤ ਹੋਣ ਲਗ ਪਿਆ ਕਿ ਭਰੋ-ਵਾਲ ਦੇ ਅਹਿਦਨਾਮੇ ਲਈ ਪਹਿਲਾਂ ਲਾਹੌਰ ਦਰਬਾਰ ਨੇ ਸਰਕਾਰ ਅੰਗ੍ਰੇਜ਼ੀ ਪਾਸ ਬੇਨਤੀ ਕੀਤੀ ਸੀ ਅਤੇ ਫੇਰ ਸਰਕਾਰ ਅੰਗ੍ਰੇਜ਼ੀ ਨੇ ਝਿਜ-ਕਦੇ ਝਿਜਕਦੇ ਅਪਣੀ ਰਜ਼ਾਮੰਦੀ ਜ਼ਾਹਰ ਕੀਤੀ ਸੀ।

ਮਹਾਰਾਣੀ ਜਿੰਦ ਕੌਰ

ਐਡੀਟਰ ਸਾਹਿਬ, ਦੀ ਇਲਸਟ੍ਰੇਟਿਡ ਵੀਕਲੀ ਆਫ ਇੰਡੀਆ, ਬੰਬਈ,

ਮੇਰਾ ਧਿਆਨ ੧੯ ਦਸੰਬਰ ੧੯੩੮ ਦੇ 'ਵੀਕਲੀ' ਅਖਬਾਰ ਦੇ ਸਫ਼ਾ ੫੩ ਪਰ ਛਪੇ ਲੇਖ "ਜਿੰਦਾਂ ਬਾਈ ਮਹਾਰਾਣੀ ਆਫ਼ ਲਾਹੌਰ" ਵਲ ਦਿਵਾਇਆ ਗਿਆ ਹੈ। ਮੇਰਾ ਇਹ ਕੌੜਾ ਫਰਜ਼ ਹੈ ਕਿ ਮੈਂ ਤੁਹਾਡੇ ਧਿਆਨ ਵਿਚ ਇਹ ਗੱਲ ਲਿਆਵਾਂ ਕਿ ਇਹ ਲੇਖ ਸਖਤ ਇਤਰਾਜ਼ ਜੋਗ ਹੈ। ਸਿਖ ਕੌਮ ਇਸ ਨੂੰ ਆਪਣੀ ਹਤਕ ਮਹਿਸੂਸ ਕਰਦੀ ਹੈ, ਜਿਸ ਢੰਗ ਵਿਚ ਕਿ ਪੰਜਾਬ ਦੀ ਰਾਜ-ਮਾਤਾ ਤੇ ਮਹਾਰਾਜਾ ਰਣਜੀਤ ਸਿੰਘ ਜੀ ਦੀ ਮਹਿਬੂਬਾ ਮਹਾਰਾਣੀ ਨੂੰ ਏਸ ਲੇਖ ਤੇ ਇਸ ਦੇ ਨਾਲ ਦੀ ਤਸਵੀਰ ਵਿਚ ਪੇਸ਼ ਕੀਤਾ ਗਿਆ ਹੈ। ਇਹ ਲੇਖ ਬਹੁਤ ਥਾਵੀਂ ਨਾ ਕੇਵਲ ਇਤਿਹਾਸਕ ਤੌਰ ਪਰ ਹੀ ਗਲਤ ਹੈ, ਸਗੋਂ ਸਖਤ ਨਿੰਦਾ ਭਰਿਆ ਭੀ ਹੈ, ਜਿਸ ਸਬੰਧੀ ਕਈ ਸਿਖ ਸੁਸਾਇਟੀਆਂ ਨੇ ਇਤਰਾਜ਼ ਕੀਤਾ ਹੈ ਤੇ ਆਪਣੀਆਂ ਇਕੱਤਰਤਾਵਾਂ ਵਿਚ ਲੇਖ ਬਾਰੇ ਨਿਖੇਧੀ ਕੀਤੀ ਹੈ ਤੇ ਰੋਸ ਦੇ ਮਤੇ ਪਾਸ ਕੀਤੇ ਹਨ।

ਮਹਾਰਾਣੀ ਨੂੰ ਦੱਖਣੀ ਯਾ ਪੂਰਬੀ ਕੰਚਣੀਆਂ ਦੀ ਪੁਸ਼ਾਕ ਵਿਚ ਨਚਾਰ ਔਰਤ ਦੀ ਸ਼ਕਲ ਵਿਚ ਪੇਟ, ਸਿਰ ਤੇ ਬਾਹਾਂ ਨੰਗੀਆਂ ਦਿਖਾ ਕੇ ਪੇਸ਼ ਕਰਨਾ ਨਿਹਾਇਤ ਹੀ ਕੋਝਾ ਤਰੀਕਾ ਹੈ। ਨਚਣਾ ਪੰਜਾਬ ਵਿਚ ਸਿਰਫ ਕੰਜਰੀਆਂ ਦਾ ਹੀ ਪੇਸ਼ਾ ਸੀ ਤੇ ਪੰਜਾਬ ਦੀਆਂ ਕੰਜਰੀਆਂ

ਸਭ ਮੁਲਮਾਨਣੀਆਂ ਹੀ ਹੁੰਦੀਆਂ ਸਨ ਤੇ ਹੁਣ ਵੀ ਹਨ। ਅੰਗ੍ਰੇਜ਼ਾਂ ਦੇ ਆਉਣ ਤੋਂ ਪਹਿਲਾਂ ਨੱਚਣਾ ਪੰਜਾਬ ਵਿਚ ਸਿਖਾਂ ਵਲੋਂ ਬਦਚਲਨੀ ਦਾ ਜ਼ਰੀਆ ਸਮਝਿਆ ਜਾਂਦਾ ਸੀ ਤੇ ਇਹ ਕੰਮ ਕੇਵਲ ਭੈੜੀ ਸ਼ੁਹਰਤ ਵਾਲੀਆਂ ਔਰਤਾਂ ਤਕ ਹੀ ਮਹਿਦੂਦ ਸੀ।

ਮਹਾਰਾਣੀ ਜਿੰਦ ਕੌਰ ਪ੍ਰਸਿੱਧ ਨਾਮ ਮਾਈ ਜਿੰਦਾਂ (ਜਿੰਦਾਂ ਬਾਈ ਨਹੀਂ, ਜੈਸਾ ਕਿ ਮਿ: ਮਾਰਗਨ ਨੇ ਨਾਮ ਦਿਤਾ ਹੈ) ਜ਼ਿਲਾ ਸਿਆਲ ਕੋਟ ਤਹਿਸੀਲ ਜ਼ਫਰਵਾਲ ਦੇ ਪਿੰਡ ਚਾਹੜ ਦੇ ਔਲਖ ਗੋਤ ਦੇ ਇਕ ਪਤਵੰਤੇ ਸਿਖ ਜ਼ਿਮੀਦਾਰ ਮੰਨਾ ਸਿੰਘ ਦੀ ਤੀਜੀ ਲੜਕੀ ਸੀ। ਮਹਾਰਾਣੀ ਦੀ ਵਡੀ ਭੈਣ ਸ: ਜੁਆਲਾ ਸਿੰਘ ਪੜ੍ਹਾਣੀਏ ਨੂੰ ਵਿਆਹੀ ਹੋਈ ਸੀ ਤੇ ਸਰਦਾਰ ਨਾਹਰ ਸਿੰਘ ਪਿੰਡ ਐਮਾ ਭੀ ਇਸੇ ਖਾਨਦਾਨ ਵਿਚ ਵਿਆਹਿਆ ਹੋਇਆ ਸੀ। ਇਕ ਸ਼ਰੀਫ ਘਰਾਣੇ ਦੀ ਸਿਖ ਲੜਕੀ ਨੂੰ ਨਚਾਰ ਦੇ ਪੇਸ਼ੇ ਵਾਲੀ ਦਸਣਾ ਸਿਖ ਇਤਿਹਾਸ ਦਾ ਵਹਿਸ਼ੀਆਨਾ ਕਤਲ ਹੈ, ਜਿਸ ਇਤਿਹਾਸ ਬਾਰੇ ਕਿ ਇਸ ਲੇਖ ਦੇ ਲਿਖਾਰੀ ਨੇ ਇਤਨਾ ਅਣਜਾਣਪੁਣਾ ਪ੍ਰਗਟ ਕੀਤਾ ਹੈ।

ਮਿ: ਮਾਰਗਨ ਦੇ ਇਸ ਬਿਆਨ ਨੂੰ ਰਦ ਕਰਨ ਲਈ ਕਿ ਮਹਾਰਾਣੀ ਦਾ ਕਦੇ ਭੀ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਵਿਆਹ ਨਹੀਂ ਸੀ ਹੋਇਆ, ਮੈਂ ਕੇਵਲ ਅਖਬਾਰ 'ਦੀ ਖਾਲਸਾ' ਤ੍ਰੀਕ ੫ ਅਕਤੂਬਰ ੧੯੩੦ ਵਿਚ ਭਗਤ ਲਛਮਣ ਸਿੰਘ ਦੀਆਂ ਲਿਖਤੀ ਕੁਝ ਸਤਰਾਂ ਦਾ ਹਵਾਲਾ ਦਿੰਦਾ ਹਾਂ, ਜਿਨ੍ਹਾਂ ਦੀ ਕਿ ਇਸ ਵੇਲੇ ਉਮਰ ੭੬ ਸਾਲ ਦੀ ਹੈ।

"ਲਾਹੌਰ ਦੇ ਪਤਵੰਤੇ ਸ਼ਹਿਰੀ ਰਾਇ ਬਹਾਦਰ ਕੇ. ਬੀ. ਥਾਪਰ ਮੈਨੂੰ ਦਸਦੇ ਹਨ ਕਿ ਜਦੋਂ ਮੈਂ ਖਾਨ ਬਹਾਦਰ ਫਕੀਰ ਕਮਰੁੱਦੀਨ ਸਪੁਤ੍ਰ ਫ਼ਕੀਰ ਨੂਰੁੱਦੀਨ—ਜੋ ਕਿ ਮਹਾਰਾਣੀ ਜਿੰਦਾਂ ਦੇ ਮਹਿਲਾਂ ਦਾ ਇਨਚਾਰਜ ਸੀ—ਨੂੰ ਪੁਛਿਆ ਕਿ ਏਸ ਗਲ ਵਿਚ ਕਿਤਨੀ ਕੁ ਸਚਾਈ ਹੈ ਜੇਹੜੀ ਕਿ ਸਰ ਲੈਪਲ ਗ੍ਰਿਫਨ ਨੇ ਲਿਖੀ ਹੈ ਕਿ ਮਹਾਰਾਜਾ

ਦਲੀਪ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਜਾਇਜ਼ ਪੁਤ੍ਰ ਨਹੀਂ ਸੀ ਤੇ ਜਿੰਦਾਂ ਮਹਾਰਾਜੇ ਦੀ ਵਿਆਹਤਾ ਇਸਤ੍ਰੀ ਨਹੀਂ ਸੀ, ਤਦ ਖਾਨਬਹਾਦਰ ਨੇ ਉੱਚੀ ਦੇਕੇ ਕਿਹਾ– 'ਅਸਤਗ਼ਫਰ-ਅੱਲਾ, ਇਤਨਾ ਝੂਠ। ਇਸ ਤੋਂ ਵਧ ਹੋਰ ਭੀ ਕੋਈ ਤੁਹਮਤ ਹੋ ਸਕਦੀ ਹੈ ? ਮੈਂ ਮਹਾਰਾਜੇ ਦੀ ਸ਼ਾਦੀ ਵਿਚ ਆਪ ਸ਼ਾਮਲ ਸੀ, ਮਹਾਰਾਣੀ ਜਿੰਦਾਂ ਇਕ ਉੱਚੇ ਪਤਵੰਤੇ ਜ਼ਿਮੀਦਾਰ ਦੀ ਲੜਕੀ ਸੀ ਤੇ ਮਹਾਰਾਜੇ ਦੀ ਬਾਕਾਇਦਾ ਵਿਆਹਤਾ ਇਸਤ੍ਰੀ ਸੀ। ਮੇਰਾ ਪਿਤਾ ਸ਼ਹਿਜ਼ਾਦਾ ਦਲੀਪ ਸਿੰਘ ਦੇ ਜਨਮ ਸਮੇਂ ਮੌਜੂਦ ਸੀ ਤੇ ਉਸ ਵੇਲੇ ਮੈਂ ਆਪਣੇ ਬਾਪ ਦੇ ਨਾਲ ਸੀ। ਜ਼ਰੂਰ ਕਿਸੇ ਸ਼ਰਾਰਤੀ ਗੱਪੀ ਨੇ ਸਾਹਿਬ ਨੂੰ ਇਹ ਨਿਰੋਲ ਝੂਠ ਦਸਿਆ ਹੈ।' ਇਹ ਫਕੀਰ ਉਸ ਵੇਲੇ ੧੮ ਸਾਲ ਦੀ ਉਮਰ ਦਾ ਸੀ।"

ਇਨ੍ਹਾਂ ਫਜ਼ੂਲ ਗੱਪਾਂ ਦੀ ਅਸਲੀਅਤ ਦੇ ਵੇਰਵੇ ਨੂੰ ਲਭਣ ਦੀ ਲੋੜ ਨਹੀਂ। ਇਸ ਵੇਲੇ ਇਤਨਾ ਕਹਿਣਾ ਕਾਫੀ ਹੈ ਕਿ ਅਜਿਹੀਆਂ ਸਭ ਗੱਲਾਂ ਡੋਗਰੇ ਭਾਈਆਂ ਦੀ ਟਕਸਾਲ ਵਿਚ ਘੜੀਆਂ ਤੇ ਬਣਾਈਆਂ ਗਈਆਂ। ਉਹਨਾਂ ਨੇ ੧੮੩੫-੪੩ ਦੇ ਸਾਲਾਂ ਵਿਚ ਸਿਖ ਰਾਜ ਨੂੰ ਤਬਾਹ ਕਰਨ ਲਈ ਸਾਜ਼ਸ਼ ਕਰਨੀ ਸ਼ੁਰੂ ਕਰ ਦਿਤੀ ਸੀ, ਕਿਉਂਕਿ ਉਹ ਆਪਣੇ ਘਰਾਣੇ ਦੇ ਇਕ ਨੌਜਵਾਨ ਨੂੰ ਤਖਤ ਪਰ ਬਿਠਾਉਣ ਦੀਆਂ ਗੋਂਦਾਂ ਗੁੰਦ ਰਹੇ ਸਨ ਤੇ ਈਸਟ ਇੰਡੀਆ ਕੰਪਨੀ ਨਾਲ ਅਲਾਕਿਆਂ ਦੀਆਂ ਵੰਡੀਆਂ ਪਾਉਣਾ ਚਾਹੁੰਦੇ ਸਨ। ਕੰਪਨੀ ਭੀ ਉਸ ਵੇਲੇ ਪੰਜਾਬ ਪਰ ਆਪਣੀ ਅੱਖ ਰਖਦੀ ਸੀ, ਤਾਕਿ ਆਪਣੀ ਹਦ ਨੂੰ ਹਿੰਦੁਸਤਾਨ ਦੀ ਉਤਰ ਪੱਛਮੀ ਕੁਦਰਤੀ ਸਰਹਦ ਤਕ ਵਧਾ ਕੇ ਮਜ਼ਬੂਤ ਕਰ ਸਕੇ। ਸੋ ਕੰਪਨੀ ਭੀ ਜੇ ਵਧੇਰੇ ਨਹੀਂ ਤਾਂ ਡੋਗਰਿਆਂ ਦੇ ਬਰਾਬਰ ਹੀ ਆਪਣੇ ਇਰਾਦਿਆਂ ਨੂੰ ਪੂਰਾ ਕਰਨ ਲਈ ਸਿਖਾਂ ਵਿਰੁਧ ਪ੍ਰਾਪੇਗੰਡਾ ਕਰਨ ਵਿਚ ਦਿਲਚਸਪੀ ਰਖਦੀ ਸੀ। ਸੋ ਉਨ੍ਹਾਂ ਦੇ ਲਿਖਾਰੀਆਂ ਨੇ ਉਡ ਰਹੀਆਂ ਗੱਪਾਂ ਦਾ ਫਾਇਦਾ ਉਠਾ ਕੇ ਆਪਣੀਆਂ ਲਿਖਤਾਂ ਰਾਹੀਂ ਉਨ੍ਹਾਂ ਦਾ ਵਧੇਰੇ ਪ੍ਰਚਾਰ ਕੀਤਾ।

ਸਭ ਤੋਂ ਭੈੜੀਆਂ ਗੱਲਾਂ ਜੋ ਇਸ ਲੇਖ ਵਿਚ ਹਨ, ਉਹ ਮਿ: ਮਾਰਗਨ ਦੇ ਇਹ ਬਿਆਨ ਹਨ ਕਿ "ਉਸਦੀਆਂ ਔਰਤਾਂ ਦੀ ਖੁਲ੍ਹੀ ਬਦਚਲਣੀ ਉਹਨਾਂ ਦੇ ਪਤੀ ਲਈ ਹਾਸ ਬਿਲਾਸ ਵਾਲਾ ਪੁਸ਼ੀਦਾ ਜ਼ਿਰੀਆ ਸੀ" ਤੇ "ਉਹ (ਮਹਾਰਾਣੀ ਜਿੰਦਾਂ) ਭੀ ਹਰਮ (ਮਹਿਲਾਂ) ਤੋਂ ਬਾਹਰ ਦਿਲ ਪਰਚਾਵਾ ਕਰਦੀ ਸੀ" ਸਚਮੁਚੇ ਇਹ ਬੜਾ ਦੁਖਦਾਈ ਹੈ ਕਿ ਮਿਸਟਰ ਮੌਰਗਨ ਨੇ ਸਿਖ ਕੌਮ ਦੇ ਜਜ਼ਬਾਤ ਨੂੰ ਇਸ ਤਰ੍ਹਾਂ ਖੇਦ ਪੁਚਾਇਆ ਹੈ, ਜੇਹੜੀ ਕਿ ਮਹਾਰਾਜੇ ਨੂੰ ਪੰਜਾਬ ਦਾ ਕੌਮੀ ਜੋਧਾ ਸਮਝਦੀ ਹੈ। ਮਿ: ਮੌਰਗਨ ਨੂੰ ਸ਼ਾਇਦ ਪਤਾ ਨਹੀਂ ਕਿ ਸਿਖ ਲੋਕ ਸਾਰੇ ਤੇ ਉਹਨਾਂ ਵਿਚੋਂ ਜੱਟ ਖਾਸ ਤੌਰ ਪਰ ਆਪਣੀਆਂ ਔਰਤਾਂ ਦੇ ਆਚਰਨ ਸਬੰਧੀ ਹਦ ਦਰਜੇ ਦੇ ਜਜ਼ਬਾਤੀ ਤੇ ਅਣਖ ਵਾਲੇ ਹੁੰਦੇ ਹਨ ਤੇ ਅਜ ਤੋਂ ਸੌ ਬਰਸ ਪਹਿਲਾਂ ਉਹ ਇਸ ਤੋਂ ਭੀ ਵੱਧ ਸਨ। ਸਿਖ ਬਾਦਸ਼ਾਹ ਦੇ ਮਾਮਲੇ ਨੂੰ ਤਾਂ ਭਲਾ ਲਾਂਭੇ ਰਹਿਣ ਦਿਓ ਜਿਸ ਦੀ ਕਿ ਜ਼ਬਾਨ ਤੋਂ ਨਿਕਲਿਆ ਹੋਇਆ ਅੱਖਰ ਹੀ ਕਾਨੂੰਨ ਸੀ ਤੇ ਜੋ ਕਿਸੇ ਅਗੇ ਜਵਾਬ ਦਿਹ ਨਹੀਂ ਸੀ। ਇਕ ਮਮੂਲੀ ਹਲਵਾਹ ਜੱਟ ਅੰਗ੍ਰੇਜ਼ੀ ਕਾਨੂੰਨ ਦਾ ਬੱਧਾ ਹੋਇਆ ਅਜ ਕਲ ਭੀ ਏਹ ਸਹਾਰ ਨਹੀਂ ਸਕਦਾ ਕਿ ਇਕ ਲੜਕੀ ਖੁਲ੍ਹੇ ਤੌਰ ਪਰ ਕਿਸੇ ਸ਼ੱਕੀ ਚਾਲ ਚੱਲਣ ਦੇ ਆਦਮੀ ਨਾਲ ਖੁਲ੍ਹੀ ਗਲਬਾਤ ਕਰੇ। ਕਈ ਵਾਰ ਐਸਾ ਹੁੰਦਾ ਹੈ ਕਿ ਕੇਵਲ ਸ਼ੱਕ ਹੋ ਜਾਣ ਪਰ ਹੀ ਖਾਨਦਾਨ ਦੀ ਇਜ਼ਤ ਤੇ ਅਣਖ ਨੂੰ ਬਚਾਉਣ ਲਈ ਖ਼ੂਨ ਹੋ ਜਾਂਦੇ ਹਨ। ਇਸ ਲਈ ਏਹ ਗੱਲ ਕਿਆਸ ਤੋਂ ਭੀ ਬਾਹਰ ਹੈ ਕਿ ਮਹਾਰਾਜਾ ਜੋ ਇਕ ਆਦਰਸ਼ਕ ਸਿਖ ਇਖਲਾਕ ਵਾਲਾ ਕੱਟੜ ਜੱਟ ਸੀ, ਆਪਣੀਆਂ ਇਸਤਰੀਆਂ ਦੇ ਆਚਾਰ ਦੀ ਢਿੱਲਿਆਈ ਨੂੰ ਸਹਾਰ ਸਕਦਾ।

ਏਹ ਗੱਲ ਗ਼ਲਤ ਹੈ ਕਿ ਮਹਾਰਾਣੀ ਨੇ ਲਾਲ ਸਿੰਘ ਨੂੰ ਇਸ ਲਈ ਵਜ਼ੀਰ ਆਜ਼ਮ ਬਣਾਇਆ ਕਿ ਮਹਾਰਾਣੀ ਦਾ ਉਸ ਨਾਲ ਪ੍ਰੇਮ ਸੀ। ਲਾਲ ਸਿੰਘ ਮਹਾਰਾਣੀ ਦੇ ਭਰਾ ਜਵਾਹਰ ਸਿੰਘ ਦਾ ਦੋਸਤ

ਤੇ ਕੁੱਲ-ਤਾਕਤਦਾਰ ਫੌਜ ਵਿਚ ਇਕ ਵੱਡਾ ਅਫਸਰ ਸੀ। ਸੋ ਕੁਦਰਤੀ ਤੌਰ ਪਰ ਮਹਾਰਾਣੀ ਆਪਣੇ ਭਾਈ ਦੀ ਮੌਤ ਤੋਂ ਪਿੱਛੋਂ ਮੁਲਕ ਦੀ ਰਾਜਮਾਤਾ ਹੋਣ ਦੀ ਹੈਸੀਅਤ ਵਿਚ ਉਸ ਪਾਸੋਂ ਰਾਜਸੀ ਸਹਾਇਤਾ ਲੈਂਦੀ ਸੀ ਤੇ ਰਾਜ-ਕਾਜ ਦੇ ਮਾਮਲਿਆਂ ਵਿਚ ਉਸ ਨਾਲ ਸਲਾਹ ਮਸ਼ਵਰਾ ਕਰਦੀ ਸੀ। ਪਰ ਲਾਲ ਸਿੰਘ ਦੀ ਤਰੱਕੀ ਮਹਾਰਾਣੀ ਦੀ ਕੋਈ ਮਿਹਰਬਾਨੀ ਯਾ ਬਖ਼ਸ਼ਿਸ਼ ਦਾ ਨਤੀਜਾ ਨਹੀਂ ਸੀ, ਇਹ ਤਰੱਕੀ ਪਰ-ਚੀਆਂ ਪਾ ਕੇ ਕੀਤੀ ਗਈ ਸੀ। ਵਜ਼ੀਰ ਆਜ਼ਮ ਦੇ ਅਹੁਦੇ ਲਈ ਤਿੰਨ ਉਮੈਦਵਾਰ ਸਨ—ਗੁਲਾਬ ਸਿੰਘ, ਤੇਜ ਸਿੰਘ ਤੇ ਲਾਲ ਸਿੰਘ। ਸੋ ਪੰਜ ਪਰਚੀਆਂ ਤਿਆਰ ਕੀਤੀਆਂ ਗਈਆਂ, ਜਿਨ੍ਹਾਂ ਵਿਚੋਂ ਦੋ ਖਾਲੀ ਰੱਖੀਆਂ ਗਈਆਂ, ਬਾਕੀ ਤਿਹਾਂ ਪਰ ਤਿੰਨਾਂ ਉਮੈਦਵਾਰਾਂ ਦੇ ਨਾਮ ਲਿਖੇ ਗਏ। ਪਰਚੀਆਂ ਮਹਾਰਾਜਾ ਦਲੀਪ ਸਿੰਘ ਨੇ ਕੱਢੀਆਂ। ਲਾਲ ਸਿੰਘ ਦੀ ਪਰਚੀ ਨਿਕਲ ਆਈ ਤੇ ਉਹ ਵਜ਼ੀਰ ਆਜ਼ਮ ਬਣਿਆ (ਹਿਸਟਰੀ ਆਫ ਦੀ ਪੰਜਾਬ, ੧੮੪੬)। ਇਹ ਨਿਰਾਸ ਹੋਏ ਉਮੈਦਵਾਰਾਂ ਤੇ ਉਹਨਾਂ ਦੇ ਹਮਾਇਤੀਆਂ ਦੀ ਈਰਖਾ ਹੈ ਜੋ ਕਿ ਮਹਾਰਾਣੀ ਵਿਰੁਧ ਇਸ ਤਰ੍ਹਾਂ ਦੇ ਗੰਦੇ ਅਲਜ਼ਾਮ ਲਾਉਣ ਦੀ ਜ਼ਿਮਾਵਾਰ ਹੈ।

ਹੁਣ ਇਹ ਇਕ ਖੁਲ੍ਹ ਚੁੱਕਾ ਹੋਇਆ ਭੇਤ ਹੈ ਕਿ ਸਿਖਾਂ ਤੇ ਅੰਗ੍ਰੇਜ਼ਾਂ ਵਿਚਕਾਰ ਜੋ ਜੰਗ ਸਤਲੁਜ ਦੇ ਦੱਖਣ ਨੂੰ ਹੋਇਆ, ਇਹ ਮਹਾਰਾਣੀ ਜਿੰਦਾਂ ਦੀ ਹੋਰ ਮੁਲਕ ਜਿੱਤਣ ਦੀ ਇੱਛਾ ਕਰਕੇ ਨਹੀਂ ਸੀ ਹੋਇਆ, ਸਗੋਂ ਈਸਟ ਇੰਡੀਆ ਕੰਪਨੀ ਦੇ ਏਜੰਟਾਂ ਦੀਆਂ ਪਹਿਲਾਂ ਹੀ ਸੋਚੀਆਂ ਹੋਈਆਂ ਵਿਉਂਤਾਂ ਨੇ ਲਿਆਂਦਾ ਸੀ। ਲਾਰਡ ਵੈਲਿੰਗਟਨ ਨੇ ਸਿਖਾਂ ਦੀ ਪਹਿਲੀ ਲੜਾਈ ਤੋਂ ਚਾਰ ਸਾਲ ਪਹਿਲਾਂ ਲਾਰਡ ਫਿਟਜ਼-ਜੈਰਲਡ ਦੇ ਨਾਮ ਲਿਖੀ ਆਪਣੀ ਚਿਠੀ ਤ੍ਰੀਕ ੬ ਅਪ੍ਰੈਲ ੧੮੪੨ ਵਿਚ ਸਾਫ ਤੌਰ ਪਰ ਦਸਿਆ ਹੈ, "ਪਰ ਮੈਂ ਇਹ ਜ਼ਰੂਰ ਕਹਿੰਦਾ ਹਾਂ ਕਿ ਜੇ ਅਸੀਂ ਆਪਣੀ ਪੋਜ਼ੀਸ਼ਨ ਨੂੰ ਅਫ਼ਗਾਨਿਸਤਾਨ ਵਿਚ ਕਾਇਮ ਰਖਣਾ ਹੈ, ਤਾਂ ਸਾਨੂੰ ਪਿਸ਼ਾਵਰ, ਦੱਰਾ ਖ਼ੈਬਰ ਤੇ ਜਲਾਲਾਬਾਦ ਜ਼ਰੂਰ ਲੈ ਲੈਣੇ ਚਾਹੀਏ......" ਪਰ ਸਿਖ

ਗੌਰਮੈਂਟ ਦੇ ਅਲਾਕਿਆਂ ਪਰ ਕੋਈ ਮਨਸੂਬੇ ਬੰਨ੍ਹੇ ਬਿਨਾਂ ਪਿਸ਼ਾਵਰ ਕਿਵੇਂ ਲਿਆ ਜਾ ਸਕਦਾ ਸੀ ? ੧੯੪੧ ਦੇ ਸ਼ੁਰੂ ਵਿਚ ਐਲਨਬਰੋ ਨੇ ਲਫਟੈਂਣ ਡਿਊਰੈਂਡ ਨੂੰ ਫੌਜੀ ਨੁਕਤਾ-ਨਿਗਾਹ ਨਾਲ ਪੰਜਾਬ ਦੀ ਇਕ ਯਾਦਾਸ਼ਤ ਤਿਆਰ ਕਰਨ ਲਈ ਕਿਹਾ ਸੀ ਤੇ ਉਸ ਨੇ ਆਪਣੀ ੨੬ ਅਕਤੂਬਰ ੧੯੪੧ ਦੀ ਚਿਠੀ ਵਿਚ ਵੈਲਿੰਗਟਨ ਨੂੰ ਲਿਖਿਆ, "ਜੋ ਕੁਝ ਮੈਂ ਤੁਹਾਡੇ ਪਾਸੋਂ ਚਾਹਿਆ ਸੀ ਓਹ ਪੰਜਾਬ ਪਰ ਹਮਲਾ ਕਰਨ ਲਈ ਸਭ ਤੋਂ ਵਧੀਆ ਤ੍ਰੀਕੇ ਬਾਰੇ ਤੁਹਾਡੀ ਰਾਏ ਹੈ।"

ਲਾਰਡ ਐਲਨਬਰੋ ਨੂੰ ਲੜਾਈ ਹੋਣ ਤੋਂ ੨੦ ਮਹੀਨੇ ਪਹਿਲਾਂ ਹੀ ਆਉਣ ਵਾਲੀ ਲੜਾਈ ਦੀ ਠੀਕ ਅਸਲੀ ਤਰੀਕ ਦਾ ਪਤਾ ਸੀ। ੨੦ ਅਪ੍ਰੈਲ ੧੯੪੪ ਈ: ਨੂੰ ਚਿਠੀ ਲਿਖਦੇ ਹੋਏ ਐਲਨਬਰੋ ਨੇ ਵੈਲਿੰਗਟਨ ਨੂੰ ਦਸਿਆ, "ਮੈਨੂੰ ਪੱਕੀ ਉਮੈਦ ਹੈ ਕਿ ਨਵੰਬਰ ੧੯੪੫ ਤਕ ਸਾਨੂੰ ਕਿਸੇ ਹਮਲੇ ਦੀ ਰੋਕ ਨਹੀਂ ਕਰਨੀ ਪਵੇਗੀ ਤੇ ਸਾਨੂੰ ਸਤਲੁਜ ਪਾਰ ਲੰਘਣ ਲਈ ਮਜਬੂਰ ਨਹੀਂ ਹੋਣਾ ਪਵੇਗਾ। ਉਸ ਵੇਲੇ ਤਕ ਮੈਂ ਹਰ ਤਰ੍ਹਾਂ ਤਿਆਰ ਹੋਵਾਂਗਾ। ਇਸ ਸਮੇਂ ਵਿਚ ਅਸੀਂ ਆਪਣੇ ਆਪਨੂੰ ਮਜ਼ਬੂਤ ਕਰਨ ਲਈ ਚੁਪ ਚੁਪੀਤੇ ਸਭ ਕੁਝ ਕਰ ਲਵਾਂਗੇ......ਵਡੀ ਕਮਾਨ ਲਈ ਸਾਡੇ ਪਾਸ ਅਫਸਰ ਬੜੇ ਹੀ ਘਟ ਹਨ। ਸਾਰੀ ਫ਼ੌਜ ਨੂੰ ਬਹੁਤ ਕੁਝ ਸਿਖਾਉਣ ਦੀ ਲੋੜ ਹੈ, ਤੇ ਮੈਨੂੰ ਤਸੱਲੀ ਹੈ ਕਿ ੧੯ ਮਹੀਨੇ ਜੋ ਮੈਂ ਮੰਗ ਰਿਹਾ ਹਾਂ, ਫੌਜ ਨੂੰ ਜੈਸੀ ਉਹ ਚਾਹੀਦੀ ਹੈ, ਵੈਸੀ ਬਣਾਉਣ ਲਈ ਕੋਈ ਬਹੁਤੇ ਨਹੀਂ।" ੧੯ ਮਹੀਨੇ ਪਿਛੋਂ ਜੋ ਲੜਾਈ ਸਿਖਾਂ ਨਾਲ ਲੜੀ ਜਾਣੀ ਸੀ, ਉਸ ਦੀ ਜ਼ਬਰਦਸਤ ਤਿਆਰੀ ਕਰਦਾ ਹੋਇਆ ਐਲਨਬਰੋ ਆਪਣੀ ੯ ਮਈ ੧੯੪੪ ਦੀ ਚਿੱਠੀ ਵਿਚ ਲਿਖਦਾ ਹੈ, "ਨਵੰਬਰ ੧੯੪੫ ਵਿਚ ਫੌਜ ਹਰ ਮੁਹਿੰਮ ਲਈ ਤਿਆਰ ਹੋ ਜਾਵੇਗੀ..."

ਪਹਿਲਾਂ ਬੱਧੇ ਮਨਸੂਬੇ ਵਾਲੇ ਜੰਗ ਸਬੰਧੀ ਜੋ ਢੰਗ ਤੇ ਤਰੀਕੇ ਐਲਨਬਰੋ ਵਰਤ ਰਿਹਾ ਸੀ ਉਹਨਾਂ ਉੱਤੇ ਉਸ ਨੂੰ ਇਤਨਾ ਭਰੋਸਾ ਸੀ ਕਿ ਉਸਨੇ ਲੜਾਈ ਤੋਂ ੨੨ ਮਹੀਨੇ ਪਹਿਲਾਂ ੧੫ ਫਰਵਰੀ ੧੯੪੪

ਨੂੰ ਲਿਖਿਆ ਸੀ—"ਨਿਸਚਾ ਰਖੋ ਕਿ ਮੈਂ ਐਸੀ ਲੜਾਈ ਵਿਚ ਕਾਹਲੀ ਨਾਲ ਯਾ ਬਿਨਾਂ ਲੋੜ ਤੋਂ ਨਹੀਂ ਪਵਾਂਗਾ ਤੇ ਜੇ ਮੈਨੂੰ ਲੜਾਈ ਕਰਨੀ ਹੀ ਪਈ ਤਦ ਜਿਥੋਂ ਤਕ ਮੇਰਾ ਵਸ ਲਗੇਗਾ, ਮੈਂ ਪਹਿਲਾਂ ਹੀ ਕਿਸੀ ਹੱਦ ਤਕ ਕਾਮਯਾਬੀ ਹਾਸਲ ਕਰਨ ਲਈ, ਸਭ ਕੁਝ ਕਰ ਲਵਾਂਗਾ।"

ਜੰਗ ਕਿਸ ਨੇ ਭੜਕਾਇਆ ? ਇਸ ਸਬੰਧ ਵਿਚ ਮੈਂ ਸਿਖ ਸਰਹਦ ਪਰ ਦੇ ਇਕ ਅੰਗ੍ਰੇਜ਼ ਪੋਲੀਟੀਕਲ ਏਜੰਟ ਮੇਜਰ ਸੀ, ਕਾਰਮਾਈਕਲ ਸਮਿਥ ਦਾ ਹਵਾਲਾ ਦਿੰਦਾ ਹਾਂ, ਜਿਸਨੇ ੧੮੪੭ ਈ: ਵਿਚ ਲਿਖਿਆ—"ਪੰਜਾਬ ਦੇ ਜੰਗ ਸਬੰਧੀ ਨਾ ਤਾਂ ਮੇਰੀ ਇਹ ਰਾਏ ਹੈ ਕਿ ਸਿਖਾਂ ਨੇ ਬਿਨਾਂ ਭੜਕਾਹਟ ਤੋਂ ਹਮਲਾ ਕੀਤਾ ਤੇ ਨਾ ਹੀ ਇਹ ਕਿ ਅਸੀਂ ਉਹਨਾਂ ਨਾਲ ਕੋਈ ਸਹਿਨਸੀਲਤਾ ਵਾਲਾ ਵਰਤਾਉ ਕੀਤਾ...ਜੇ ਅਸੀਂ ਸਿਖਾਂ ਨੂੰ ਬਿਲਕੁਲ ਆਜ਼ਾਦ ਰਿਆਸਤ ਖਿਆਲ ਕਰਦੇ, ਜੋ ਕਿਸੇ ਤਰ੍ਹਾਂ ਭੀ ਸਾਡੇ ਅਗੇ ਜਵਾਬ ਦਿਹ ਨਹੀਂ ਸਨ ਤਾਂ ਸਾਨੂੰ ਉਹਨਾਂ ਨੂੰ ਭੜਕਾਉਣਾ ਨਹੀਂ ਸੀ ਚਾਹੀਦਾ। ਤੇ ਮੈਂ ਪੁਛਦਾ ਹਾਂ ਕਿ ਕੀ ਪਹਿਲਾਂ ਅਸੀਂ ਦੋਸਤੀ ਦੇ ਨਿਯਮਾਂ ਤੋਂ ਨਹੀਂ ਫਿਰੇ ?...ਤਾਂ ਸਿਧਾ ਸਵਾਲ ਹੈ ਕਿ ਦੋਸਤੀ ਦੇ ਨਿਯਮਾਂ ਤੋਂ ਪਹਿਲਾਂ ਕੌਣ ਫਿਰਿਆ ? ਮੇਰੀ ਫੈਸਲਾ-ਸ਼ੁਦਾ ਰਾਏ ਹੈ ਕਿ ਅਸੀਂ ਫਿਰੇ..." (ਰੇਨਿੰਗ ਫੈਮਿਲੀ ਆਫ ਲਾਹੌਰ, ੨੧-੨੩)

ਫੇਰ ਰੌਬਰਟ ਐਨ. ਕਸਟ ਸਾਨੂੰ ਫੀਰੋਜ਼ਪੁਰ ਦੇ ਅੰਗ੍ਰੇਜ਼ੀ ਏਜੰਟ ਬਰੌਡਫੁਟ ਵਲੋਂ ਸਿਖ ਦਰਬਾਰ ਦੇ ਅਦਾਲਤੀ ਭਾਈ ਬਿਸ਼ਨ ਸਿੰਘ ਪਰ ਬਿਨਾਂ ਕਿਸੇ ਭੜਕਾਹਟ ਦੇ ੧੮੪੫ ਦੇ ਈਸਟਰ ਵਾਲੇ ਦਿਨ ਕੀਤੇ ਗਏ ਹਮਲੇ ਬਾਰੇ—ਜਦ ਕਿ ਸਿਖਾਂ ਦਾ ਇਕ ਆਦਮੀ ਮਾਰਿਆ ਗਿਆ ਸੀ—ਦਸਦਾ ਹੈ—"ਸਿਖਾਂ ਦੀ ਲੜਾਈ ਦੀ ਇਹ ਪਹਿਲੀ ਗੋਲੀ ਸੀ।" ਬਰੌਡਫੁਟ ਦਾ ਆਪਣਾ ਪੋਲੀਟੀਕਲ ਐਸਿਸਟੈਂਟ ਰੌਬਰਟ ਕਸਟ ਬਰੌਡਫੁਟ ਏਜੰਟ ਬਾਰੇ ਇਹ ਦਸਦਾ ਹੈ ਕਿ "ਜੇਹੜਾ ਜੰਗ ਸ਼ੁਰੂ ਹੋ ਰਿਹਾ ਹੈ, ਇਸਨੂੰ ਸਭ ਤੋਂ

ਜ਼ਿਆਦਾ ਛੇੜਨ ਵਾਲਾ ਬਰੌਡਫੁਟ ਸੀ ਤੇ ਬਹੁਤ ਸਾਰੇ ਇਸ ਲੜਾਈ ਦਾ ਕਾਰਨ ਹੀ ਇਸ ਨੂੰ ਸਮਝਦੇ ਹਨ। (ਲਿੰਗੁਇਸਟਕ ਐਂਡ ਓਰੀਐਂਟਲ ਐਸੇਜ਼)।

ਬੇਸ਼ਕ ਸਿਖ ਸਤਲੁਜ ਦਰਿਆ ਤੋਂ ਪਾਰ ਲੰਘੇ, ਪਰ ਅੰਗ੍ਰੇਜ਼ ਪੋਲੀਟੀਕਲ ਏਜੰਟ ਮੇਜਰ ਕਾਰਮਾਈਕਲ ਸਮਿਥ ਦਾ ਕਥਨ ਹੈ, "ਉਹ ਸਾਡੇ ਅਲਾਕੇ ਵਿਚ ਆਣਕੇ ਨਹੀਂ ਸੀ ਉਤਰੇ, ਉਹਨਾਂ ਦਾ ਡੇਰਾ ਉਹਨਾਂ ਦੇ ਆਪਣੇ ਅਲਾਕੇ ਵਿਚ ਹੀ ਸੀ"। ਇਸ ਤਰ੍ਹਾਂ ਇਹ ਨਹੀਂ ਕਿਹਾ ਜਾ ਸਕਦਾ ਕਿ ਸਿਖਾਂ ਨੇ ਅੰਗ੍ਰੇਜ਼ੀ ਅਲਾਕੇ ਪਰ ਹਮਲਾ ਕੀਤਾ। ਉਹ ਆਪਣੇ ਬਚਾਉ ਵਿਚ ਸਨ ਤੇ ਉਹ 'ਆਪਣੇ ਅਲਾਕੇ' ਵਿਚ ਸਨ ਜਦੋਂ ਕਿ ਅੰਗ੍ਰੇਜ਼ੀ ਫੌਜਾਂ ਨੇ ਉਹਨਾਂ ਪਰ ਹੱਲਾ ਬੋਲਿਆ।

ਪਰ ਸਿਖਾਂ ਦੀ ਮੁਲਾਜ਼ਮਤ ਵਿਚ ਜੋ ਰੁਪੱਈਆ ਕਮਾਉਣ ਲਈ ਆਇਆ ਹੋਇਆ ਪੂਰਬੀਆ ਸਿਪਾਹੀ ਤੇਜ ਸਿੰਘ ਸੀ ਤੇ ਜਿਹੜਾ ਈਸਟ ਇੰਡੀਆਂ ਕੰਪਨੀ ਨਾਲ ਮਿਲਿਆ ਹੋਇਆ ਸੀ, ਉਸ ਦੀ ਗੱਦਾਰੀ ਕਰ ਕੇ ਖੇਲ ਅੰਗ੍ਰੇਜ਼ਾਂ ਦੇ ਹੱਕ ਵਿਚ ਪਲਟ ਗਿਆ, ਜਦ ਕਿ ਂਗ੍ਰੇਜ਼ ਆਪਣੇ ਆਪ ਨੂੰ ਬਿਨਾਂ ਸ਼ਰਤ ਸਿਖਾਂ ਦੇ ਹਵਾਲੇ ਕਰਨ ਦੀ ਵਿਉਂਤਿ ਸੋਚ ਰਹੇ ਸਨ, ਜੈਸਾ ਕਿ ੨੨ ਦਸੰਬਰ ੧੮੪੫ ਦੀ ਲਿਖਤ ਦੁਆਰਾ ਕਸਟ ਸਾਨੂੰ ਇਉਂ ਦਸਦਾ ਹੈ:–

"੨੨ ਦਸੰਬਰ–ਗਵਰਨਰ ਜਨਰਲ ਵਲੋਂ ਖ਼ਬਰ ਆਈ ਕਿ ਸਾਡਾ ਕੱਲ ਦਾ ਹਮਲਾ ਫੇਲ੍ਹ ਹੋ ਗਿਆ ਹੈ। ਹਾਲਾਤ ਨਾਜ਼ਕ ਹਨ, ਤੇ ਸਾਰੇ ਸਰਕਾਰੀ ਕਾਗਜ਼ਾਤ ਨਸ਼ਟ ਕਰ ਦੇਣੇ ਹਨ। ਜੇ ਸਵੇਰ ਦਾ ਹਮਲਾ ਫੇਲ੍ਹ ਹੋ ਗਿਆ ਤਾਂ ਸਭ ਖੇਲ ਖਤਮ ਹੋ ਜਾਏਗਾ। ਏਹ ਗਲ ਮਿ: ਕਰੀ ਨੇ ਗੁਪਤ ਰੱਖੀ ਤੇ ਅਸੀਂ ਜਖਮੀਆਂ ਨੂੰ ਬਚਾਉਣ ਲਈ ਤੇ ਬਿਨਾਂ-ਸ਼ਰਤ ਆਪਣੇ ਆਪ ਨੂੰ ਸਿਖਾਂ ਦੇ ਹਵਾਲੇ ਕਰਨ ਦੇ ਸਾਧਨ ਸੋਚ ਰਹੇ ਸੀ। ਖ਼ਬਰ ਦੇ ਏਸ

ਹਿਸੇ ਤੋਂ ਮੈਨੂੰ ਬਹੁਤ ਹੀ ਦੁਖ ਪਹੁੰਚਿਆ। (ਲਿੰਗੁਇਸਟਿਕ ਐਂਡ ਔਰੀਐਂਟਲ ਐਸੇਜ਼)

ਮਿ: ਮੋਰਗਨ ਨੇ ਜੋ 'ਨਵੇਂ ਮਹਾਰਾਜਾ (?) ਤੇਜ ਸਿੰਘ ਦੀ' ਹੱਤਕ ਬਾਰੇ ਜ਼ਿਕਰ ਕੀਤਾ ਹੈ, ਉਸ ਸਬੰਧੀ ਏਹ ਗੱਲ ਹੈ ਕਿ ਮਹਾਰਾਣੀ ਜਿੰਦਾਂ ਨੂੰ ਪਤਾ ਸੀ ਕਿ ਪਿਛਲੇ ਜੰਗ ਵਿਚ ਲਾਹੌਰ ਰਾਜ ਨਾਲ ਕੀਤੀ ਗੱਦਾਰੀ ਤੇ ਅੰਗਰੇਜ਼ਾਂ ਦੀ ਸੇਵਾ ਦੇ ਬਦਲੇ ਤੇਜ ਸਿੰਘ ਨੂੰ ਅੰਗ੍ਰੇਜ਼ੀ ਰੈਜ਼ੀਡੈਂਟ ਵਲੋਂ ਰਾਜਾ ਬਣਾਇਆ ਜਾ ਰਿਹਾ ਹੈ। ਸੋ ਉਹ ਕਤੱਈ ਤੌਰ ਪਰ ਐਸੇ ਆਦਮੀ ਨੂੰ ਆਪਣੇ ਪੁਤ੍ਰ ਮਹਾਰਾਜਾ ਦਲੀਪ ਸਿੰਘ ਦੇ ਹਥੋਂ ਰਾਜਗੀ ਦਾ ਤਿਲਕ ਦਿਵਾਉਣ ਦੀ ਆਗਿਆ ਨਹੀਂ ਸੀ ਦੇ ਸਕਦੀ ਜਿਸ ਨੇ ਮਹਾਰਾਜਾ ਦਲੀਪ ਸਿੰਘ ਦੇ ਕਾਜ਼ (ਕੰਮ) ਨੂੰ ਇਸ ਤਰ੍ਹਾਂ ਕਾਇਰਤਾ ਨਾਲ ਪਿੱਠ ਦਿੱਤੀ ਸੀ। ਅਫਸੋਸ ਹੈ ਕਿ ਮਾਰਗਨ ਨੇ ਆਪਣੇ ਸਾਰੇ ਲੇਖ ਵਿਚ ਹੋਰ ਤਾਂ ਹੋਰ ਮਹਾਰਾਣੀ ਜਿੰਦਾਂ ਦੀ ਜ਼ਿੰਦਗੀ ਦੇ ਖਾਸ ਵਾਕਿਆਤ ਸਬੰਧੀ ਭੀ ਅਣਜਾਣਪੁਣਾ ਜ਼ਾਹਰ ਕੀਤਾ ਹੈ। ਉਸ ਨੂੰ ਇਤਨਾ ਭੀ ਪਤਾ ਨਹੀਂ ਕਿ ਮਹਾਰਾਣੀ ਦੇ ਅੰਤਲੇ ਦਿਨ ਜਲਾਵਤਨੀ ਵਿਚ ਬਨਾਰਸ ਵਿਚ ਪੂਰੇ ਨਹੀਂ ਹੋਏ ਬਲਕਿ ਉਸ ਨੇ ੧੮੬੪ ਵਿਚ ਇੰਗਲੈਂਡ ਵਿਚ ਚਲਾਣਾ ਕੀਤਾ, ਜਿਥੇ ਕਿ ਉਹ ਇਕ ਸਾਲ ਪਹਿਲਾਂ ਆਪਣੇ ਪੁਤਰ ਨਾਲ ਪਹੁੰਚ ਚੁੱਕੀ ਸੀ।

ਰਾਜਸੀ ਪ੍ਰਾਪੇਗੰਡਾ ਕਰਨ ਵਾਲਿਆਂ ਨੇ ਚਾਹੇ ਕੁਝ ਭੀ ਕਿਹਾ ਹੋਵੇ ਪਰ ਹਿਸਟਰੀ ਆਫ਼ ਦੀ ਪੰਜਾਬ, ੧੮੪੬, ਜਿਲਦ ਦੂਜੀ, ਅਨੁਸਾਰ ਉਹ ਬੜੀ ਸਪਿਰਟ ਤੇ ਤਾਕਤ ਨਾਲ ਕੰਮ ਕਰਨ ਦੀ ਅਸਚਰਜ ਲਿਆਕਤ ਰੱਖਦੀ ਸੀ ਤੇ ਉਹ "ਲਿਖਣ ਦੇ ਹੁਨਰ ਵਿਚ ਬੜੀ ਮਾਹਰ ਮਸ਼ਹੂਰ ਸੀ।" ਸੋ ਪਹਿਲੀ ਲੜਾਈ ਦੇ ਤਜਰਬੇ ਦੇ ਪਿਛੋਂ ਈਸਟ ਇੰਡੀਆ ਕੰਪਨੀ ਦੀਆਂ ਵਿਉਂਤਾਂ ਅਨੁਸਾਰ ਮਹਾਰਾਜਾ ਦਲੀਪ ਸਿੰਘ ਤੇ ਪੰਜਾਬ ਦੇ ਲੋਕਾਂ ਨੂੰ ਢਾਲਣ ਤੇ ਮੁਲਕ ਦਾ ਪ੍ਰਬੰਧ ਕਰਨ ਲਈ ਮਹਾਰਾਣੀ ਨੂੰ ਸਹਾਇਕ ਹੁੰਦਾ ਨਾ ਸਮਝਿਆ ਗਿਆ। ਇਸ ਲਈ ਮਹਾਰਾਣੀ ਦੇ ਅਸਰ ਤੋਂ ਮਹਾਰਾਜਾ

ਦਲੀਪ ਸਿੰਘ ਨੂੰ ਦੂਰ ਕਰਨ ਲਈ ਉਸ ਦੇ ਪੁਤ੍ਰ (ਮਹਾਰਾਜਾ ਦਲੀਪ ਸਿੰਘ) ਦੇ ਵਧੇਰੇ ਨੀਤੀਵਾਨ ਸਰਪ੍ਰਸਤਾਂ ਨੇ ਮਹਾਰਾਣੀ ਨੂੰ ਪੰਜਾਬ ਤੋਂ ਜਲਾਵਤਨ ਕਰ ਦਿੱਤਾ।

ਇਸ ਲੇਖ ਵਿਚ ਛੋਟੀਆਂ ੨ ਹੋਰ ਕਈ ਗੱਲਾਂ ਵਿਚਾਰ ਗੋਚਰੀਆਂ ਹਨ, ਜਿਨ੍ਹਾਂ ਨੂੰ ਮੈਂ ਅਜੇ ਛੱਡਦਾ ਹਾਂ ਤੇ ਇਸ ਲੇਖ ਨੂੰ ਮਰਾਰਾਣੀ ਜਿੰਦਾਂ ਬਾਰੇ ਲਿਖੀ ਲਾਰਡ ਡਲਹੌਜ਼ੀ ਦੀ ਇਕ ਚਿਠੀ ਵਿਚੋਂ ਹਵਾਲੇ ਨਾਲ ਖਤਮ ਕਰਦਾ ਹਾਂ ਜਿਸ ਵਿਚ ਲਾਰਡ ਡਲਹੌਜ਼ੀ ਦੇ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿਚ ਸ਼ਾਮਲ ਕਰ ਲੈਣ ਲਈ ਦ੍ਰਿੜ੍ਹ ਇਰਾਦਾ ਕਰ ਲੈਣ ਦੇ ਕਾਰਨ ਉਸਨੇ ੧੮੪੮-੪੯ ਵਿਚ ਮਹਾਰਾਣੀ ਨੂੰ ਜਲਾਵਤਨੀ ਵਿਚੋਂ ਵਾਪਸ ਪੰਜਾਬ ਲਿਔਣ ਤੋਂ ਨਾਂਹ ਕਰ ਦਿਤੀ ਸੀ।

ਪ੍ਰਾਈਵੇਟ ਕੈਂਪ ਫੀਰੋਜ਼ਪੁਰ,
ਜਨਵਰੀ ੩੧, ੧੮੪੯।

ਮੇਰੇ ਪਿਆਰੇ ਮਾਉਂਟੇਨ

... ...

ਰਾਣੀ......ਨੂੰ ਵਾਪਸ ਲਿਆਉਣ ਦੀ ਤਾਂਘ ਵਾਲੇ ਸਿਖਾਂ ਦੇ ਬਹਾਨੇ ਸਭ ਵਿਪ੍ਰੀਤ [preposterous] ਹਨ। ਜੇ ਭਲਾ ਸਿਖ ਵਧੇਰੇ ਇਸ ਗਲ ਵਿਚ ਸਚੇ ਤੇ ਸੰਜੀਦਾ ਹੋਣ ਤਾਂ ਇਹ ਇਸ ਗੱਲ ਲਈ ਹੋਰ ਜ਼ਿਆਦਾ ਮਜ਼ਬੂਤ ਵਜੂਹਾਤ ਹਨ ਕਿ ਉਨ੍ਹਾਂ ਦੀ ਇਹ ਗਲ ਨਾ ਮੰਨੀ ਜਾਏ। ਪੰਜਾਬ ਵਿਚ ਕੇਵਲ ਓਹੋ [ਮਹਾਰਾਣੀ] ਹੀ ਮਰਦਾਂ ਵਾਲੀ ਸਮਝ ਰੱਖਦੀ ਹੈ, ਤੇ ਉਸ ਦਾ ਵਾਪਸ ਲਿਆਉਣਾ ਸਿਰਫ ਇਕ ਉਹ ਚੀਜ਼ ਮੁੜ ਲਿਆ ਖੜੀ ਕਰੇ ਗਾ ਜਿਸ ਦਾ ਕਿ ਮੌਜੂਦਾ ਲਹਿਰ (ਸਿੱਖਾਂ ਦੀ ਦੂਜੀ ਲੜਾਈ) ਨੂੰ ਸਚ ਮੁਚ ਭਿਆਨਕ ਬਨਾਉਣ ਲਈ ਘਾਟਾ ਹੈ, ਅਰਥਾਤ ਇਕ ਨਿਸ਼ਾਨਾ ਤੇ ਇਕ ਦਿਮਾਗ਼।

ਨਿਸਚੇ ਜਾਣੋ ਕਿ ਹੁਣ ਪਿਛੇ ਹਟਣ ਯਾ ਕੁਝ ਵਾਪਸ ਦੇਣ ਯਾ ਅੱਖ ਝਮਕਣ ਦਾ ਵੇਲਾ ਨਹੀਂ ।

ਆਪਦਾ ਅਤੀ ਸ਼ੁਭਚਿੰਤਕ—
ਡਲਹੌਜ਼ੀ

ਸੇਵਾ ਵਿਖੇ
ਬਿਰਗੇਡੀਅਰ ਮਾਊਂਟੇਨ ਸੀ. ਬੀ. ਆਦਿ

ਮਹਾਰਾਜਾ ਦਲੀਪ ਸਿੰਘ ਦੀਆਂ ਦੋ ਚਿਠੀਆਂ

ਇਹ ਦੋ ਚਿਠੀਆਂ ਜਿਨ੍ਹਾਂ ਦੇ ਅਸਲ ਦੇ ਫ਼ੋਟੋ ਬਲਾਕ, ਤੇ ਉਲਥੇ ਅਗੇ ਦਿਤੇ ਜਾ ਰਹੇ ਹਨ, ਅੰਤਮ ਸਿਖ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਦੇ ਦਿਲੀ ਭਾਵਾਂ ਤੇ ਵਲਵਲਿਆਂ ਦੀਆਂ ਮੂੰਹ ਬੋਲਦੀਆਂ ਤਸਵੀਰਾਂ ਹਨ।

ਚੂੰਕਿ ਇਨ੍ਹਾਂ ਸੰਬੰਧੀ ਆਮ ਜਨਤਾ ਨੂੰ ਕਾਫ਼ੀ ਵਾਕਫ਼ੀਅਤ ਨਹੀਂ ਹੈ, ਇਸ ਲਈ ਇਹ ਜ਼ਰੂਰੀ ਜਾਪਿਆ ਹੈ ਕਿ ਉਨ੍ਹਾਂ ਦੇ ਜੀਵਨ ਸੰਬੰਧੀ ਕੁਝ ਕੁ ਮੋਟੀਆਂ ਮੋਟੀਆਂ ਗੱਲਾਂ ਲਿਖ ਦਿਤੀਆਂ ਜਾਣ, ਨਾਲੇ ਉਨ੍ਹਾਂ ਹਾਲਾਤ ਦਾ ਜ਼ਿਕਰ ਕੀਤਾ ਜਾਵੇ ਜਿਨ੍ਹਾਂ ਵਿਚ ਕਿ ਆਪ ਨੇ ਇਹ ਚਿਠੀਆਂ ਲਿਖੀਆਂ।

ਮਹਾਰਾਜਾ ਦਲੀਪ ਸਿੰਘ ਦਾ ਜਨਮ ਲਾਹੌਰ ੨੩ ਭਾਦੋਂ ਸੰਮਤ ੧੮੯੪ ਬਿਕ੍ਰਮੀ, ਮੁਤਾਬਕ ੬-੭ ਸਤੰਬਰ, ਸੰਨ ੧੮੩੭ ਈਸਵੀ, ਨੂੰ ਮਹਾਰਾਜਾ ਰਣਜੀਤ ਸਿੰਘ ਦੇ ਘਰ ਮਾਈ ਜਿੰਦ ਕੌਰ ਦੀ ਕੁਖੋਂ ਹੋਇਆ। ਇਨ੍ਹਾਂ ਦਿਨਾਂ ਵਿਚ ਰੂਸ ਦੇ ਡਰ ਕਰ ਕੇ ਈਸਟ ਇੰਡੀਆ ਕੰਪਨੀ ਨੂੰ ਅਫ਼ਗਾਨਿਸਤਾਨ ਵਿਚ ਆਪਣੀ ਪੋਜ਼ੀਸ਼ਨ ਨੂੰ ਕਾਇਮ ਰਖਣ ਦਾ ਫ਼ਿਕਰ ਲੱਗਾ ਹੋਇਆ ਸੀ। ਆਖਰ ਕੰਪਨੀ ਦੇ ਕਰਮਚਾਰੀਆਂ ਵਲੋਂ ਪੈਦਾ ਕੀਤੀਆਂ ਗਈਆਂ ਉਕਸਾਹਟਾਂ ਤੇ ਭੜਕਾਉ ਦੇ ਕਾਰਨ ਖਾਲਸਾ ਫ਼ੌਜਾਂ ਸਾਹਮਣੇ ਦਿਸ ਰਹੇ ਖ਼ਤਰੇ ਨੂੰ ਰੋਕਣ ਲਈ ਸਤਲੁਜੋਂ ਪਾਰ ਹੋ ਕੇ ਆਪਣੇ ਇਲਾਕੇ ਵਿਚ ਉਤਰੀਆਂ ਹੀ ਸਨ ਕਿ ਅੰਗ੍ਰੇਜ਼ੀ ਫ਼ੌਜਾਂ ਨੇ ਆ ਹੱਲਾ ਬੋਲਿਆ। ਸਿਖ ਫ਼ੌਜਾਂ ਦੇ ਪੂਰਬੀਏ ਜਰਨੈਲਾਂ ਨਾਲ ਕੰਪਨੀ ਦੇ ਪੋਲੀਟੀਕਲ

ਏਜੰਟਾਂ ਨੇ ਅੱਗੇ ਹੀ ਗੰਢ-ਤ੍ਰੁਪ ਕੀਤੀ ਹੋਈ ਸੀ। ਨਤੀਜਾ ਇਹ ਹੋਇਆ ਕਿ ਜੰਗ ਹਾਰੀ ਗਈ ਤੇ ਪੰਜਾਬ ਨਿਹੱਥਲ ਹੋ ਗਿਆ। ਲਾਹੌਰ ਵਿਚ ਕੰਪਨੀ ਦਾ ਰੈਜ਼ੀਡੰਟ ਬਿਠਾ ਦਿਤਾ ਗਿਆ, ਜਿਸ ਨੂੰ ਪੰਜਾਬ ਦੇ ਰਾਜ ਪ੍ਰਬੰਧ ਸੰਬੰਧੀ ਸਿਆਹੀ ਸਫ਼ੈਦੀ ਦੇ ਪੂਰੇ ਅਖ਼ਤਿਆਰ ਦਿਤੇ ਗਏ। ੧੬ ਦਸੰਬਰ ੧੮੪੬ ਦੇ ਅਹਿਦਨਾਮੇ ਅਨੁਸਾਰ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗ਼ੀ ਦੇ ਅਰਸੇ ਵਿਚ ਪੰਜਾਬ ਵਿਚ ਅਮਨ ਕਾਇਮ ਰਖਣਾ ਕੰਪਨੀ ਦੇ ਜ਼ਿਮੇਂ ਸੀ, ਜਿਸ ਲਈ ਫ਼ੌਜ ਦੇ ਖ਼ਰਚ ਵਾਸਤੇ ੨੨ ਲੱਖ ਰੁਪਿਆ ਸਾਲਾਨਾ ਮਿਲਣਾ ਪ੍ਰਵਾਨ ਹੋਇਆ, ਪਰ ੧੮੪੮-੪੯ ਦੇ ਮੁਲਤਾਨ ਆਦਿ ਦੇ ਬਲਵਿਆਂ ਨੂੰ, ਜਿਨ੍ਹਾਂ ਨੂੰ ਮਿਟਾਉਣਾ ਉਨ੍ਹਾਂ ਦੇ ਆਪਣੇ ਜ਼ਿੰਮੇ ਸੀ, ਬਿਨਾਂ ਜੰਗ ਦਾ ਐਲਾਨ ਕੀਤੇ ਸਿੱਖਾਂ-ਅੰਗ੍ਰੇਜ਼ਾਂ ਦੀ ਲੜਾਈ ਆਖ ਕੇ ਪੰਜਾਬ ਤੇ ਮਹਾਰਾਜਾ ਦਲੀਪ ਸਿੰਘ ਦੀ ਨਾਬਾਲਗ਼ੀ ਵਿਚ ਹੀ ਕਬਜ਼ਾ ਕਰ ਲਿਆ ਗਿਆ, ਹਾਲਾਂ ਕਿ ਮਹਾਰਾਜੇ ਦੀ ਹਕੂਮਤ ਇਨ੍ਹਾਂ ਬਲਵਿਆਂ ਨੂੰ ਮਿਟਾਉਣ ਲਈ ਕੰਪਨੀ ਦੀ ਸਹਾਇਤਾ ਕਰਦੀ ਤੇ ਬਾਕਾਇਦਾ ਰੈਜ਼ੀਡੈਂਟ ਦੇ ਹੁਕਮ ਵਿਚ ਚਲਦੀ ਰਹੀ ਸੀ।

੧੮੫੦ ਵਿਚ ਮਹਾਰਾਜਾ ਦਲੀਪ ਸਿੰਘ ਨੂੰ ਪੰਜਾਬ ਵਿਚੋਂ ਯੂ. ਪੀ. ਵਿਚ ਫ਼ਤੇਗੜ੍ਹ ਦੇ ਮਕਾਮ ਤੇ ਪਹੁੰਚਾ ਦਿਤਾ ਗਿਆ ਜਿਥੇ ੮ ਮਾਰਚ ੧੮੫੩ ਨੂੰ ਆਪ ਨੂੰ ਈਸਾਈ ਬਣਾਇਆ ਗਿਆ। ੧੮੫੪ ਵਿਚ ਆਪ ਇੰਗਲਿਸਤਾਨ ਗਏ ਤੇ ਉਸਤੋਂ ਬਾਅਦ ਸਾਰੀ ਉਮਰ ਆਪ ਨੇ ਯੂਰਪ ਵਿਚ ਹੀ ਗੁਜ਼ਾਰੀ। ਆਪ ਦੋ ਵਾਰੀ ਹਿੰਦੁਸਤਾਨ ਆਏ। ਇਕ ਵਾਰੀ ੧੮੬੧ ਵਿਚ ਆਪਣੀ ਮਾਤਾ ਮਹਾਰਾਣੀ ਜਿੰਦ ਕੌਰ ੧ ਨੂੰ ਮਿਲਣ ਤੇ ਨਾਲ ਵਿਲਾਇਤ ਲਿਜਾਣ ਲਈ ਤੇ ਦੂਸਰੀ ਵਾਰੀ ਉਨ੍ਹਾਂ ਦੀਆਂ ਹੱਡੀਆਂ ਹਿੰਦੁਸਤਾਨ ਦੀ ਭੂਮੀ ਵਿਚ ਰਲਾਉਣ ਲਈ।

੧੮੮੦ ਦੇ ਬਾਅਦ ਮਹਾਰਾਜਾ ਸਾਹਿਬ ਤੇ ਸਰਕਾਰ ਵਿਚ

੧ ਮਹਾਰਾਣੀ ਜਿੰਦ ਕੌਰ ਨੂੰ ਚਨਾਰ ਦੇ ਕਿਲ੍ਹੇ ਵਿਚ ਨਜ਼ਰ ਬੰਦ ਕਰ ਦਿਤਾ ਹੋਇਆ ਸੀ ਜਿਥੋਂ ਨਿਕਲ ਕੇ ਉਹ ਨੈਪਾਲ ਜਾ ਪੁਜੀ ਸੀ।

ਖਿਚੋਤਾਣ ਜ਼ਿਆਦਾ ਵਧ ਗਈ, ਪਰ ਚੂੰਕਿ ਸਰਕਾਰ ਹੀ ਉਸ ਦੀ ਜੱਜ ਭੀ ਸੀ, ਇਸ ਲਈ ਕਾਫ਼ੀ ਕੋਸ਼ਸ਼ ਤੇ ਉਡੀਕ ਦੇ ਬਾਅਦ ਭੀ ਕੋਈ ਫ਼ੈਸਲਾ ਯਾ ਸਮਝੌਤਾ ਨਾ ਹੋ ਸਕਿਆ। ਅੰਤ ਨਿਰਾਸ ਹੋ ਕੇ ਮਹਾਰਾਜਾ ਨੇ ਹਿੰਦੁਸਤਾਨ ਵਿਚ ਆ ਰਹਿਣ ਦਾ ਫ਼ੈਸਲਾ ਕਰ ਲਿਆ ਤੇ ਤਿਆਰੀ ਆਰੰਭ ਦਿਤੀ। ਮਾਤਾ ਜਿੰਦ ਕੌਰ ਦੇ ਉਪਦੇਸ਼ ਨੇ ਆਪ ਨੂੰ ਮੁੜ ਸਿਖ ਧਰਮ ਵਲ ਪ੍ਰੇਰ ਦਿੱਤਾ ਸੀ, ਇਸ ਲਈ ਹੁਣ ਆਪ ਨੇ ਹਿੰਦੁਸਤਾਨ ਪੁਜ ਕੇ ਅੰਮ੍ਰਿਤ ਛਕਣ ਦਾ ਪੱਕਾ ਇਰਾਦਾ ਕਰ ਲਿਆ।

ਇਹ ਦੋਵੇਂ ਚਿਠੀਆਂ ਇਨ੍ਹਾਂ ਦਿਨ ਵਿਚ ਹੀ ਆਪ ਨੇ ਆਪਣੇ ਇਕ ਰਿਸ਼ਤੇਦਾਰ ਸਰਦਾਰ ਸੰਤ ਸਿੰਘ, ਪਿੰਡ ਐਮਾ, ਜ਼ਿਲਾ ਅੰਮ੍ਰਿਤਸਰ ਵਾਲਿਆਂ ਨੂੰ ਲਿਖੀਆਂ ਸਨ। ਸਰਦਾਰ ਸੰਤ ਸਿੰਘ ਦੇ ਪਿਤਾ ਸਰਦਾਰ ਨਾਹਰ ਸਿੰਘ ਮਹਾਰਾਜਾ ਦੀ ਮਾਤਾ ਮਹਾਰਾਣੀ ਜਿੰਦ ਕੌਰ ਦੇ ਫੁਫੜ ਯਾ ਮਾਸੜ ਸਨ।

ਹਿੰਦੁਸਤਾਨ ਨੂੰ ਆਉਂਦੇ ਹੋਇਆਂ ਜਦ ਉਨ੍ਹਾਂ ਦਾ ਜਹਾਜ਼ ਅਪ੍ਰੈਲ ੧੮੮੬ ਨੂੰ ਅਦਨ ਬੰਦਰਗਾਹ ਤੇ ਲਗਾ ਤਾਂ ਮਹਾਰਾਜਾ ਨੂੰ ਉਥੇ ਹੀ ਰੋਕ ਲਿਆ ਗਿਆ ਤੇ ਵਲਾਇਤ ਮੁੜ ਜਾਣ ਲਈ ਹੁਕਮ ਦੇ ਦਿਤਾ ਗਿਆ। ਹੁਣ ਹਿੰਦੁਸਤਾਨ ਪੁਜਣ ਦੀ ਕੋਈ ਆਸ ਨਾ ਰਹਿਣ ਤੇ ਆਪ ਨੇ ਅਦਨ ਹੀ ਅੰਮ੍ਰਿਤ ਛਕ ਲਿਆ ਤੇ ਬਾਕਾਇਦਾ ਸਿੰਘ ਸਜ ਗਏ੧। ਯੂਰਪ ਨੂੰ ਮੁੜ ਜਾਣ ਪਿਛੋਂ ਆਪ ੧੮੯੩ ਵਿਚ ਪੈਰਿਸ ਵਿਚ ਚਲਾਣਾ ਕਰ ਗਏ।

੧ ਆਪਣੇ ਅੰਮ੍ਰਿਤ ਛਕ ਲੈਣ ਦਾ ਜ਼ਿਕਰ ਖ਼ੁਦ ਮਹਾਰਾਜਾ ਸਾਹਿਬ ਨੇ ਨੇ ਆਪਣੀ 'ਟਾਈਮਜ਼ ਔਫ ਇੰਡੀਆ' ਦੇ ਨਾਂ ਲਿਖੀ ਚਿਠੀ ਵਿਚ ਕੀਤਾ ਹੈ, ਜਿਸ ਵਿਚ ਲਿਖਿਆ ਹੈ-I was arrested at Aden without a warrant, one having been issued since I re embraced Sikhism while staying at Aden. "ਮੈਨੂੰ ਬਿਨਾਂ ਵਾਰੰਟ ਦੇ ਹੀ ਅਦਨ ਗ੍ਰਿਫ਼ਤਾਰ ਕਰ ਲਿਆ ਗਿਆ ਸੀ-ਇਕ ਵਾਰੰਟ ਉਸ ਵੇਲੇ ਜਾਰੀ ਕੀਤਾ ਗਿਆ ਜਦ ਕਿ ਅਦਨ ਵਿਚ ਠਹਿਰੇ ਹੋਏ ਮੈਂ ਸਿਖੀ ਧਰਮ ਗ੍ਰਹਿਣ ਕੀਤਾ——।"

Elveden Hall
Thetford
Suffolk.

My dear Sirdar Sunt Singh

I am very pleased to receive your letter. I thank you very much for offering me your kind services but there is nothing that I require As The British Government refuse to do me justice ~~and~~ therefore I shall leave England on the 16 of December next and take up my residence quietly at Delhi for I am poor now.

I am very pleased to find in you a relation of my dear late brother

As you are aware by this time that I have rejoined the faith of my ancestors I salute you with Wah! Gooroo jee dee Futteh and remain

Your affectionate relation

Duleep Singh

CARLTON CLUB.
PALL MALL. S.W.

My dear Sirdar jee.

Wah! Gooroo jee dee Futteh.

I am very pleased to receive your letter but I advise you not to come near me without permission of Government as you might get into trouble with the authorities.

I intend to leave England with my family on the 31 of this month but it is possible a little longer delay may occur.

I need not tell you how pleased I shall be if the Government permits for you to be present at my receiving "Pouhl" which I trust my cousin Thaker Singh Sindanwalia will administer to me.

I am now longing to return

are afraid to let me reside in the North western Provinces and desire me to ~~reside~~ live at Ootakamund but I put my faith entirely in the Satguru who now that I turn to Him for forgiveness I know will not forsake me.

Your sincere friend & wellwisher

Duleep Singh
Maharajah

March 9. 1886.

[ਉਲਥਾ ਚਿਠੀ ਨੰਬਰ ਇਕ]

ਐਲਵਿਡਨ, ਹਾਲ
ਥੈਟਫੋਰਡ ਸੱਫ਼ੋਕ

ਮੇਰੇ ਪਿਆਰੇ ਸਰਦਾਰ ਸੰਤ ਸਿੰਘ,

ਆਪ ਦੀ ਚਿਠੀ ਪੁੱਜਣ ਤੇ ਮੈਨੂੰ ਬਹੁਤ ਹੀ ਖੁਸ਼ੀ ਹੋਈ ਹੈ। ਮੈਂ ਆਪ ਦਾ ਧੰਨਵਾਦੀ ਹਾਂ ਕਿ ਆਪ ਨੇ ਆਪਣੀ ਕਿਰਪਾਲਤਾ ਭਰੀ ਸੇਵਾ ਪੇਸ਼ ਕੀਤੀ ਹੈ, ਪਰ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ। ਚੂੰਕਿ

ਸਰਕਾਰ ਅੰਗ੍ਰੇਜ਼ੀ ਮੇਰੇ ਨਾਲ ਇਨਸਾਫ ਕਰਨੋ ਨਾਂਹ ਕਰਦੀ ਹੈ, ਇਸ ਲਈ ਮੈਂ ਆਉਣ ਵਾਲੀ ੧ ਦਸੰਬਰ ਨੂੰ ਇੰਗਲਿਸਤਾਨੋਂ ਚਲ ਪਵਾਂਗਾ ਤੇ ਚੁਪ-ਚਾਪ ਦਿੱਲੀ ਰਹਾਂਗਾ, ਕਿਉਂਕਿ ਮੈਂ ਹੁਣ ਗ਼੍ਰੀਬ ਹਾਂ।

ਮੈਂ ਤੁਹਾਨੂੰ ਆਪਣੀ ਪਿਆਰੀ ਸੁਰਗਵਾਸੀ ਮਾਤਾ ਜੀ ਦਾ ਰਿਸ਼ਤੇਦਾਰ ਜਾਣ ਕੇ ਬਹੁਤ ਹੀ ਪ੍ਰਸੰਨ ਹੋਇਆ ਹਾਂ।

ਮੈਂ ਹਾਂ ਤੁਹਾਡਾ ਪਿਆਰਾ ਸੰਬੰਧੀ

ਅਕਤੂਬਰ ੭, ੧੮੮੫.

ਦਲੀਪ ਸਿੰਘ

[ਉਲਥਾ ਚਿਠੀ ਨੰਬਰ ਦੋ]

ਕਾਲਟਨ ਕਲੱਬ

ਪਾਲ-ਮਾਲ, ਐਸ. ਡਬਲਯੂ

ਮੇਰੇ ਪਿਆਰੇ ਸਰਦਾਰ ਜੀ,

ਤੁਹਾਡੀ ਚਿੱਠੀ ਮਿਲਣ ਤੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ, ਪਰ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਤੁਸੀ ਸਰਕਾਰ ਦੀ ਆਗਿਆ ਤੋਂ ਬਿਨਾਂ ਮੇਰੇ ਲਾਗੇ ਨਾ ਆਓ, ਕਿਉਂਕਿ ਸ਼ਾਇਦ ਤੁਹਾਨੂੰ ਸਰਕਾਰੀ ਕਰਮਚਾਰੀਆਂ ਵੱਲੋਂ ਕੋਈ ਤਕਲੀਫ਼ ਪੁੱਜੇ।

ਮੈਂ ਆਪਣੇ ਟੱਬਰ ਸਮੇਤ ਇਸ ਮਹੀਨੇ ਦੀ ੩੧ ਤਾਰੀਖ਼ ਨੂੰ ਇੰਗਲਿਸਤਾਨੋਂ ਤੁਰ ਪਵਾਂਗਾ, ਪਰ ਹੋ ਸਕਦਾ ਹੈ ਥੋੜੀ ਬਹੁਤ ਦੇਰ ਹੋ ਜਾਵੇ।

ਮੈਨੂੰ ਇਹ ਦੱਸਣ ਦੀ ਲੋੜ ਨਹੀਂ ਕਿ ਮੈਨੂੰ ਕਿਤਨੀ ਕੁ ਖੁਸ਼ੀ ਹੋਵੇਗੀ ਤੁਹਾਡੇ (ਜੇ ਸਰਕਾਰ ਆਗਿਆ ਦੇ ਦੇਵੇ) ਮੇਰੇ ਅੰਮ੍ਰਿਤ ਛਕਣ ਵੇਲੇ ਪੁਜਣ ਤੇ ਜੋ ਕਿ ਮੈਨੂੰ ਭਰੋਸਾ) ਹੈ ਮੇਰੇ ਚਚੇਰੇ ਵੀਰ ਠਾਕਰ ਸਿੰਘ ਸੰਧਾਵਾਲੀਏ ਛਕਾਉਣਗੇ।

ਮੈਂ ਹੁਣ ਹਿੰਦੁਸਤਾਨ ਪੁੱਜਣ ਲਈ ਤਾਂਘ ਰਿਹਾ ਹਾਂ, ਭਾਵੇਂ ਸਰਕਾਰ ਮੈਨੂੰ ਸ਼ੁਮਾਲ-ਮਗ਼ਰਬੀ ਸੂਬਿਆਂ ਵਿਚ ਰਹਿਣ ਦੇਣ ਤੋਂ ਡਰਦੀ ਹੈ ਅਤੇ ਚਾਹੁੰਦੀ ਹੈ ਕਿ ਮੈਂ ਊਟਾਕਮੰਡ ਵਿਚ ਰਹਾਂ, ਪਰ ਮੈਂ ਆਪਣਾ ਪੂਰਾ

ਨਿਸਚਾ ਸਤਿਗੁਰੂ ਤੇ ਰੱਖਿਆ ਹੋਇਆ ਹੈ ਅਤੇ ਮੈਂ ਜਾਣਦਾ ਹਾਂ ਕਿ ਹੁਣ ਜਦ ਕਿ ਮੈਂ ਮਾਫ਼ੀ ਲਈ ਉਨ੍ਹਾਂ ਦੀ ਚਰਨੀ ਪੈ ਗਿਆ ਹਾਂ, ਉਹ ਮੈਨੂੰ ਨਹੀਂ ਵਿਸਾਰਨਗੇ

ਤੁਹਾਡਾ ਸੱਚਾ ਮਿਤ੍ਰ ਤੇ ਸ਼ੁਭ-ਚਿੰਤਕ
ਦਲੀਪ ਸਿੰਘ ਮਹਾਰਾਜਾ

ਮਾਰਚ ੯, ੧੮੮੬.

ਯਾਦ ਰਖੋ

ਸਿਖ ਧਰਮ ਅਤੇ ਇਤਿਹਾਸ ਬਾਰੇ ਪੁਸਤਕਾਂ ਲਈ ਹਮੇਸ਼ਾਂ ਲਾਹੌਰ ਬੁਕ ਸ਼ਾਪ ਨੂੰ ਯਾਦ ਰਖੋ । ਬਾਬਾ ਪ੍ਰੇਮ ਸਿੰਘ, ਪ੍ਰੋ: ਤੇਜਾ ਸਿੰਘ, ਪ੍ਰੋ: ਸਾਹਿਬ ਸਿੰਘ ਡਾਕਟਰ ਸ਼ੇਰ ਸਿੰਘ ਅਤੇ ਹੋਰ ਪ੍ਰਸਿਧ ਵਿਦਵਾਨਾਂ ਦੀਆਂ ਲਿਖੀਆਂ ਪੁਸਤਕਾਂ ਦਾ ਸਟਾਕ ਸਦਾ ਸਾਡੇ ਪਾਸੋਂ ਮਿਲ ਸਕਦਾ ਹੈ, ਚਿਠੀ ਲਿਖ ਕੇ ਸੂਚੀਪਤ੍ਰ ਮੁਫ਼ਤ ਮੰਗਵਾਓ ।

ਲਾਹੌਰ ਬੁਕ ਸ਼ਾਪ

ਅੰਮ੍ਰਿਤਸਰ
ਸ਼ਹੀਦ ਮਾਰਕੀਟ

ਲਾਹੌਰ
ਨਿਸਬਤ ਰੋਡ ਤੇ
ਮੋਹਨ ਲਾਲ